
# ਪੰਜਾਬੀ ਲੋਕ ਗਾਥਾਵਾਂ
# ਜਿਨ੍ਹਾਂ ਵਣਜ ਦਿਲਾਂ ਦੇ ਕੀਤੇ



ਸੁਖਦੇਵ ਮਾਦਪੁਰੀ

ी

26-4-19

ਪੰਜਾਬੀ ਲੋਕ ਗਾਥਾਵਾਂ

# ਜਿਨ੍ਹਾਂ ਵਣਜ ਦਿਲਾਂ ਦੇ ਕੀਤੇ

*ਇਸੇ ਕਲਮ ਤੋਂ :*

**ਲੋਕ ਗੀਤ:**

ਗਾਉਂਦਾ ਪੰਜਾਬ (1959), ਫੁੱਲਾਂ ਭਰੀ ਚੰਗੇਰ (1979), ਖੰਡ ਮਿਸ਼ਰੀ ਦੀਆਂ ਡਲ਼ੀਆਂ (2003), ਲੋਕ ਗੀਤਾਂ ਦੀ ਸਮਾਜਿਕ ਵਿਆਖਿਆ (2003), ਨੈਣੀਂ ਨੀਂਦ ਨਾ ਆਵੇ (2004), ਕਿੱਕਲੀ ਕਲੀਰ ਦੀ (2008), ਸ਼ਾਵਾ ਨੀ ਬੰਬੀਹਾ ਬੋਲੇ (2008), ਬੋਲੀਆਂ ਦਾ ਪਾਵਾਂ ਬੰਗਲਾ (2009), ਕੱਲਰ ਦੀਵਾ ਮੱਚਦਾ (2010)

**ਲੋਕ ਕਹਾਣੀਆਂ:**

ਜ਼ਰੀ ਦਾ ਟੋਟਾ (1957), ਨੈਣਾਂ ਦੇ ਵਣਜਾਰੇ (1962), ਭਾਰਤੀ ਲੋਕ ਕਹਾਣੀਆਂ (1991), ਬਾਤਾਂ ਦੇਸ ਪੰਜਾਬ ਦੀਆਂ (2003), ਦੇਸ ਪ੍ਰਦੇਸ ਦੀਆਂ ਲੋਕ ਕਹਾਣੀਆਂ (2006)

**ਲੋਕ ਬੁਝਾਰਤਾਂ:**

ਲੋਕ ਬੁਝਾਰਤਾਂ (1956), ਪੰਜਾਬੀ ਬੁਝਾਰਤਾਂ (1979), ਪੰਜਾਬੀ ਬੁਝਾਰਤ ਕੋਸ਼ (2007)

**ਪੰਜਾਬੀ ਸਭਿਆਚਾਰ:**

ਪੰਜਾਬ ਦੀਆਂ ਲੋਕ ਖੇਡਾਂ (1976), ਪੰਜਾਬ ਦੇ ਮੇਲੇ ਅਤੇ ਤਿਓਹਾਰ (1995), ਆਓ ਨੱਚੀਏ (1995), ਮਹਿਕ ਪੰਜਾਬ ਦੀ (2004), ਪੰਜਾਬ ਦੇ ਲੋਕ ਨਾਇਕ (2005), ਪੰਜਾਬ ਦੀਆਂ ਵਿਰਾਸਤੀ ਖੇਡਾਂ (2005), ਪੰਜਾਬੀ ਸਭਿਆਚਾਰ ਦੀ ਆਰਸੀ (2006), ਲੋਕ ਸਿਆਣਪਾਂ (2007)

**ਨਾਟਕ:**

ਪਰਾਇਆ ਧਨ (1962)

**ਜੀਵਨੀ:**

ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ (1995)

**ਬਾਲ ਸਾਹਿਤ:**

ਜਾਦੂ ਦਾ ਸ਼ੀਸ਼ਾ (1962), ਕੇਸੂ ਦੇ ਫੁੱਲ (1962), ਸੋਨੇ ਦਾ ਬੱਕਰਾ (1962), ਬਾਲ ਕਹਾਣੀਆਂ (1992), ਆਓ ਗਾਈਏ (1992), ਮਹਾਂਬਲੀ ਰਣਜੀਤ ਸਿੰਘ (1995), ਨੇਕੀ ਦਾ ਫ਼ਲ (1995)

**ਅਨੁਵਾਦ:**

ਵਰਖਾ ਦੀ ਉਡੀਕ (1993), ਟੋਡਾ ਤੇ ਟਾਹਰ (1994), ਤਿਤਲੀ ਤੇ ਸੂਰਜਮੁਖੀਆਂ (1994)

ਪੰਜਾਬੀ ਲੋਕ ਗਾਥਾਵਾਂ

# ਜਿਨ੍ਹਾਂ ਵਣਜ ਦਿਲਾਂ ਦੇ ਕੀਤੇ

ਸੁਖਦੇਵ ਮਾਦਪੁਰੀ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

*Punjabi Lok Gathawan*

*Zinhan Wanaj Dilan De Kite*

*by:*

**Sukhdev Madpuri ©**
Smadhi Road, Khanna-141401
Ph. 01628-224704
Mob. 94630-34472

1(PR)
398.2095451
MA-P

**ISBN : 978-81-7883-971-4**

**Rs. 225/-**

**2013**

*Printing and Bound In India*

ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇ.
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਕ੍ਰਮਾਕ ਨੰ: 88457
ਮਿਤੀ 5/4/13

*Published by:*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਪੰਜਾਬ ਦੇ ਉਹਨਾਂ ਕਿੱਸਾਕਾਰਾਂ

ਨੂੰ ਸਮਰਪਿਤ

ਜਿਨ੍ਹਾਂ ਲੋਕ ਗਾਥਾਵਾਂ ਨੂੰ

ਲੋਕ ਮਾਨਸ ਤੋਂ ਸੁਣ ਕੇ

ਕਿੱਸਿਆਂ ਦੇ ਰੂਪ ਵਿਚ

ਸੰਭਾਲਿਆ ਹੈ

ਇਸ਼ਕ ਨਗੀਨਾ ਸੋਈ ਸਮਝਣ
ਜੋ ਹੋਵਣ ਆਪ ਨਗੀਨੇ
ਇਸ਼ਕ ਮੁਸ਼ਕ ਦੀ ਸਾਰ ਕੀ ਜਾਨਣ
ਕਾਇਰ ਲੋਕ ਕਮੀਨੇ
...
ਪੁੱਛ ਕੇ ਨਾ ਪੈਂਦੇ ਮਾਮਲੇ
ਨਹੁੰ ਨਾ ਲਗਦਾ ਜ਼ੋਰ
ਗੱਲਾਂ ਕਰਨ ਸੁਖਾਲੀਆਂ
ਔਖੇ ਪਾਲਣੇ ਬੋਲ

# ਤਤਕਰਾ


| | | |
|---|---|---|
| ਪ੍ਰਵੇਸ਼ | *-ਸੁਖਦੇਵ ਮਾਦਪੁਰੀ* | 9 |
| ਪੰਜਾਬੀ ਲੋਕਧਾਰਾ ਦੇ ਮੈਦਾਨ ਦਾ ਲੰਮੀ ਰੇਸ ਵਾਲ਼ਾ ਘੋੜਾ | *-ਡਾ. ਲਾਭ ਸਿੰਘ ਖੀਵਾ* | 13 |
| ਪੂਰਨ ਭਗਤ | | 21 |
| ਰਾਜਾ ਰਸਾਲੂ | | 29 |
| ਭਰਥਰੀ ਹਰੀ | | 37 |
| ਦੁੱਲਾ ਭੱਟੀ | | 48 |
| ਸੁੱਚਾ ਸਿੰਘ ਸੂਰਮਾ | | 56 |
| ਜੀਊਣਾ ਮੌੜ | | 61 |
| ਰੂਪ ਬਸੰਤ | | 71 |
| ਕੀਮਾ ਮਲਕੀ | | 85 |
| ਹੀਰ ਰਾਂਝਾ | | 94 |
| ਸੱਸੀ-ਪੁੰਨੂੰ | | 105 |
| ਮਿਰਜ਼ਾ ਸਾਹਿਬਾਂ | | 113 |
| ਸੋਹਣੀ ਮਹੀਂਵਾਲ | | 120 |
| ਕਾਕਾ ਪਰਤਾਪੀ | | 128 |
| ਸੋਹਣਾ ਜ਼ੈਨੀ | | 135 |
| ਇੰਦਰ ਬੇਗੋ | | 143 |
| ਰੋਡਾ ਜਲਾਲੀ | | 148 |
| ਸੂਚੀ ਕਿੱਸਾਕਾਰ | | 155 |
| ਪੁਸਤਕ ਸੂਚੀ | ............ | 159 |

ਹੱਡ ਜਿਨ੍ਹਾਂ ਦੇ ਪ੍ਰੀਤੀਆਂ
ਗਾਉਂਦੇ ਦੀਪਕ ਰਾਗ
ਬੱਤੀ ਵੱਟਦੇ ਉਮਰ ਦੀ
ਬਲਦੇ ਵਾਂਗ ਚਿਰਾਗ਼
(ਅੰਮ੍ਰਿਤਾ ਪ੍ਰੀਤਮ)
...
ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ
ਉਹਦਾ ਪ੍ਰੀਤ ਵੀ ਪਾਣੀ ਭਰਦੀ
ਵਿਚ ਝਨਾਵਾਂ ਦੇ
ਸੋਹਣੀ ਆਪ ਡੁੱਬੀ ਰੂਹ ਤਰਦੀ

# ਪ੍ਰਵੇਸ਼

ਬਚਪਨ ਤੋਂ ਹੀ ਲੋਕ ਗਾਥਾਵਾਂ ਮੇਰੀ ਅੰਤਰ-ਆਤਮਾ ਵਿਚ ਰਮੀਆਂ ਹੋਈਆਂ ਹਨ। ਮੇਰਾ ਬਾਪੂ ਖੇਤੀ ਦਾ ਕੰਮ ਕਰਦਿਆਂ ਅਕਸਰ ਮਿਰਜ਼ੇ ਦੀਆਂ ਕਲੀਆਂ ਲਾਉਂਦਾ। ਕਦੀ-ਕਦੀ ਮੇਰੀ ਬੇਬੇ ਚਰਖਾ ਕੱਤਦੀ ਹੋਈ ਜੋਗੀ ਬਣੇ ਰਾਂਝੇ ਦੇ ਬਿਰਤਾਂਤ ਨੂੰ ਲਟਕਾਂ ਨਾਲ਼ ਗਾਉਂਦੀ। ਤਾਈ ਪੰਜਾਬੋ ਨੇ ਜਦੋਂ "ਹਾਏ ਵੇ ਪੁੰਨੂੰ ਜ਼ਾਲਮਾ, ਦਿਲਾਂ ਦਿਆ ਮਹਿਰਮਾਂ" ਸੱਸੀ ਦਾ ਗੀਤ ਦਰਦੀਲੇ ਬੋਲਾਂ ਨਾਲ਼ ਗਾਉਣਾ ਤਾਂ ਸੱਸੀ ਪੁੰਨੂੰ ਦੀ ਦਿਲ ਹੂਲਵੀਂ ਮੁਹੱਬਤ ਨੈਣਾਂ ਅੱਗੇ ਆ ਖੜੋਂਦੀ। ਵਿਆਹ ਸ਼ਾਦੀ ਦੇ ਅਵਸਰ 'ਤੇ ਜਦੋਂ ਸਾਡੇ ਪਿੰਡਾਂ ਵਿਚ ਬਰਾਤਾਂ ਤਿੰਨ-ਤਿੰਨ ਦਿਨ ਠਹਿਰਦੀਆਂ ਸਨ ਤਾਂ ਗੱਭਲੇ ਦਿਨ ਬਰਾਤ ਨਾਲ਼ ਆਏ ਢਾਡੀਆਂ ਅਤੇ ਕਵੀਸ਼ਰਾਂ ਨੇ ਅਖਾੜੇ ਲਾਉਣੇ। ਉਨ੍ਹਾਂ ਪਾਸੋਂ ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ ਦੀਆਂ ਪ੍ਰੀਤ ਗਾਥਾਵਾਂ ਤੋਂ ਇਲਾਵਾ ਪੂਰਨ ਭਗਤ, ਰਾਜਾ ਰਸਾਲੂ, ਦੁੱਲਾ ਭੱਟੀ, ਰਾਜਾ ਭਰਥਰੀ, ਸੁੱਚਾ ਸੂਰਮਾ ਅਤੇ ਜੀਊਣਾ ਮੌੜ ਵਰਗੇ ਸੂਰਮਿਆਂ ਦੀਆਂ ਵੀਰ ਰਸੀ ਗਾਥਾਵਾਂ ਸੁਣ ਕੇ ਅਨੂਠਾ ਆਨੰਦ ਮਾਣਨਾ। ਮੇਲਿਆਂ ਮਸਾਵਿਆਂ 'ਤੇ ਵੀ ਗਮੰਤਰੀ ਅਖਾੜੇ ਲਾਉਂਦੇ ਜਿਥੇ ਉਹ ਪੰਜਾਬੀ ਲੋਕ ਗਾਥਾਵਾਂ ਗਾ ਕੇ ਸਰੋਤਿਆਂ ਦਾ ਮਨੋਰੰਜਨ ਕਰਦੇ। ਲੋਕੀ ਹੁੰਮ ਹੁੰਮਾ ਕੇ ਉਨ੍ਹਾਂ ਨੂੰ ਸੁਣਨ ਜਾਂਦੇ ਸਨ। ਪੁਰਾਣੇ ਸਮੇਂ ਤੋਂ ਹੀ ਲੋਕ ਗਾਥਾਵਾਂ ਪੰਜਾਬੀ ਲੋਕ ਮਾਨਸ ਦੇ ਮਨੋਰੰਜਨ ਦਾ ਪ੍ਰਮੁੱਖ ਸਾਧਨ ਰਹੀਆਂ ਹਨ।

ਮੈਨੂੰ ਬਚਪਨ ਤੋਂ ਹੀ ਪੁਸਤਕਾਂ ਅਤੇ ਕਿੱਸੇ ਪੜ੍ਹਨ ਦਾ ਸ਼ੌਕ ਸੀ। ਏਸੇ ਸ਼ੌਕ ਨੇ ਮੈਨੂੰ ਲੋਕ ਗਾਥਾਵਾਂ ਨਾਲ਼ ਜੋੜਿਆ... ਜਿੱਥੋਂ ਕਿਤੋਂ ਵੀ ਕੋਈ ਕਿੱਸਾ ਮਿਲਣਾ ਲੈ ਆਉਣਾ... ਇੰਜ ਕਿੱਸਿਆਂ ਦਾ ਸੰਗ੍ਰਹਿ ਬਣ ਗਿਆ। ਸ਼ੌਕ ਵਜੋਂ ਇਕ ਕਾਪੀ ਉਤੇ ਲੋਕ ਗੀਤ ਵੀ ਲਿਖ ਲੈਂਦਾ। ਮੇਰੇ ਤਾਂ ਚਿਤ ਚੇਤੇ ਵੀ ਨਹੀਂ ਸੀ ਕਿ ਮੈਂ ਇਨ੍ਹਾਂ ਲੋਕ ਗਾਥਾਵਾਂ ਨੂੰ ਵਾਰਤਕ ਰੂਪ ਵਿਚ ਪਾਠਕਾਂ ਦੇ ਰੂਬਰੂ ਕਰ ਸਕਾਂਗਾ।

ਗੱਲ ਸਾਲ 1954 ਦੀ ਹੈ, ਓਦੋਂ ਮੈਂ ਦਸਵੀਂ ਪਾਸ ਕਰਨ ਉਪਰੰਤ ਜੇ.ਬੀ.ਟੀ. ਦਾ ਕੋਰਸ ਕਰਕੇ ਅਧਿਆਪਕ ਲੱਗ ਗਿਆ ਸਾਂ। ਸਕੂਲੀ ਦਿਨਾਂ ਵਿਚ ਡੰਗਰ-ਪਸ਼ੂ ਚਾਰਦੇ ਹੋਏ ਪਾਈਆਂ ਤੇ ਸੁਣੀਆਂ ਲੋਕ ਬੋਲੀਆਂ 'ਨਾ ਮਾਰੀਂ ਵੇ ਦਲੇਲ ਗੁਜਰਾ, ਮੈਂ ਲੋਪੋਂ ਦੀ ਸੁਨਿਆਰੀ', 'ਗੱਡੀ ਜੋੜ ਕੇ ਰੁਪਾਲੋਂ ਬਾੜੀ, ਜ਼ੋਰ ਸਰਦਾਰੀ

ਦੇ' ਅਤੇ 'ਬਾਰ ਬਟਨ ਨੇ ਟੋਲੇ, ਹੱਡ ਪਰਤਾਪੀ ਦੇ' ਮੇਰੀ ਅੰਤਰ ਆਤਮਾ ਨੂੰ ਝੰਜੋੜ ਰਹੀਆਂ ਸਨ ਜਿਸ ਸਦਕਾ ਮੈਂ ਮਨ ਬਣਾ ਲਿਆ ਕਿ ਇਨ੍ਹਾਂ ਲੋਕ ਬੋਲੀਆਂ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕਰਾਂ। ਲੋਪੋਂ ਮੇਰੇ ਪਿੰਡ ਮਾਦਪੁਰ ਦਾ ਗੁਆਂਢੀ ਪਿੰਡ ਹੈ ਤੇ ਰੁਪਾਲੋਂ ਉਸ ਤੋਂ ਅਗਲੇਰਾ ਪਿੰਡ। ਮੇਰੇ ਗੁਆਂਢੀ ਪਿੰਡਾਂ ਵਿਚ ਉਨੀਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਵਾਪਰੀ 'ਕਾਕਾ ਪਰਤਾਪੀ' ਦੀ ਦਰਦਨਾਕ ਕਥਾ ਨੇ ਮੇਰੇ ਹੱਥ ਵਿਚ ਕਲਮ ਫੜਾ ਦਿੱਤੀ। ਮੈਂ ਲੋਪੋਂ, ਰੁਪਾਲੋਂ ਅਤੇ ਗੁਆਂਢੀ ਪਿੰਡਾਂ ਦੇ ਬਜ਼ੁਰਗਾਂ ਪਾਸੋਂ ਜਾ ਕੇ ਇਸ ਵਾਰਤਾ ਨੂੰ ਜਾਣਿਆਂ ਤੇ ਸੁਣਿਆਂ। ਇਸ ਤੋਂ ਬਿਨਾਂ 'ਕਾਕਾ ਪਰਤਾਪੀ' ਬਾਰੇ ਕਈ ਕਿੱਸੇ ਵੀ ਪ੍ਰਾਪਤ ਹੋ ਗਏ। ਇਸ ਆਧਾਰ 'ਤੇ ਮੈਂ ਇਕ ਲੇਖ 'ਕਾਕਾ ਪ੍ਰਤਾਪੀ ਦਾ ਕਿੱਸਾ' ਲਿਖਿਆ ਜਿਹੜਾ ਭਾਸ਼ਾ ਵਿਭਾਗ ਪੰਜਾਬ ਦੇ ਸਿਰਮੌਰ ਮਾਸਕ ਪੱਤਰ 'ਪੰਜਾਬੀ ਦੁਨੀਆਂ' ਦੇ ਨਵੰਬਰ-ਦਸੰਬਰ 1954 ਦੇ ਅੰਕ ਵਿਚ ਪ੍ਰਕਾਸ਼ਿਤ ਹੋ ਗਿਆ। ਓਦੋਂ ਮੇਰੀ ਉਮਰ ਸਾਢੇ 19 ਸਾਲ ਦੀ ਸੀ। ਆਪਣੀ ਪਹਿਲੀ ਰਚਨਾ ਦੇ ਉਸ ਸਮੇਂ ਦੇ ਪੰਜਾਬੀ ਦੇ ਸਿਰਮੌਰ ਮਾਸਕ ਪੱਤਰ ਵਿਚ ਛਪਣ ਨਾਲ਼ ਮੇਰਾ ਹੌਸਲਾ ਬੁਲੰਦ ਹੋ ਗਿਆ ਤੇ ਮੈਂ ਆਪਣੀ ਖੋਜ ਜਾਰੀ ਰਖਦਿਆਂ 'ਸੋਹਣਾ ਜ਼ੈਨੀ', 'ਇੰਦਰ ਬੇਗੋ' ਅਤੇ 'ਰੋਡਾ ਜਲਾਲੀ' ਵਰਗੀਆਂ ਮੂੰਹਜ਼ੋਰ ਮੁਹੱਬਤਾਂ ਨੂੰ ਕਿੱਸਿਆਂ 'ਤੇ ਅਧਾਰਤ ਲੇਖ ਲਿਖ ਕੇ 'ਪੰਜਾਬੀ ਦੁਨੀਆਂ', 'ਜਾਗ੍ਰਤੀ' ਅਤੇ 'ਪੰਜ ਦਰਿਆ' ਆਦਿ ਪ੍ਰਮੁੱਖ ਪੰਜਾਬੀ ਮਾਸਕ ਪੱਤਰਾਂ ਵਿਚ ਛਪਵਾ ਕੇ ਪਾਠਕਾਂ ਦੇ ਸਨਮੁਖ ਕੀਤਾ। ਇਨ੍ਹਾਂ ਰਚਨਾਵਾਂ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ। ਸ. ਸਾਧੂ ਸਿੰਘ ਹਮਦਰਦ, ਜੋ ਉਸ ਸਮੇਂ ਦੇ ਪ੍ਰਮੁੱਖ ਪੰਜਾਬੀ ਅਖ਼ਬਾਰ 'ਅਜੀਤ' ਦੇ ਮੁਖ ਸੰਪਾਦਕ ਸਨ, ਨੇ ਮੈਨੂੰ 'ਅਜੀਤ' ਲਈ ਪੰਜਾਬ ਦੀਆਂ ਸਮੁੱਚੀਆਂ ਪ੍ਰੀਤ ਗਾਥਾਵਾਂ ਲਿਖਣ ਲਈ ਪ੍ਰੇਰਿਆ ਜਿਨ੍ਹਾਂ ਨੂੰ ਮੈਂ ਲੋਕ ਗੀਤਾਂ ਦੇ ਆਧਾਰ 'ਤੇ ਲਿਖਿਆ ਤੇ ਉਹ 'ਅਜੀਤ' ਦੇ ਸਪਤਾਹਿਕ ਅੰਕਾਂ ਵਿਚ ਲੜੀਵਾਰ ਪ੍ਰਕਾਸ਼ਿਤ ਹੋਈਆਂ। ਪੰਜਾਬੀ ਦੇ ਪ੍ਰਮੁੱਖ ਕਵੀ ਸੋਹਣ ਸਿੰਘ ਮੀਸ਼ਾ ਓਦੋਂ 'ਅਕਾਸ਼ ਬਾਣੀ' ਜਲੰਧਰ ਦੇ ਪੰਜਾਬੀ ਪ੍ਰੋਗਰਾਮ ਦੇ ਪ੍ਰੋਡਿਊਸਰ ਸਨ, ਉਨ੍ਹਾਂ ਨੇ ਇਨ੍ਹਾਂ ਪ੍ਰੀਤ ਗਾਥਾਵਾਂ ਨੂੰ 'ਦੇਸ ਪੰਜਾਬ' ਪ੍ਰੋਗਰਾਮ, ਜੋ ਵਿਸ਼ੇਸ਼ ਕਰਕੇ ਪਾਕਿਸਤਾਨੀ ਸਰੋਤਿਆਂ ਲਈ ਸੀ, ਵਿਚ 'ਜਿਨ੍ਹਾਂ ਵਣਜ ਦਿਲਾਂ ਦੇ ਕੀਤੇ' ਸਿਰਲੇਖ ਅਧੀਨ ਨਾਟਕੀ ਅੰਦਾਜ਼ ਵਿਚ ਲੜੀਵਾਰ ਪ੍ਰਸਾਰਤ ਕੀਤਾ।

ਸ. ਜੀਵਨ ਸਿੰਘ ਮਾਲਕ ਲਾਹੌਰ ਬੁਕ ਸ਼ਾਪ ਲੁਧਿਆਣਾ, ਜੋ ਸਾਹਿਤ ਦੇ ਪਾਰਖੂ ਵਿਅਕਤੀ ਸਨ, ਨੇ 1962 ਵਿਚ ਮੇਰੀ ਪੁਸਤਕ 'ਨੈਣਾਂ ਦੇ ਵਣਜਾਰੇ' ਪ੍ਰਕਾਸ਼ਿਤ ਕੀਤੀ ਜਿਸ ਵਿਚ ਹੀਰ-ਰਾਂਝਾ, ਸੱਸੀ-ਪੁੰਨੂੰ, ਮਿਰਜ਼ਾ-ਸਾਹਿਬਾਂ, ਸੋਹਣੀ-ਮਹੀਂਵਾਲ, ਕਾਕਾ-ਪਰਤਾਪੀ, ਸੋਹਣਾ-ਜ਼ੈਨੀ, ਇੰਦਰ-ਬੇਗੋ ਅਤੇ ਰੋਡਾ-ਜਲਾਲੀ ਪੰਜਾਬ ਦੀਆਂ ਪ੍ਰਮੁੱਖ ਪ੍ਰੀਤ ਗਾਥਾਵਾਂ ਸ਼ਾਮਲ ਕੀਤੀਆਂ ਗਈਆਂ।

ਇਹ ਸਾਰੀਆਂ ਪ੍ਰੀਤ ਗਾਥਾਵਾਂ ਮੱਧਕਾਲ ਵਿਚ ਵਾਪਰੀਆਂ ਸਨ। ਪਹਿਲਾਂ ਇਹ ਲੋਕ ਮਾਨਸ ਦੇ ਚੇਤਿਆਂ ਵਿਚ ਸਾਂਭੀਆਂ ਹੋਈਆਂ ਸਨ। ਲੋਕ ਚੇਤਿਆਂ ਤੋਂ ਸੁਣ ਕੇ ਮੱਧਕਾਲ ਦੇ ਕਿੱਸਾਕਾਰਾਂ ਨੇ ਇਨ੍ਹਾਂ ਨੂੰ ਆਪਣੇ ਕਿੱਸਿਆਂ ਵਿਚ ਪੇਸ਼ ਕੀਤਾ ਹੈ। ਸੈਂਕੜਿਆਂ ਦੀ ਗਿਣਤੀ ਵਿਚ ਇਹ ਕਿੱਸੇ ਉਪਲਬਧ ਹਨ। ਵਾਰਸ ਦੀ ਹੀਰ, ਫ਼ਜ਼ਲ ਸ਼ਾਹ ਦੀ ਸੋਹਣੀ, ਪੀਲੂ ਦਾ ਮਿਰਜ਼ਾ ਅਤੇ ਹਾਸ਼ਮ ਦੀ ਸੱਸੀ ਪੰਜਾਬੀ ਕਿੱਸਾ-ਕਾਵਿ ਦੀਆਂ ਅਮਰ ਰਚਨਾਵਾਂ ਹਨ।

ਮੱਧਕਾਲੀਨ ਕਾਲ ਦੀਆਂ ਇਨ੍ਹਾਂ ਮੁਹੱਬਤੀ ਰੂਹਾਂ ਨੇ ਆਪਣੀ ਮੁਹੱਬਤ ਦੀ ਪੂਰਤੀ ਲਈ ਉਸ ਸਮੇਂ ਦੇ ਸਮਾਜ ਦਾ ਬੜੀ ਬਹਾਦਰੀ ਨਾਲ਼ ਟਾਕਰਾ ਕੀਤਾ ਹੈ- ਨਾ ਕੋਈ ਧਰਮ, ਨਾ ਜ਼ਾਤ, ਨਾ ਗੋਤ ਅਤੇ ਨਾ ਅਮੀਰੀ ਗ਼ਰੀਬੀ ਦਾ ਪਾੜਾ ਉਨ੍ਹਾਂ ਦੇ ਮਿਲਾਪ ਨੂੰ ਰੋਕ ਨਹੀਂ ਸਕਿਆ। ਉਨ੍ਹਾਂ ਨੇ ਸਮਾਜੀ ਬੰਦਸ਼ਾਂ ਨੂੰ ਤੋੜ ਕੇ ਆਪਣੇ ਇਸ਼ਕ ਨੂੰ ਤੋੜ ਨਿਭਾਇਆ ਹੈ। ਅਸਲ ਵਿਚ ਉਨ੍ਹਾਂ ਨੇ ਆਪਣੇ ਤੌਰ 'ਤੇ ਸ਼ਖ਼ਸ਼ੀ ਆਜ਼ਾਦੀ ਦੀ ਲੜਾਈ ਲੜ ਕੇ ਇਤਿਹਾਸ ਸਿਰਜਿਆ ਹੈ। ਸੱਚਮੁਚ ਹੀ ਉਹ ਅਜਿਹੇ ਮਰਜੀਵੜੇ ਸਨ ਜਿਨ੍ਹਾਂ ਨੇ ਅਪਣੀ ਨਿੱਜੀ ਆਜ਼ਾਦੀ ਲਈ ਉਸ ਸਮੇਂ ਦੇ ਸਮਾਜ ਦਾ ਟਾਕਰਾ ਆਪਣੀਆਂ ਜਾਨਾਂ ਵਾਰ ਕੇ ਕੀਤਾ। ਲੋਕ ਨਾਇਕ ਵਜੋਂ ਨਿਭਾਏ ਇਤਿਹਾਸਕ ਰੋਲ ਕਰਕੇ ਹੀ ਪੰਜਾਬ ਦਾ ਲੋਕ ਮਾਨਸ ਉਨ੍ਹਾਂ ਨੂੰ ਆਪਣੇ ਚੇਤਿਆਂ ਵਿਚ ਵਸਾਈ ਬੈਠਾ ਹੈ ਅਤੇ ਅੱਜ ਵੀ ਸਾਂਦਲ ਬਾਰ ਦੇ ਲੋਕ ਹੀਰ ਨੂੰ 'ਮਾਈ ਹੀਰ' ਤੇ ਰਾਂਝੇ ਨੂੰ 'ਮੀਆਂ ਰਾਂਝੇ' ਦੇ ਲਕਬ ਨਾਲ਼ ਯਾਦ ਕ਼ਰਦੇ ਹਨ।

ਪੁਰਾਣੇ ਸਮੇਂ ਤੋਂ ਹੀ ਪੰਜਾਬ ਬਦੇਸ਼ੀ ਹਮਲਾਵਰਾਂ ਦਾ ਮੁਖ ਦੁਆਰ ਹੋਣ ਕਰਕੇ ਪੰਜਾਬੀਆਂ ਨੂੰ ਬਦੇਸ਼ੀ ਹਮਲਾਵਰਾਂ ਨਾਲ਼ ਜੂਝਣਾ ਪਿਆ ਹੈ। ਨਿੱਤ ਦੀਆਂ ਲੜਾਈਆਂ ਕਾਰਨ ਪੰਜਾਬੀਆਂ ਦੇ ਖ਼ੂਨ ਵਿਚ ਸੂਰਮਗਤੀ ਅਤੇ ਬਹਾਦਰੀ ਦੇ ਅੰਸ਼ ਸਮੋਏ ਹੋਏ ਹਨ। ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲ਼ੇ ਪੰਜਾਬੀ ਜਿੱਥੇ ਮੁਹੱਬਤੀ ਰੂਹਾਂ ਨੂੰ ਪਿਆਰ ਕਰਦੇ ਹਨ ਓਥੇ ਉਹ ਉਨ੍ਹਾਂ ਯੋਧਿਆਂ, ਸੂਰਬੀਰਾਂ ਦੀਆਂ ਵਾਰਾਂ ਵੀ ਗਾਉਂਦੇ ਹਨ ਜੋ ਆਪਣੇ ਸਮਾਜ, ਭਾਈਚਾਰੇ, ਸਵੈ ਅਣਖ ਅਤੇ ਸਵੈਮਾਨ ਲਈ ਜੂਝਦੇ ਹੋਏ ਸੂਰਮਤਾਈ ਵਾਲ਼ੇ ਕਾਰਨਾਮੇ ਕਰ ਵਿਖਾਉਂਦੇ ਹਨ। ਇਹ ਸੂਰਬੀਰ ਯੋਧੇ ਜਨ ਸਾਧਾਰਨ ਲਈ ਇਕ ਆਦਰਸ਼ ਸਨ ਤੇ ਲੋਕ ਕਵੀ ਇਨ੍ਹਾਂ ਨਾਇਕਾਂ ਦੇ ਜੀਵਨ ਵੇਰਵਿਆਂ ਨੂੰ ਅਪਣੇ ਕਿੱਸਿਆਂ ਰਾਹੀਂ ਮਨੋਹਰ ਅੰਦਾਜ ਵਿਚ ਬਿਆਨ ਕਰਦੇ ਰਹੇ ਹਨ। ਕਾਫੀ ਲੰਮਾ ਸਮਾਂ ਆਸ਼ਕਾਂ ਅਤੇ ਸੂਰਮਿਆਂ ਦੇ ਕਿੱਸੇ ਪੰਜਾਬੀ ਮਹਿਫ਼ਲਾਂ ਦਾ ਸ਼ਿੰਗਾਰ ਰਹੇ ਹਨ। ਪੂਰਨ ਭਗਤ, ਰਾਜਾ ਰਸਾਲੂ, ਭਰਥਰੀ ਹਰੀ, ਦੁੱਲਾ ਭੱਟੀ, ਸੁੱਚਾ ਸੂਰਮਾ, ਜੱਗਾ ਡਾਕੂ ਅਤੇ ਜੀਊਣਾ ਮੌੜ ਪੰਜਾਬੀਆਂ ਦੇ ਹਰਮਨ ਪਿਆਰੇ ਨਾਇਕ ਹਨ। ਇਨ੍ਹਾਂ ਸੂਰਬੀਰ ਯੋਧਿਆਂ ਨੂੰ ਮੈਂ ਆਪਣੀ 2005 ਵਿਚ ਪ੍ਰਕਾਸ਼ਿਤ ਹੋਈ ਪੁਸਤਕ 'ਪੰਜਾਬ ਦੇ ਲੋਕ ਨਾਇਕ' ਵਿਚ ਸ਼ਾਮਲ ਕੀਤਾ ਹੈ।

ਨਵੰਬਰ 2010 ਵਿਚ ਮੈਂ 'ਪੰਜਾਬੀ ਟ੍ਰਿਬਿਊਨ' ਦੇ 'ਲੋਕ ਰੰਗ' ਅੰਕ ਲਈ ਲੜੀਵਾਰ ਕਾਲਮ 'ਲੋਕ ਗਾਥਾ' ਲਿਖਣਾ ਸ਼ੁਰੂ ਕੀਤਾ ਸੀ। ਮੇਰੀ ਵਿਉਂਤ 'ਕੀਮਾ ਮਲਕੀ', 'ਰਾਜਾ ਰਸਾਲੂ', 'ਪੂਰਨ ਭਗਤ', 'ਦੁੱਲਾ ਭੱਟੀ' ਅਤੇ 'ਜੀਊਣਾ ਮੌੜ' ਲੋਕ ਗਾਥਾਵਾਂ ਪ੍ਰਸਤੁਤ ਕਰਨ ਦੀ ਹੀ ਸੀ ਪਰੰਤੂ ਇਸ ਕਾਲਮ ਨੂੰ ਦੇਸ ਬਦੇਸ ਦੇ ਪਾਠਕਾਂ ਨੇ ਐਨਾ ਪਸੰਦ ਕੀਤਾ ਕਿ ਉਨ੍ਹਾਂ ਨੇ ਮੈਨੂੰ ਪੰਜਾਬ ਦੀਆਂ ਸਮੁੱਚੀਆਂ ਲੋਕ ਗਾਥਾਵਾਂ ਦਾ ਪੁਨਰ ਕਥਨ ਕਰਕੇ ਇਸੇ ਕਾਲਮ ਅਧੀਨ ਪ੍ਰਕਾਸ਼ਿਤ ਕਰਨ ਲਈ ਮਜਬੂਰ ਕਰ ਦਿੱਤਾ। ਪਾਠਕਾਂ ਦੀ ਪੁਰਜ਼ੋਰ ਮੰਗ ਅਤੇ ਮੁਹੱਬਤ ਸਦਕਾ ਮੈਂ ਉਹ ਸਾਰੀਆਂ ਲੋਕ ਗਾਥਾਵਾਂ ਜਿਨ੍ਹਾਂ ਨੂੰ ਪਹਿਲਾਂ ਕਿੱਸਿਆਂ ਅਤੇ ਲੋਕ ਗੀਤਾਂ ਦੇ ਆਧਾਰ 'ਤੇ ਲਿਖਿਆ ਸੀ, ਮੁੜ ਨਵੇਂ-ਸਿਰਿਉਂ ਸੋਧ ਕੇ ਲਿਖੀਆਂ ਅਤੇ ਇਨ੍ਹਾਂ ਤੋਂ ਇਲਾਵਾ ਦੋ ਚਰਚਿਤ ਲੋਕ ਗਾਥਾਵਾਂ 'ਰੂਪ ਬਸੰਤ' ਅਤੇ 'ਭਰਥਰੀ ਹਰੀ' ਨੂੰ ਪਹਿਲੀ ਵਾਰ ਲਿਖਿਆ ਜਿਨ੍ਹਾਂ ਨੂੰ 'ਪੰਜਾਬੀ ਟ੍ਰਿਬਿਊਨ' ਨੇ ਸੁਚਿੱਤਰ ਕਰਕੇ ਪਾਠਕਾਂ ਦੇ ਰੂਬਰੂ ਕੀਤਾ ਹੈ। ਇਨ੍ਹਾਂ ਸਾਰੀਆਂ ਲੋਕ ਗਾਥਾਵਾਂ ਨੂੰ ਅੱਗੋਂ ਕੈਨੇਡਾ, ਅਮਰੀਕਾ, ਬਰਤਾਨੀਆ ਅਤੇ ਆਸਟਰੇਲੀਆ ਵਿਚ ਛਪਦੇ ਪੰਜਾਬੀ ਅਖ਼ਬਾਰਾਂ ਅਤੇ ਰਸਾਲਿਆਂ ਨੇ ਮੁੜ ਪ੍ਰਕਾਸ਼ਿਤ ਕੀਤਾ ਹੈ।

ਲੋਕ ਗਾਥਾਵਾਂ ਪੰਜਾਬੀ ਵਿਰਾਸਤ ਦਾ ਵੱਡਮੁੱਲਾ ਸਰਮਾਇਆ ਹਨ, ਜਿਨ੍ਹਾਂ ਵਿਚ ਪੰਜਾਬ ਦੀ ਆਤਮਾ ਵਿਦਮਾਨ ਹੈ। ਇਹ ਚਸ਼ਮੇ ਦੇ ਪਾਣੀ ਵਾਂਗ ਅੱਜ ਵੀ ਸਜਰੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ/ਸੁਣ ਕੇ ਪੰਜਾਬੀ ਮਨ ਆਤਮਕ ਅਤੇ ਬੋਧਕ ਆਨੰਦ ਪ੍ਰਾਪਤ ਕਰਦਾ ਹੈ।

***-ਸੁਖਦੇਵ ਮਾਦਪੁਰੀ***

*ਸਮਾਧੀ ਰੋਡ, ਖੰਨਾ*

*ਜ਼ਿਲ੍ਹਾ ਲੁਧਿਆਣਾ*

*ਮਿਤੀ 15.02.2012*

# ਪੰਜਾਬੀ ਲੋਕਧਾਰਾ ਦੇ ਮੈਦਾਨ ਦਾ ਲੰਮੀ ਰੇਸ ਵਾਲ਼ਾ ਘੋੜਾ: ਸੁਖਦੇਵ ਮਾਦਪੁਰੀ

ਆਲਮੀ ਪੱਧਰ 'ਤੇ 1711 ਈ. ਵਿਚ ਬਿਸ਼ਪ ਥੋਮਸ ਪੇਰੀ ਦੇ ਯਤਨਾਂ ਨਾਲ਼ ਭਾਵੇਂ ਲੋਕਧਾਰਾ ਦੀ ਪਹਿਚਾਣ ਅਤੇ ਇਸ ਦੇ ਸੰਭਾਲਣ 'ਤੇ ਇਕੱਤਰੀ-ਕਰਨ ਦਾ ਕਾਰਜ ਆਰੰਭ ਹੋ ਚੁੱਕਿਆ ਸੀ ਪਰੰਤੂ ਭਾਰਤੀ ਪੱਧਰ 'ਤੇ 1784 ਈ. ਵਿਚ ਸਰ ਵਿਲੀਅਮ ਜ਼ੋਨਜ਼ ਵਲੋਂ ਸਥਾਪਤ ਕੀਤੀ ਗਈ 'ਏਸ਼ੀਆਟਕ ਸੋਸਾਇਟੀ ਆਫ਼ ਬੰਗਾਲ' ਦੀ ਪਹਿਲ ਕਦਮੀ ਨੇ ਇਸ ਕਾਰਜ ਨੂੰ ਹੱਥ ਪਾਇਆ। ਅੰਗਰੇਜ਼ੀ ਹਕੂਮਤ ਦੌਰਾਨ ਭਾਰਤ ਦੇ ਵਿਭਿੰਨ ਖਿੱਤਿਆਂ ਦੇ ਲੋਕਾਂ ਦੀ ਮਾਨਸਿਕਤਾ ਸਮਝਣ ਲਈ ਤਤਕਾਲੀ ਨੌਕਰਸ਼ਾਹੀ ਨੇ ਵੀ ਇਸ ਕਾਰਜ ਲਈ ਨੀਤੀਗਤ ਫ਼ੈਸਲੇ ਲਏ। ਇਸ ਕਾਰਜ ਦੀ ਮਹੱਤਤਾ ਤੇ ਸਾਰਥਿਕਤਾ ਤੋਂ ਜਾਣੂੰ ਹੋ ਕੇ ਭਾਰਤੀ ਲੋਕਾਂ ਨੇ ਵੀ ਆਪਣੀ ਪੱਧਰ 'ਤੇ ਇਸ ਖੇਤਰ ਵਿਚ ਦਿਲਚਸਪੀ ਲਈ ਤੇ ਸਰਗਰਮੀ ਸ਼ੁਰੂ ਕੀਤੀ। ਪੰਜਾਬੀ ਵਿਚ ਦੇਵਿੰਦਰ ਸਤਿਆਰਥੀ, ਡਾ. ਮਹਿੰਦਰ ਸਿੰਘ ਰੰਧਾਵਾ, ਕਰਤਾਰ ਸਿੰਘ ਸ਼ਮਸ਼ੇਰ, ਹਰਜੀਤ ਸਿੰਘ, ਅਵਤਾਰ ਸਿੰਘ ਦਲੇਰ ਆਦਿ ਨੇ ਇਸ ਕਾਰਜ ਦਾ ਬੀੜਾ ਚੁੱਕਿਆ ਸੀ। ਇਸ ਮੈਦਾਨ ਵਿਚ ਅੰਮ੍ਰਿਤਾ ਪ੍ਰੀਤਮ ਤੇ ਸੰਤੋਖ ਸਿੰਘ ਧੀਰ ਵਰਗੇ ਪੰਜਾਬੀ ਦੇ ਸਿਰਜਨਾਤਮਕ ਲੇਖਕ ਵੀ ਆ ਉੱਤਰੇ ਅਤੇ ਸ਼ੇਰ ਸਿੰਘ ਸ਼ੇਰ, ਡਾ. ਸੁਰਿੰਦਰ ਸਿੰਘ ਵਣਜਾਰਾ ਬੇਦੀ ਤੇ ਸੁਖਦੇਵ ਮਾਦਪੁਰੀ ਜਿਹੇ ਖੋਜੀ ਵੀ ਆ ਨਿੱਤਰੇ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਅਕਾਦਮਿਕ ਲੋੜਾਂ ਦੀ ਪੂਰਤੀ ਹਿਤ ਲੋਕਧਾਰਾ ਦੇ ਅਧਿਐਨ, ਅਧਿਆਪਨ ਤੇ ਵਿਸ਼ਲੇਸ਼ਣ ਦਾ ਵੀ ਰੁਝਾਨ ਸ਼ੁਰੂ ਹੁੰਦਾ ਹੈ। ਇਸ ਸੰਦਰਭ ਵਿਚ ਡਾ. ਕਰਨੈਲ ਸਿੰਘ ਥਿੰਦ ਦਾ ਨਾਂ ਲਿਆ ਜਾ ਸਕਦਾ ਹੈ। ਡਾ. ਵਣਜਾਰਾ ਬੇਦੀ ਨੇ ਪੰਜਾਬੀ ਲੋਕਧਾਰਾ ਨੂੰ ਇਕੱਤਰ ਤਾਂ ਕੀਤਾ ਹੀ ਹੈ, ਨਾਲ਼ ਨਾਲ਼ ਇਸ ਦੇ ਵਿਸ਼ਲੇਸ਼ਣ ਦਾ ਕੰਮ ਵੀ ਜਾਰੀ ਰੱਖਿਆ। ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਕੁੱਦੇ ਇਹ ਸਭ ਸਾਡੇ ਮੁੱਢਲੇ ਖੋਜੀ-ਵਿਦਵਾਨ ਤੇ ਚਿੰਤਕ ਸਨ, ਜਿਹੜੇ ਲੋਕ ਅਕਾਦਮਿਕ ਲੋੜਾਂ ਤੋਂ ਨਿਰਲੇਪ ਤੇ ਇਸ ਖੇਤਰ ਵਿਚ ਨਿਰੋਲ ਪਾਂਧੀਆਂ ਤੇ ਵਣਜਾਰਿਆਂ ਵਾਂਗ ਨਿੱਤਰੇ। ਇਨ੍ਹਾਂ ਤੋਂ ਬਾਅਦ ਚੰਗੇ ਭਾਗਾਂ ਨੂੰ, ਗਿਣਨਾਤਮਕ ਤੇ ਗੁਣਾਤਮਕ ਪੱਧਰ 'ਤੇ, ਇਸ ਖੇਤਰ ਦੇ ਪ੍ਰਬੀਨ ਅਧਿਆਪਕ ਪ੍ਰਤੀਬੱਧ ਖੋਜੀ ਤੇ ਪ੍ਰਬੁੱਧ ਵਿਦਵਾਨ ਉਪਲਬਧ ਹੁੰਦੇ ਹਨ। ਅਧਿਆਪਨ ਦੀ ਪੱਧਰ 'ਤੇ ਕੋਈ ਨਵੀਂ ਪੀੜ੍ਹੀ ਨੂੰ ਇਸ ਖੇਤਰ

ਲਈ ਤਿਆਰ ਕਰ ਰਿਹਾ ਹੈ, ਕੋਈ ਅਧਿਐਨ ਤੇ ਵਿਸ਼ਲੇਸ਼ਣ ਵਿਚ ਰੁਝਿਆ ਹੋਇਆ ਹੈ ਤੇ ਕੋਈ ਖੇਤਰੀ ਕਾਰਜ ਦਾ ਖੋਜੀ ਹੈ। ਕਈ ਸਾਡੇ ਸਿਰਜਨਾਤਮਕ ਲੇਖਕ ਵੀ ਇਸ ਖੇਤਰ ਵਿਚ ਕਾਰਜਸ਼ੀਲ ਹਨ। ਪਰ ਇਨ੍ਹਾਂ ਵਿਚੋਂ ਬਹੁਤੇ ਅਕਾਦਮਿਕ ਖਪਤਕਾਰੀ (Acadmic Consumerism) ਤਕ ਹੀ ਸੀਮਤ ਹਨ। ਅੱਜ ਪੰਜਾਬੀ ਲੋਕਧਾਰਾ ਦੇ ਇਹ ਖੋਜੀ ਤੇ ਸ਼ਾਸਤਰੀ ਬਹੁਤ ਘੱਟ ਹਨ, ਜਿਹੜੇ ਸਾਡੇ ਮੁਢਲੇ ਰਮਤਿਆਂ ਦੇ ਪਦ-ਚਿੰਨ੍ਹਾਂ ਉਤੇ ਚੱਲਣ ਵਾਲ਼ੇ ਹੋਣ। ਸ਼ੁਰੂ ਤੋਂ ਲੈ ਕੇ ਹੁਣ ਤਕ ਇਸ ਖੇਤਰ ਵਿਚ ਵਿਚਰਦੇ ਕਈ ਬਜ਼ੁਰਗ ਖੋਜੀ ਵਫ਼ਾਤ ਪਾ ਚੁੱਕੇ ਹਨ, ਕੁਝ ਆਪਣੀਆਂ ਸੰਭਾਵਨਾਵਾਂ ਤੇ ਸੀਮਾਵਾਂ ਹੰਢਾ ਚੁੱਕੇ ਹਨ ਅਤੇ ਕਈ ਅਕਾਦਮਿਕ ਤਰੱਕੀਆਂ ਤੇ ਪਦਵੀਆਂ ਦੀ ਮੰਜ਼ਿਲ ਦੇ ਰਾਹੀ ਹਨ। ਇਨ੍ਹਾਂ ਵੈਟਰਨ (Vateran) ਖੋਜੀਆਂ ਵਿਚੋਂ ਸਾਡੇ ਕੋਲ਼ ਸੁਖਦੇਵ ਮਾਦਪੁਰੀ ਹੀ ਬਾਕੀ ਹੈ, ਜਿਹੜਾ 1954 ਈਸਵੀ ਤੋਂ ਇਸੇ ਖੇਤਰ ਨਾਲ਼ ਜੁੜਿਆ ਹੋਇਆ ਹੈ। 77 ਸਾਲ ਦੀ ਉਮਰ ਵਿਚ ਵੀ ਉਹ ਪੰਜਾਬੀ ਲੋਕਧਾਰਾ ਦੇ ਬਾਗ਼ ਦਾ ਅਣਥੱਕ ਅਤੇ ਸੁਹਿਰਦ ਮਾਲੀ ਹੈ। ਉਸ ਦੀਆਂ ਨਾ ਸੰਭਾਵਨਾਵਾਂ ਮੁੱਕੀਆਂ ਹਨ ਤੇ ਨਾ ਹੀ ਸੀਮਾਵਾਂ ਦਿਖਾਈ ਦਿੰਦੀਆਂ ਹਨ। ਅਕਾਦਮਿਕ ਉਪਭੋਗਤਾ ਤੋਂ ਉਹ ਨਿਰਲੇਪ ਤੇ ਅਟੰਕ ਹੈ।

ਦਰਅਸਲ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਵਿਚਰ ਰਿਹਾ ਸੁਖਦੇਵ ਮਾਦਪੁਰੀ 12 ਜੂਨ 1935 ਵਿਚ ਪਿੰਡਾਂ ਦਾ ਜਾਇਆ ਬਣ ਕੇ ਪਿੰਡ ਮਾਦਪੁਰ, ਤਹਿਸੀਲ ਸਮਰਾਲਾ ਤੇ ਜ਼ਿਲ੍ਹਾ ਲੁਧਿਆਣਾ ਵਿਚ ਰਹਿ ਕੇ ਪਿੰਡਾਂ ਦੀ ਮਿੱਟੀ ਨਾਲ਼ ਜੁੜਿਆ ਰਿਹਾ ਹੈ। ਬਚਪਨ ਪਿੰਡਾਂ ਵਿਚ ਗੁਜ਼ਾਰਿਆ, ਪੜ੍ਹਾਈ ਪਿੰਡਾਂ ਵਿਚ ਕੀਤੀ ਅਤੇ 1954 ਤੋਂ 1978 ਤਕ ਪਿੰਡਾਂ ਵਿਚ ਹੀ ਪੜ੍ਹਾਇਆ। ਇਸ ਪਰਿਵੇਸ਼ ਵਿਚੋਂ ਹੀ ਪੰਜਾਬੀ ਲੋਕਧਾਰਾ ਨਾਲ਼ ਉਸ ਦਾ ਗੂੜ੍ਹਾ ਤੇ ਪੀਡਾ ਰਿਸ਼ਤਾ ਬਣਦਾ ਤੇ ਉਸਰਦਾ ਹੈ। ਬਚਪਨ ਵਿਚ ਸਭ ਤੋਂ ਪਹਿਲਾਂ ਬੇਬੇ, ਤਾਈ ਤੇ ਬਾਪੂ ਦੇ ਮੂੰਹੋਂ ਸੁਣੇ ਲੋਕ ਗੀਤਾਂ ਦੀ ਸੁਗੰਧੀ ਮਾਦਪੁਰੀ ਦੀ ਨਾੜ ਨਾੜ ਵਿਚ ਪ੍ਰਵੇਸ਼ ਕਰ ਗਈ। ਇਹ ਫਿਰ ਹੌਲ਼ੀ-ਹੌਲ਼ੀ ਅੱਖਰਾਂ ਵਿਚ ਰਲ਼ ਕੇ ਕਿਤਾਬੀ ਰੂਪ ਲੈਂਦੀ ਰਹੀ। ਗੁਆਂਢਣ ਤਾਈ ਤੋਂ 'ਮੁਗਲਾਂ ਨੇ ਘੋੜਾ ਘੀੜਿਆ, ਸੁੰਦਰੀ ਪਾਣੀ ਨੂੰ ਜਾਏ' ਇਤਿਹਾਸਕ ਲੋਕਗੀਤ ਸੁਣ ਕੇ ਉਸ ਨੇ 1954 ਵਿਚ 'ਪੰਜਾਬੀ ਦੁਨੀਆਂ' ਰਸਾਲੇ ਵਿਚ ਭੇਜਿਆ ਤੇ ਛਪ ਗਿਆ। ਇਕ ਹੋਰ ਲੰਮਾ ਗੀਤ 'ਸੱਸੇ ਟੇਰਨ ਟੇਰਦੀਏ, ਨੀ ਘਰ ਆਈਦਾ ਵੀਰ, ਸੋਨੇ ਦਾ ਤੀਰ, ਕੰਨ੍ਹੇ ਤਲਵਾਰ, ਘੋੜੇ ਅਸਵਾਰ, ਨੀ ਮੈਂ ਜਾਨੀ ਆ ਪਿਓ ਕੇ" ਸਕੀ ਤਾਈ ਤੋਂ ਲੈ ਕੇ ਉਸ ਨੇ 'ਤ੍ਰਿੰਜਣ ਦਾ ਇਕ ਗੀਤ' ਨਾਮੀ ਲੇਖ ਲਿਖ ਕੇ 1955 ਵਿਚ ਜਾਗ੍ਰਤੀ ਨੂੰ ਭੇਜਿਆ ਤੇ ਇਹ ਵੀ ਛਪ ਗਿਆ। 'ਪੰਜਾਬੀ ਦੁਨੀਆਂ' ਤੇ 'ਜਾਗ੍ਰਿਤੀ' ਦੇ ਤਤਕਾਲੀ ਸੰਪਾਦਕ ਕ੍ਰਮਵਾਰ ਪ੍ਰੋ. ਪਿਆਰਾ ਸਿੰਘ ਪਦਮ ਤੇ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੇ ਪ੍ਰੇਰਨਾਮਈ ਤੇ ਹੌਸਲਾ

ਵਧਾਊ ਖ਼ਤਾਂ ਨੇ ਮਾਦਪੁਰੀ ਨੂੰ ਸਦਾ ਸਦਾ ਲਈ ਲੋਕਧਾਰਾ ਦੇ ਖੇਤਰ ਵਿਚ ਜੋੜ ਦਿੱਤਾ।

1956 ਈਸਵੀ ਵਿਚ ਸੁਖਦੇਵ ਮਾਦਪੁਰੀ ਦੀ ਪਲੇਠੀ ਪੁਸਤਕ 'ਲੋਕ ਬੁਝਾਰਤਾਂ' ਲਾਹੌਰ ਬੁੱਕ ਸ਼ਾਪ ਲੁਧਿਆਣਾ ਦਾ ਮਾਲਕ ਜੀਵਨ ਸਿੰਘ ਖ਼ੁਸ਼ੀ ਖ਼ੁਸ਼ੀ ਪ੍ਰਕਾਸ਼ਿਤ ਕਰਦਾ ਹੈ। 1957 ਵਿਚ ਉਸ ਦੀ ਦੂਜੀ ਲੋਕ ਕਹਾਣੀਆਂ ਦੀ ਪੁਸਤਕ 'ਜ਼ਰੀ ਦਾ ਟੋਟਾ' ਵੀ ਇਹੀ ਪ੍ਰਕਾਸ਼ਕ ਛਾਪਦਾ ਹੈ। ਇਸ ਲੋਕਧਾਰਾ ਖੋਜੀ ਦਾ ਪਹਿਲਾ ਲੋਕ ਗੀਤਾਂ ਦਾ ਸੰਗ੍ਰਹਿ 1959 ਵਿਚ 'ਗਾਉਂਦਾ ਪੰਜਾਬ' ਪ੍ਰਕਾਸ਼ਿਤ ਹੁੰਦਾ ਹੈ। ਇਸ ਤਰ੍ਹਾਂ ਪੰਜਾਬੀ ਲੋਕ ਸਾਹਿਤ ਦੀਆਂ ਤਿੰਨ ਵੰਨਗੀਆਂ- ਲੋਕ ਗੀਤ, ਲੋਕ ਕਹਾਣੀਆਂ ਤੇ ਬੁਝਾਰਤਾਂ ਨਾਲ਼ ਸਬੰਧਿਤ ਉਸ ਦੀਆਂ ਤਿੰਨ ਪੁਸਤਕਾਂ 24 ਸਾਲ ਦੀ ਉਮਰ ਵਿਚ ਛਪ ਜਾਂਦੀਆਂ ਹਨ। ਪੰਜਾਬੀ ਲੋਕਧਾਰਾ ਦੇ ਖੇਤਰ ਨੂੰ ਵਿਸਤਾਰਦਾ ਹੋਇਆ ਉਹ ਪੰਜਾਬੀ ਲੋਕ ਖੇਡਾਂ ਉਤੇ ਵੀ 1976 ਵਿਚ 'ਪੰਜਾਬ ਦੀਆਂ ਲੋਕ ਖੇਡਾਂ' ਪੁਸਤਕ ਪ੍ਰਕਾਸ਼ਿਤ ਕਰਾਉਂਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ 1959 ਤੇ 1976 ਦੌਰਾਨ ਉਹ ਚੁਪ ਬੈਠਾ ਰਿਹਾ। ਉਸ ਨੇ 'ਲਾਹੌਰ ਬੁੱਕ ਸ਼ਾਪ' ਤੇ ਪ੍ਰੀਤ ਨਗਰ ਵਲੋਂ ਕ੍ਰਮਵਾਰ ਨਿਕਲਦੇ ਰਸਾਲੇ 'ਬਾਲ ਦਰਬਾਰ' ਤੇ 'ਬਾਲ ਸੰਦੇਸ਼' ਤੋਂ ਪ੍ਰਭਾਵਿਤ ਹੋ ਕੇ 1962 ਵਿਚ ਹੀ 'ਜਾਦੂ ਦਾ ਸ਼ੀਸ਼ਾ', 'ਕੇਸੂ ਦੇ ਫੁੱਲ' ਤੇ 'ਸੋਨੇ ਦਾ ਬੱਕਰਾ' ਸਿਰਲੇਖਾਂ ਦੀਆਂ ਤਿੰਨ ਪੁਸਤਕਾਂ ਨਾਲ਼ ਬਾਲ ਸਾਹਿਤ ਵਿਚ ਧਮਾਕਾਖੇਜ਼ ਪ੍ਰਵੇਸ਼ ਕੀਤਾ। 1962 ਵਿਚ ਹੀ ਉਸ ਨੇ 'ਪਰਾਇਆ ਧਨ' ਨਾਟਕ ਤੇ 'ਨੈਣਾਂ ਦੇ ਵਣਜਾਰੇ' ਲੋਕ ਕਹਾਣੀ ਸੰਗ੍ਰਹਿ ਦੀਆਂ ਪੁਸਤਕਾਂ ਲੋਕ ਅਰਪਣ ਕੀਤੀਆਂ। 1993 ਵਿਚ 'ਵਰਖਾ ਦੀ ਉਡੀਕ' ਤੇ 1995 ਵਿਚ 'ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ' ਨਾਮੀ ਪੁਸਤਕਾਂ ਉਸ ਦੇ ਕ੍ਰਮਵਾਰ ਅਨੁਵਾਦ ਤੇ ਜੀਵਨੀ ਸਾਹਿਤ ਵਿਚ ਪਾਏ ਯੋਗਦਾਨ ਦੀਆਂ ਲਖਾਇਕ ਹਨ। ਇਸ ਮਿਤੀ ਬੱਧ ਸਰਵੇਖਣ ਮੁਤਾਬਕ ਮਾਦਪੁਰੀ ਤਤਕਾਲੀ ਲੋੜਾਂ ਦੀ ਮਜਬੂਰੀ ਵਿਚ ਪਾਲਾ ਬਦਲਦਾ ਹੈ ਪਰ ਪੰਜਾਬੀ ਲੋਕਧਾਰਾ ਤੇ ਬਾਲ ਸਾਹਿਤ ਹੀ ਮਾਦਪੁਰੀ ਦੇ ਮਨਪਸੰਦ ਖੇਤਰ ਰਹਿੰਦੇ ਹਨ।

ਪੰਜਾਬੀ ਲੋਕ-ਸਾਹਿਤ, ਪੰਜਾਬੀ ਸਭਿਆਚਾਰ ਤੇ ਬਾਲ-ਸਾਹਿਤ ਦੇ ਖੇਤਰਾਂ ਵਿਚ ਮਾਦਪੁਰੀ ਨੇ ਲਗਾਤਾਰ ਮਿਹਨਤ ਕੀਤੀ। ਇਹ ਮਿਹਨਤ ਇਨ੍ਹਾਂ ਖੇਤਰਾਂ ਦੀਆਂ ਉਸ ਦੀਆਂ ਪੁਸਤਕਾਂ ਵਿਚੋਂ ਸਿਰ ਚੜ੍ਹ ਕੇ ਬੋਲਦੀ ਹੈ। 'ਗਾਉਂਦਾ ਪੰਜਾਬ', 'ਫੁੱਲਾਂ ਭਰੀ ਚੰਗੇਰ', 'ਖੰਡ ਮਿਸ਼ਰੀ ਦੀਆਂ ਡਲੀਆਂ', 'ਨੈਣੀ ਨੀਂਦ ਨਾ ਆਵੇ', 'ਕਿੱਕਲੀ ਕਲੀਰ ਦੀ' ਅਤੇ 'ਸ਼ਾਵਾ ਨੀ ਬੰਬੀਹਾ ਬੋਲੇ' ਉਸ ਦੇ ਤਿਆਰ ਕੀਤੇ ਪੰਜਾਬੀ ਲੋਕ-ਗੀਤ ਸੰਗ੍ਰਹਿ ਹਨ। ਇਹ ਉਸ ਦੀ ਸੰਪਾਦਨ ਸੂਝ ਤੇ ਖ਼ੂਬੀ ਹੈ ਕਿ ਉਸ ਨੇ ਇਹ ਸੰਗ੍ਰਹਿ ਲੋਕ-ਗੀਤਾਂ ਦੇ ਰੂਪਾਂ ਤੇ ਵਿਧਾਵਾਂ ਮੁਤਾਬਕ ਤਿਆਰ ਕੀਤੇ ਹਨ। ਅੱਗੋਂ ਵਿਸ਼ੇ ਮੁਤਾਬਕ ਤਰਤੀਬ ਦਿੱਤੀ ਹੈ। ਉਸ ਦਾ ਪਲੇਠਾ ਸੰਗ੍ਰਹਿ

'ਗਾਉਂਦਾ ਪੰਜਾਬ' ਗਿੱਧੇ ਦੀਆਂ ਇਕ ਲੜੀਆਂ ਬੋਲੀਆਂ ਨਾਲ਼ ਸਬੰਧਿਤ ਹੈ ਅਤੇ ਫਿਰ 'ਖੰਡ ਮਿਸ਼ਰੀ ਦੀਆਂ ਡਲ਼ੀਆਂ' ਵਿਚ ਲੰਮੀਆਂ ਬੋਲੀਆਂ ਸ਼ਾਮਲ ਹਨ। ਪੰਜਾਬ ਵਿਚ ਕੀਤੇ ਜਾਂਦੇ ਸ਼ਗਨਾਂ ਨਾਲ਼ ਸਬੰਧਿਤ ਲੰਮੇ ਗੌਣ, ਸੁਹਾਗ, ਘੋੜੀਆਂ, ਸਿੱਠਣੀਆਂ ਅਤੇ ਹੇਅਰਿਆਂ ਤੋਂ ਇਲਾਵਾ ਪ੍ਰੇਮ-ਗੀਤ, ਮਾਹੀਆ ਅਤੇ ਦੋਹੇ ਉਸ ਦੇ 'ਨੈਣੀ ਨੀਂਦ ਨਾ ਆਵੇ' ਸੰਗ੍ਰਹਿ ਵਿਚ ਪੜ੍ਹੇ ਜਾ ਸਕਦੇ ਹਨ। ਬਾਲਕ ਉਮਰ ਨੂੰ ਟੱਪਦੀ ਕਿਸ਼ੋਰ ਅਵਸਥਾ ਦੀ ਪੇਸ਼ਕਾਰੀ 'ਫੁੱਲਾਂ ਭਰੀ ਚੰਗੇਰ' ਅਤੇ 'ਕਿੱਕਲੀ ਕਲੀਰ ਦੀ' ਨਾਮ ਦੇ ਉਸ ਦੇ ਦੋ ਸੰਗ੍ਰਹਿ ਮਿਲਦੇ ਹਨ। ਮਾਲਵਾ ਖਿੱਤੇ ਵਿਚ ਸੁਆਣੀਆਂ ਵਲੋਂ ਗਾਏ ਜਾਂਦੇ ਲੰਮੇ ਗੌਣ ਮਾਦਪੁਰੀ ਨੇ ਆਪਣੀ ਸੱਜਰੀ ਪੁਸਤਕ 'ਸ਼ਾਵਾ ਨੀ ਬੰਬੀਹਾ ਬੋਲੇ' ਵਿਚ ਨਵੀਂ ਪੀੜ੍ਹੀ ਲਈ ਪਰੋਸੇ ਹਨ।

ਪੰਜਾਬੀ ਲੋਕ-ਕਹਾਣੀਆਂ ਇਕੱਤਰ ਕਰਕੇ ਤੇ ਫਿਰ ਇਨ੍ਹਾਂ ਨੂੰ ਕਿਤਾਬੀ ਰੂਪ ਦੇ ਕੇ ਸੁਖਦੇਵ ਮਾਦਪੁਰੀ ਨੇ ਸਾਡੇ ਲੋਕ-ਸਾਹਿਤ ਦੇ ਖ਼ਜ਼ਾਨੇ ਵਿਚ ਹੋਰ ਵਾਧਾ ਕੀਤਾ ਹੈ। 'ਜ਼ਰੀ ਦਾ ਟੋਟਾ', 'ਨੈਣਾਂ ਦੇ ਵਣਜਾਰੇ', 'ਭਾਰਤੀ ਲੋਕ-ਕਹਾਣੀਆਂ', 'ਬਾਤਾਂ ਦੇਸ਼ ਪੰਜਾਬ ਦੀਆਂ' ਅਤੇ 'ਦੇਸ ਪ੍ਰਦੇਸ ਦੀਆਂ ਲੋਕ-ਕਹਾਣੀਆਂ' ਇਸ ਵਾਧੇ ਦੀ ਸ਼ਾਹਦੀ ਭਰਦੇ ਕਥਾ-ਸੰਗ੍ਰਹਿ ਹਨ। ਪੰਜਾਬੀ ਲੋਕ-ਸਾਹਿਤ ਦੀ ਸਾਂਭ-ਸੰਭਾਲ ਦੇ ਸ਼ੁਭ ਕਾਰਜ ਦਾ ਆਗਾਜ਼ 21 ਸਾਲ ਦੇ ਸੁਖਦੇਵ ਮਾਦਪੁਰੀ ਨੇ ਬੁਝਾਰਤਾਂ ਇਕੱਠੀਆਂ ਕਰਕੇ ਕੀਤਾ ਸੀ। 'ਲੋਕ ਬੁਝਾਰਤਾਂ' 1956 ਵਿਚ ਆਈ ਉਸ ਦੀ ਸਭ ਤੋਂ ਪਹਿਲ-ਪਲੇਠੀ ਪੁਸਤਕ ਸੀ। ਇਸ ਤੋਂ ਬਾਅਦ ਉਸ ਨੇ 'ਪੰਜਾਬੀ ਬੁਝਾਰਤਾਂ' ਅਤੇ 'ਪੰਜਾਬੀ ਬੁਝਾਰਤ ਕੋਸ਼' ਤਿਆਰ ਕਰਕੇ ਪੰਜਾਬੀ ਲੋਕ-ਸਿਆਣਪ ਨੂੰ ਸੰਭਾਲਿਆ। ਇਹ ਪੁਸਤਕਾਂ ਪਾਠਕਾਂ ਤਕ ਪਹੁੰਚਾਉਣ ਵਿਚ ਕ੍ਰਮਵਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਲਾਹੌਰ ਬੁੱਕ ਸ਼ਾਪ ਲੁਧਿਆਣਾ ਦਾ ਵੱਡਾ ਯੋਗਦਾਨ ਹੈ।

ਪੰਜਾਬੀ ਸਭਿਆਚਾਰ ਦੇ ਵਿਭਿੰਨ ਪਹਿਲੂਆਂ ਨੂੰ ਨਿਰੂਪਣ ਕਰਦੀਆਂ ਮਾਦਪੁਰੀ ਦੀਆਂ 8 ਪੁਸਤਕਾਂ ਹਨ। 'ਪੰਜਾਬ ਦੀਆਂ ਲੋਕ ਖੇਡਾਂ', 'ਪੰਜਾਬ ਦੇ ਮੇਲੇ ਅਤੇ ਤਿਉਹਾਰ', 'ਆਉ ਨੱਚੀਏ', 'ਮਹਿਕ ਪੰਜਾਬ ਦੀ', 'ਪੰਜਾਬ ਦੀਆਂ ਵਿਰਾਸਤੀ ਖੇਡਾਂ', 'ਪੰਜਾਬ ਦੇ ਲੋਕ ਨਾਇਕ', 'ਪੰਜਾਬੀ ਸਭਿਆਚਾਰ ਦੀ ਆਰਸੀ' ਅਤੇ 'ਲੋਕ ਸਿਆਣਪਾਂ' ਸਿਰਲੇਖਾਂ ਦੀਆਂ ਪੁਸਤਕਾਂ ਪੰਜਾਬੀ ਸਭਿਆਚਾਰ ਦਾ ਸਾਫ਼-ਸਾਫ਼ ਦਰਪਨ ਵੀ ਹਨ ਤੇ ਸਟੀਕ ਦਸਤਾਵੇਜ਼ ਵੀ। ਪੰਜਾਬੀ ਜਨ-ਸਮੂਹ ਜਿਸ ਕਿਸਮ ਦੇ ਜੁੱਸੇ ਦਾ ਮਾਲਕ ਰਿਹਾ ਹੈ, ਉਸ ਮੁਤਾਬਕ ਹੀ ਇਸ ਦੀਆਂ ਖੇਡਾਂ ਨੇ ਰੂਪ ਧਾਰਨ ਕੀਤਾ ਹੈ। ਇਨ੍ਹਾਂ ਲੋਕ-ਖੇਡਾਂ ਦੀ ਸੰਭਾਲ ਹਿਤ ਮਾਦਪੁਰੀ ਨੇ ਦੋ ਪੁਸਤਕਾਂ ਤਿਆਰ ਕੀਤੀਆਂ ਹਨ। ਇਸੇ ਤਰ੍ਹਾਂ ਪੰਜਾਬੀਆਂ ਦੇ ਮੇਲੇ ਤੇ ਤਿਉਹਾਰ ਨੂੰ ਕਿਤਾਬੀ ਰੂਪ ਦਿੱਤਾ ਹੈ। ਸਾਡੇ ਨਾਚ-ਸੰਸਾਰ ਦੀ ਵਿਲੱਖਣ ਨੁਹਾਰ ਹੈ। ਇਸ ਨੁਹਾਰ ਦੇ ਦਰਸ਼ਨ ਦੀਦਾਰ ਉਸ ਦੀ ਪੁਸਤਕ 'ਆਓ ਨੱਚੀਏ' ਵਿਚੋਂ ਕੀਤੇ ਜਾ ਸਕਦੇ ਹਨ। ਉਸ ਦੀ

ਇਕ ਹੋਰ ਪੁਸਤਕ 'ਮਹਿਕ ਪੰਜਾਬ ਦੀ' ਪੰਜਾਬ ਦੇ ਕਿਰਸਾਨੀ ਜੀਵਨ ਦੀ ਦਸਤਾਵੇਜ਼ੀ ਤਸਵੀਰ ਹੈ। ਇਸ ਜੀਵਨ ਨਾਲ਼ ਸਬੰਧਿਤ ਲੋਕ-ਗੀਤ, ਮੁਹਾਵਰੇ, ਅਖਾਣਾਂ, ਟੋਟਕੇ, ਦੰਤ-ਕਥਾਵਾਂ, ਰੂੜ੍ਹੀਆਂ ਆਦਿ ਦਾ ਵਿਸਤ੍ਰਿਤ ਇੰਦਰਾਜ਼ ਹੈ। ਇਸੇ ਤਰ੍ਹਾਂ ਉਸ ਦੀ 'ਪੰਜਾਬ ਦੇ ਲੋਕ ਨਾਇਕ' ਪੁਸਤਕ ਦੀ ਆਪਣੀ ਸਾਰਥਿਕਤਾ ਤੇ ਮਹੱਤਤਾ ਹੈ। ਮੱਧਕਾਲ ਵਿਚ ਕਿੱਸਿਆਂ, ਵਾਰਾਂ ਤੇ ਜੰਗਨਾਮਿਆਂ ਦੇ ਬਿਰਤਾਂਤ-ਕਾਵਿ ਰਾਹੀਂ ਪੰਜਾਬੀ ਲੋਕ-ਮਾਨਸ ਵਿਚ ਵੱਸੇ, ਰਸੇ ਤੇ ਰਚੇ ਨਾਇਕਾਂ ਦੀ, ਮਾਦਪੁਰੀ ਨੇ ਵਾਰਤਿਕ ਵਿਚ ਪੇਸ਼ ਕਰਕੇ, ਆਧੁਨਿਕ ਦੌਰ ਦੀ ਨਸਲ ਤਕ ਰਸਾਈ ਕਰਾਈ ਹੈ। ਰੋਡਾ-ਜਲਾਲੀ, ਕਾਕਾ-ਪਰਤਾਪੀ, ਇੰਦਰ-ਬੇਗੋ ਤੇ ਸੋਹਣਾ-ਜ਼ੈਨੀ ਵਰਗੇ ਰੁਮਾਂਸ ਦੇ ਲੋਕ-ਨਾਇਕਾਂ ਨੂੰ ਕਿੱਸਿਆਂ ਵਿਚੋਂ ਕੱਢ ਕੇ ਪਹਿਲੀ ਵਾਰ ਉਸ ਨੇ ਪਦ ਤੋਂ ਗੱਦ ਵਿਚ ਲਿਆਂਦਾ। 'ਪੰਜਾਬੀ ਸਭਿਆਚਾਰ ਦੀ ਆਰਸੀ' ਉਸ ਦੀ ਉਹ ਦਸਤਾਵੇਜ਼ੀ ਪੁਸਤਕ ਹੈ, ਜੋ ਪੰਜਾਬੀ ਲੋਕਧਾਰਾ ਦਾ ਪ੍ਰਿਜ਼ਮ ਹੈ। ਪੰਜਾਬੀ ਲੋਕਧਾਰਾ ਦੇ ਵਿਭਿੰਨ ਪੱਖਾਂ ਲੋਕ-ਸਾਹਿਤ, ਲੋਕ-ਕਲਾਵਾਂ, ਅਨੁਸ਼ਠਾਨ, ਲੋਕ-ਵਿਸ਼ਵਾਸ, ਲੋਕ-ਵਿਰਾਸਤ ਆਦਿ ਸਬੰਧੀ ਪ੍ਰਮਾਣਿਕ ਤੇ ਪ੍ਰਵਾਨਿਤ ਤੱਥ ਅਤੇ ਵਿਚਾਰ ਪ੍ਰਸਤੁਤ ਕੀਤੇ ਹਨ। 'ਲੋਕ ਸਿਆਣਪਾਂ' ਉਸ ਦੀ ਸ਼ਾਇਦ ਇਕੋ ਇਕ ਪੰਜਾਬੀ ਪੁਸਤਕ ਹੈ, ਜਿਹੜੀ ਪੰਜਾਬੀ ਪਰੰਪਰਿਕ ਸੂਝ ਦੇ ਵਿਭਿੰਨ ਰੂਪਾਂ ਨੂੰ ਇਕ ਥਾਂ ਇਕੱਠੇ ਕਰਕੇ ਸਾਡੀ ਨਜ਼ਰ ਕਰਦੀ ਹੈ। ਇੰਜ ਸੁਖਦੇਵ ਮਾਦਪੁਰੀ ਪੰਜਾਬੀ ਦੇ ਵਿਸ਼ਾਲ ਚਿੱਤਰਪਟ ਉਤੇ ਫੈਲੀ ਸਾਡੀ ਸੰਸਕ੍ਰਿਤੀ ਦੇ ਬੱਝਵੇਂ ਤੇ ਠੋਸ ਬਿੰਬਾਂ ਨੂੰ ਦ੍ਰਿਸ਼ਟੀਗੋਚਰ ਕਰਾਉਂਦਾ ਹੈ।

ਪੰਜਾਬੀ ਲੋਕਧਾਰਾ ਦੇ ਅਕਾਸ਼ ਵਿਚ ਧਰੂ-ਤਾਰੇ ਵਾਂਗ ਦ੍ਰਿਸ਼ਟੀਮਾਨ ਸੁਖਦੇਵ ਮਾਦਪੁਰੀ ਨੇ ਬਾਲ-ਬੋਧ ਦੀ ਪੱਧਰ ਦੇ ਸਾਹਿਤ ਨੂੰ ਸੰਭਾਲਣ, ਇਕੱਤਰ ਕਰਨ ਤੇ ਪਰੋਸਣ ਵਿਚ ਵੀ ਢੇਰ ਯੋਗਦਾਨ ਪਾਇਆ ਹੈ। ਬਾਲ ਸਾਹਿਤ ਨੂੰ ਸਮਰਪਿਤ ਉਸ ਨੇ 7 ਪੁਸਤਕਾਂ ਲਿਖੀਆਂ ਹਨ। 'ਜਾਦੂ ਦਾ ਸ਼ੀਸ਼ਾ', 'ਕੇਸੂ ਦੇ ਫੁੱਲ', 'ਸੋਨੇ ਦਾ ਬੱਕਰਾ', 'ਬਾਲ ਕਹਾਣੀਆਂ', 'ਆਉ ਗਾਈਏ', 'ਮਹਾਂਬਲੀ ਰਣਜੀਤ ਸਿੰਘ' ਤੇ 'ਨੇਕੀ ਦਾ ਫ਼ਲ' ਇਸ ਪ੍ਰਸੰਗ ਵਿਚ ਇਥੇ ਜ਼ਿਕਰਯੋਗ ਹਨ। ਉਸ ਦੇ ਪ੍ਰੇਰਨਾ ਸਰੋਤ ਲਾਹੌਰ ਬੁੱਕ ਸ਼ਾਪ ਲੁਧਿਆਣਾ ਵਲੋਂ ਪ੍ਰਕਾਸ਼ਿਤ 'ਬਾਲ ਦਰਬਾਰ' ਦੇ ਸੰਪਾਦਕ ਅਜਾਇਬ ਚਿੱਤਰਕਾਰ ਤੇ 'ਬਾਲ ਸੰਦੇਸ਼' ਦੇ ਸੰਪਾਦਕ ਨਵਤੇਜ ਸਿੰਘ ਬਾਲ-ਸਾਹਿਤ ਵਿਚ ਕੋਈ ਹਸਤਾਖ਼ਤਰ ਨਾ ਬਣ ਸਕੇ ਪਰ ਮਾਦਪੁਰੀ ਇਤਿਹਾਸਕ ਜਗ੍ਹਾ ਰੱਖਦਾ ਹੈ। 'ਸੀਨੇ ਖਿੱਚ ਜਿਹਨਾਂ ਨੇ ਖਾਧੀ, ਉਹ ਕਰ ਆਰਾਮ ਨਾ ਬਹਿੰਦੇ' ਮੁਤਾਬਕ ਮਾਦਪੁਰੀ ਨੂੰ ਜਦੋਂ ਵੀ ਕਦੇ ਇਸ ਖਿੱਚ ਨੇ ਤੰਗ ਕੀਤਾ ਤਾਂ ਅਨੁਵਾਦ ਦਾ ਰੁਝੇਂਵਾ ਫੜ ਲਿਆ। ਇਸ ਰੁਝੇਵੇਂ ਦੀ ਉਪਜ ਹਨ, ਉਸ ਦੀਆਂ ਤਿੰਨ ਪੁਸਤਕਾਂ: 'ਵਰਖਾ ਦੀ ਉਡੀਕ', 'ਟੋਢਾ ਤੇ ਟਾਹਰ' ਅਤੇ 'ਤਿਤਲੀ ਤੇ ਸੂਰਜ ਮੁਖੀਆਂ।' 35

ਪੁਸਤਕਾਂ ਦੇ ਲੇਖਕ ਸੁਖਦੇਵ ਮਾਦਪੁਰੀ ਨੇ ਬੇਸ਼ੱਕ ਬਹੁਤਾ ਕੰਮ ਪੰਜਾਬੀ ਲੋਕ ਸਾਹਿਤ ਤੇ ਪੰਜਾਬੀ ਸਭਿਆਚਾਰ ਨੂੰ ਇਕੱਤਰ ਕਰਨ ਤੇ ਸੰਭਾਲਣ ਦਾ ਕੀਤਾ ਹੈ ਪਰ ਇਸ ਦੇ ਵਿਸ਼ਲੇਸ਼ਣ ਸਬੰਧੀ ਉਸ ਦੀਆਂ ਟਿੱਪਣੀਆਂ ਤੇ ਦੋ ਪੂਰੀਆਂ-ਸੂਰੀਆਂ ਕਿਤਾਬਾਂ ਵੀ ਧਿਆਨ ਮੰਗਦੀਆਂ ਹਨ। ਉਸ ਕੋਲ਼ ਲੋਕਧਾਰਾ ਸਬੰਧੀ ਆਪਣੀ ਵਿਸ਼ਲੇਸ਼ਣੀ ਸੂਝ ਤੇ ਸੰਕਲਪਾਤਮਕ ਚੇਤਨਾ ਹੈ, ਜਿਸ ਕਰਕੇ ਉਸ ਨੇ ਇਸ ਦੀ ਸਾਂਭ-ਸੰਭਾਲ ਦਾ ਬੀੜਾ ਚੁੱਕਿਆ। ਇਸ ਸੰਦਰਭ ਵਿਚ ਉਸ ਦੀ ਇਕ ਪੁਸਤਕ 'ਲੋਕ ਗੀਤਾਂ ਦੀ ਸਮਾਜਿਕ ਵਿਆਖਿਆ' ਨੇ ਲੋਕ-ਸਾਹਿਤ ਦੇ ਚਿੰਤਕਾਂ ਦਾ ਧਿਆਨ ਖਿੱਚਿਆ ਹੈ। ਇਸ ਪੁਸਤਕ ਵਿਚ ਉਸ ਨੇ ਪੰਜਾਬੀ ਸਮਾਜ ਦੇ ਸਾਕਾਦਾਰੀ ਪ੍ਰਬੰਧ ਨਾਲ਼ ਸਬੰਧਿਤ ਲੋਕ-ਗੀਤਾਂ ਦਾ ਸਮਾਜ ਸ਼ਾਸਤਰੀ ਨਜ਼ਰੀਏ ਤੋਂ ਵਿਸ਼ਲੇਸ਼ਣ ਕੀਤਾ ਹੈ। ਇਸ ਦੇ ਨਾਲ਼ ਹੀ ਪੰਜਾਬੀ ਬੰਦਾ ਆਪਣੇ ਵਾਤਾਵਰਣ, ਆਪਣੇ ਲੋਕ-ਨਾਇਕਾਂ, ਆਪਣੇ ਮੇਲੇ-ਤਿਉਹਾਰਾਂ ਅਤੇ ਆਪਣੇ ਰੁਮਾਂਟਿਕ ਪਲਾਂ ਨੂੰ ਕਿਵੇਂ ਲੋਕ ਗੀਤਾਂ ਵਿਚ ਢਾਲਦਾ ਤੇ ਵਿਅਕਤ ਕਰਦਾ ਹੈ, ਇਹ ਚਿੰਤਨ-ਵਿਧੀ ਵੀ ਇਸ ਪੁਸਤਕ ਵਿਚ ਵਿਦਮਾਨ ਹੁੰਦੀ ਹੈ। ਮਾਦਪੁਰੀ ਦੀ ਇਕ ਹੋਰ ਪੁਸਤਕ 'ਪੰਜਾਬੀ ਸਭਿਆਚਾਰ ਦੀ ਆਰਸੀ' ਵੀ ਉਸ ਦੇ ਆਲੋਚਨਾਤਮਕ ਕਾਰਜ ਦੀ ਉਪਜ ਹੈ। ਇਸ ਪੁਸਤਕ ਦੇ ਵੱਖ-ਵੱਖ ਲੇਖਾਂ ਰਾਹੀਂ ਲੇਖਕ ਨੇ ਸਾਡੀਆਂ ਲੋਕ-ਸਿਆਣਪਾਂ ਦੇ ਸੋਮਿਆਂ, ਸਾਡੇ ਅਨੁਸ਼ਠਾਨਾਂ ਦੇ ਕਾਰਜਗਤ ਸਥਾਨਾਂ ਤੇ ਮੌਕਿਆਂ ਅਤੇ ਸਾਡੇ ਵਿਰਾਸਤੀ ਪਿੰਡਾਂ-ਕਸਬਿਆਂ ਦਾ ਸਰਵੇਖਣ ਤੇ ਵਿਸ਼ਲੇਸ਼ਣ ਕੀਤਾ ਹੈ। ਪੰਜਾਬੀ ਲੋਕਧਾਰਾ ਦੀ ਇਹ ਇਕ ਹਵਾਲਾ ਪੁਸਤਕ ਵੀ ਕਹੀ ਜਾ ਸਕਦੀ ਹੈ। ਸੁਖਦੇਵ ਮਾਦਪੁਰੀ ਨੇ ਇਕ ਚਿੰਤਕ ਵਜੋਂ ਆਪਣੇ ਪ੍ਰਕਾਸ਼ਿਤ ਸੰਕਲਨਾਂ ਅੱਗੇ ਜਿਹੜੀਆਂ ਭੂਮਿਕਾਵਾਂ/ ਆਦਿਕਾਵਾਂ ਲਿਖੀਆਂ ਹਨ ਜਾਂ ਮੁਲਾਕਾਤੀ ਟਿੱਪਣੀਆਂ ਕੀਤੀਆਂ ਹਨ ਉਹ ਵੀ ਉਸ ਦੀ ਪ੍ਰੌਢ ਵਿਸ਼ਲੇਸ਼ਣੀ ਸੂਝ ਦੀ ਗਵਾਹੀ ਭਰਦੀਆਂ ਹਨ। ਇਸ ਪ੍ਰਸੰਗ ਵਿਚ ਇਥੇ ਕੁਝ ਟਿੱਪਣੀਆਂ ਹਵਾਲਾਯੁਕਤ ਹਨ: "ਸਭਿਆਚਾਰ ਦਾ ਖਾਸਾ ਇਹ ਹੈ ਕਿ ਇਹ ਕਦੀ ਵੀ ਖ਼ਤਮ ਨਹੀਂ ਹੁੰਦਾ, ਗਤੀਸ਼ੀਲ ਹੈ, ਭੂਗੋਲਿਕ ਅਤੇ ਸਮਾਜਿਕ ਵਾਤਾਵਰਣ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ।" ('ਪੰਜਾਬੀ ਸਭਿਆਚਾਰ ਦੀ ਆਰਸੀ', ਪੰਨਾ-9)- "ਜਿਵੇਂ ਲੋਕ ਗੀਤ ਜਨ-ਸਾਧਾਰਨ ਦੇ ਮਨੋਭਾਵ ਪ੍ਰਗਟਾਉਣ ਲਈ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ, ਉਸੇ ਤਰ੍ਹਾਂ ਬੁਝਾਰਤਾਂ ਵੀ ਮਨੁੱਖੀ ਅਕਲ ਦਾ ਚਮਤਕਾਰ ਦਿਖਾਉਣ ਲਈ ਪ੍ਰਸਿੱਧ ਹਨ।" ('ਪੰਜਾਬੀ ਸਭਿਆਚਾਰ ਦੀ ਆਰਸੀ', ਪੰਨਾ-172)- "ਪੰਜਾਬ ਦੇ ਲੋਕ ਗੀਤਾਂ ਵਿਚ ਪੰਜਾਬ ਦਾ ਜਨ-ਜੀਵਨ ਧੜਕਦਾ ਹੈ। ਇਹ ਪੰਜਾਬੀਆਂ ਦੀ ਕਲਾਤਮਕ ਸਿਰਜਣਾ ਦਾ ਸੁਹਜ-ਆਤਮਕ ਪ੍ਰਗਟਾਵਾ ਹਨ।" ('ਸ਼ਾਵਾ ਨੀ ਬੰਬੀਹਾ ਬੋਲੇ, ਪੰਨਾ-16) ਪਰ ਮਾਦਪੁਰੀ ਨੇ ਆਲੋਚਨਾਤਮਕ ਕਾਰਜ ਦੀ ਥਾਂ ਪੰਜਾਬੀ ਲੋਕਧਾਰਾ ਸਰੰਚਨਾਤਮਕ

ਕਾਰਜ ਨੂੰ ਤਰਜੀਹ ਦੇ ਕੇ ਆਪਣੀ ਆਤਮਾ ਦੀ ਪਾਕੀਜ਼ਗੀ ਤੇ ਸੂਝ ਦੀ ਬੁਲੰਦੀ ਦੇ ਦਰਸ਼ਨ ਕਰਾਏ ਹਨ।

ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਤੇ ਸੰਭਾਲਣ ਦੀ ਡਗਰ 'ਤੇ ਤੁਰਦਿਆਂ ਜਿਹੜੀਆਂ ਦੁਸ਼ਵਾਰੀਆਂ ਤੇ ਸੀਮਾਵਾਂ ਦੇ ਰੂਬਰੂ ਸ੍ਰੀ ਮਾਦਪੁਰੀ ਨੂੰ ਹੋਣਾ ਪਿਆ, ਉਨ੍ਹਾਂ ਦਾ ਜ਼ਿਕਰ ਕਰਨਾ ਇਥੇ ਅੱਜ ਪ੍ਰਸੰਗੋਂ ਬਾਹਰਾ ਸ਼ਾਇਦ ਨਹੀਂ ਹੋਵੇਗਾ। ਜਿਹੜੇ ਸਮਿਆਂ ਵਿਚ ਉਸ ਨੇ ਇਸ ਖੇਤਰੀ-ਕਾਰਜ ਨੂੰ ਹੱਥ ਪਾਇਆ ਢੇਰ ਸਹੂਲਤਾਂ ਦੀਆਂ ਸੀਮਾਵਾਂ ਸਨ। ਬਸ, ਸੁਣਨਾ ਤੇ ਹੱਥੀਂ ਲਿਖਣ ਤੋਂ ਇਲਾਵਾ ਕੋਈ ਰੀਕਾਰਡਿੰਗ ਦੀ ਸਹੂਲਤ ਨਹੀਂ ਸੀ। ਦੂਜਾ ਸੰਚਾਰ ਤੇ ਆਵਾਜਾਈ ਦੇ ਸਾਧਨਾਂ ਦੀ ਘਾਟ ਸੀ। ਇਸੇ ਤਰ੍ਹਾਂ ਅੱਜ ਦੀ ਸਮਾਜਿਕ ਖੁੱਲ੍ਹ ਦੇ ਮੁਕਾਬਲੇ ਉਨ੍ਹਾਂ ਸਮਿਆਂ ਵਿਚ ਸਬੰਧਿਤ ਔਰਤਾਂ ਤਕ ਪਹੁੰਚ ਕਰਨੀ ਵੀ ਦੁਸ਼ਵਾਰ ਸੀ। ਲੋਕ ਸਾਹਿਤ ਤੇ ਰਸਮਾਂ ਰਿਵਾਜਾਂ ਦਾ ਭੰਡਾਰ ਔਰਤਾਂ ਕੋਲ਼ ਹੀ ਹੁੰਦਾ ਹੈ। ਇਕ ਮੁਲਾਕਾਤ ਵਿਚ ਖ਼ੁਦ ਮਾਦਪੁਰੀ ਕਹਿੰਦਾ ਹੈ ਕਿ ਮੈਂ, ਲੋਕ ਕਹਾਣੀਆਂ ਦੀਆਂ ਕੂਲ੍ਹਾਂ ਆਖੀਆਂ ਜਾਂਦੀਆਂ ਦਾਦੀਆਂ-ਨਾਨੀਆਂ ਕੋਲੋਂ ਇਹ ਖ਼ਜ਼ਾਨਾ ਪ੍ਰਾਪਤ ਕੀਤਾ। ('ਪੰਜਾਬੀ ਸਭਿਆਚਾਰ ਦੀ ਆਰਸੀ', ਪੰਨਾ-173) ਉਂਜ ਸਕੂਲ ਅਧਿਆਪਕ ਹੋਣ ਕਰਕੇ ਅਧਿਆਪਕੀ ਦੇ ਆਈ ਕਾਰਡ ਨਾਲ਼ ਉਹ ਆਪਣੇ ਕਾਰਜ ਦੀ ਪੂਰਤੀ ਲਈ ਕਿਸੇ ਵੀ ਘਰ/ਪਰਿਵਾਰ ਵਿਚ ਪੈਰ ਧਰਾਈ ਕਰ ਲੈਂਦਾ ਸੀ। ਪਰ ਫਿਰ ਵੀ ਤਤਕਾਲੀ ਸਮਾਜਿਕ ਪਰਿਵੇਸ਼ ਵਿਚ ਅੱਜ ਵਰਗਾ ਖੁੱਲ੍ਹਾਪਣ ਨਹੀਂ ਸੀ। ਆਧੁਨਿਕ ਤਕਨੀਕ ਤੇ ਯੰਤਰ ਦਸਤਯਾਬ ਨਹੀਂ ਸਨ। ਇਸ ਤਰ੍ਹਾਂ ਆਧੁਨਿਕ ਸਹੂਲਤਾਂ ਤੇ ਚੇਤਨਾ ਤੋਂ ਵਿਰਵੇ ਮਾਦਪੁਰੀ ਵਰਗੇ ਉਨ੍ਹਾਂ ਦਰਵੇਸ਼ਾਂ ਤੇ ਲੋਕਧਾਰਾ ਦੇ ਪਦ-ਯਾਤਰੀਆਂ ਨੂੰ ਦਾਦ ਦੇਣੀ ਬਣਦੀ ਹੈ, ਜਿਨ੍ਹਾਂ ਪੰਜਾਬੀ ਲੋਕਧਾਰਾ ਦੀ ਸਮੱਗਰੀ ਦੀ ਨਿਧੀ ਨੂੰ ਸੰਭਾਲ ਕੇ ਅੱਗੇ ਸੌਂਪਿਆ ਹੈ।

ਸ੍ਰੀ ਸੁਖਦੇਵ ਮਾਦਪੁਰੀ ਵਲੋਂ ਪੰਜਾਬੀ ਲੋਕ ਸਾਹਿਤ ਦੇ ਵੱਖ-ਵੱਖ ਰੂਪਾਂ ਨੂੰ ਇਕੱਤਰ ਕਰਨ ਤੇ ਸੰਭਾਲਣ ਸਮੇਂ ਅਪਨਾਈ ਖੋਜ-ਵਿਧੀ ਵਿਚ ਜਿਹੜੀ ਦੀਰਘ ਦ੍ਰਿਸ਼ਟੀ ਅਤੇ ਵਿਗਿਆਨਕ ਚੇਤਨਾ ਪ੍ਰਦਰਸ਼ਿਤ ਹੁੰਦੀ ਹੈ, ਉਸ 'ਤੇ ਵੀ ਸੰਖੇਪ ਚਰਚਾ ਹੋ ਸਕਦੀ ਹੈ। ਉਹ ਖ਼ੁਦ ਲਿਖਦਾ ਹੈ ਕਿ "ਲੋਕ-ਗੀਤ ਮੈਂ ਲੋਕ ਭਾਸ਼ਾ ਵਿਚ ਹੀ ਲਿੱਪੀਬੱਧ ਕਰਦਾ ਰਿਹਾ ਹਾਂ ਤਾਂ ਜੋ ਉਨ੍ਹਾਂ ਦੇ ਉਚਾਰ ਵਿਚ ਕੋਈ ਫ਼ਰਕ ਨਾ ਆਵੇ ਅਤੇ ਸਥਾਨਕ ਰੰਗਣ ਬਣੀ ਰਹੇ।" ('ਸ਼ਾਵਾ ਨੀ ਬੰਬੀਹਾ ਬੋਲੇ, ਪੰਨਾ-15) ਇਸ ਤਰ੍ਹਾਂ ਉਸ ਨੇ ਲੋਕ ਗੀਤਾਂ ਦੀ ਰੂਹ ਨੂੰ ਬਰਕਰਾਰ ਰੱਖ ਕੇ ਇਕ ਸਿਆਣੇ ਤੇ ਸੁਘੜ ਲੋਕਧਾਰਾ ਸ਼ਾਸਤਰੀ ਦਾ ਸਬੂਤ ਦਿੱਤਾ ਹੈ। ਡਾ. ਜੋਗਿੰਦਰ ਸਿੰਘ ਕੈਰੋਂ ਵੀ ਉਸ ਦੇ ਇਸ ਗੁਣ ਦੀ ਨਿਸ਼ਾਨਦੇਹੀ ਕਰਦਾ ਲਿਖਦਾ ਹੈ, "ਇਹ ਵੀ ਵੇਖਣ ਵਿਚ ਆਇਆ ਹੈ ਕਿ ਕਈ ਵਿਦਵਾਨਾਂ ਨੇ ਲੋਕਧਾਰਾ ਦੀ ਡੂੰਘੀ ਵਿਗਿਆਨਕ ਖੋਜ ਤੋਂ

ਜਾਣੂੰ ਨਾ ਹੋਣ ਕਾਰਨ ਬਹੁਤ ਸਾਰੀਆਂ ਕਥਾ-ਕਹਾਣੀਆਂ ਨੂੰ ਲੋਕ ਭਾਸ਼ਾ ਤੋਂ ਬਦਲ ਕੇ ਸਾਹਿਤਕ ਰੰਗਣ ਦੇ ਦਿੱਤੀ ਹੈ, ਜਿਸ ਕਾਰਨ ਉਸ ਦੀ ਲੋਕਧਾਰਾਈ ਕੀਮਤ ਅਤੇ ਖ਼ੁਸ਼ਬੂ ਗਾਇਬ ਹੋ ਗਈ ਹੈ।... ਇਕ ਲੋਕਧਾਰਾ ਸ਼ਾਸਤਰੀ ਦੀ ਦ੍ਰਿਸ਼ਟੀ ਤੋਂ ਇਹ ਠੀਕ ਨਹੀਂ।... ਸੁਖਦੇਵ ਮਾਦਪੁਰੀ ਦੀ ਖ਼ੂਬੀ ਅਤੇ ਵਿਗਿਆਨਕ ਦ੍ਰਿਸ਼ਟੀ ਇਹ ਹੈ ਕਿ ਉਸ ਨੇ ਲੋਕ ਸਾਹਿਤਕ ਵੰਨਗੀਆਂ ਨੂੰ ਲੋਕਾਂ ਦੀ ਭਾਸ਼ਾ ਵਿਚ ਹੀ ਲਿਖਿਆ ਹੈ।... ਉਨ੍ਹਾਂ ਦੀ ਨਵੀਂ ਆਈ ਪੁਸਤਕ 'ਬਾਤਾਂ ਦੇਸ ਪੰਜਾਬ ਦੀਆਂ' ਇਸ ਦੀ ਵਧੀਆ ਉਦਾਹਰਣ ਹੈ।... ਇਸ ਪੁਸਤਕ ਵਿਚਲੀਆਂ ਲੋਕ ਕਹਾਣੀਆਂ ਨੂੰ ਲੋਕ ਬੋਲੀ ਵਿਚ ਹੀ ਪੇਸ਼ ਕੀਤਾ ਗਿਆ ਹੈ।" ('ਨੈਣੀ ਨੀਂਦ ਨਾ ਆਵੇ', ਪੰਨਾ-12) ਸਾਡੇ ਮੁਢਲੇ ਲੋਕਧਾਰਾ ਖੋਜੀਆਂ ਵਿਚ ਇਸ ਖੋਜ ਸੋਝੀ ਨੂੰ ਸਲਾਮ ਦਰ ਸਲਾਮ ਹੈ।

ਸ੍ਰੀ ਸੁਖਦੇਵ ਮਾਦਪੁਰੀ ਇਕ ਸੰਸਥਾ ਵਾਂਗ ਲੋਕਧਾਰਾ ਦੇ ਖੇਤਰ ਵਿਚ ਕੰਮ ਕਰ ਰਿਹਾ ਹੈ। ਉਹ ਦੇਵਿੰਦਰ ਸਤਿਆਰਥੀ ਵਾਂਗ ਇਸ ਖੇਤਰ ਦਾ ਕੁਲਵਕਤੀ ਖੋਜੀ ਵੀ ਨਹੀਂ ਹੈ। ਉਹ ਅਧਿਆਪਨ ਦਾ ਕਾਰਜ ਵੀ ਕਰਦਾ ਰਿਹਾ ਹੈ। ਫਿਰ ਉਸ ਨੇ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਪਾਠਕ੍ਰਮਾਂ ਨੂੰ ਨਵੀਨੀਕਿਰਤ ਰੂਪ ਦੇਣ ਦੀ ਸੇਵਾ ਵੀ ਕੀਤੀ। ਬਾਲ-ਸਾਹਿਤ ਪ੍ਰਤੀ ਉਸ ਦੀ ਸੁਹਿਰਦਤਾ, ਪ੍ਰਤੀਬੱਧਤਾ ਤੇ ਕਾਰਜਸ਼ੀਲਤਾ ਲੋਕਧਾਰਾ ਜਿੰਨੀ ਹੀ ਰਹੀ ਹੈ। ਬਾਲ-ਸਾਹਿਤ ਵਿਚ ਉਸ ਨੇ ਅੱਧੀ ਦਰਜਨ ਤੋਂ ਉਪਰ ਕਿਤਾਬਾਂ ਦੇ ਕੇ ਇਤਿਹਾਸਕ ਯੋਗਦਾਨ ਤਾਂ ਪਾਇਆ ਹੀ ਹੈ, ਇਸ ਦੇ ਨਾਲ਼ ਉਹ 'ਪ੍ਰਾਇਮਰੀ ਸਿੱਖਿਆ' ਦਾ ਮੋਢੀ ਸੰਪਾਦਕ ਬਣ ਕੇ 'ਪੰਖੜੀਆਂ' ਦਾ ਵੀ ਸੰਪਾਦਨ ਕਰਦਾ ਰਿਹਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ 'ਬਾਲ ਸਾਹਿਤ ਪ੍ਰੋਜੈਕਟ' ਦੀ ਉਸ ਨੇ ਹੀ ਸੰਚਾਲਨਾ ਕੀਤੀ। ਭਾਸ਼ਾ ਵਿਭਾਗ, ਪੰਜਾਬ ਵਲੋਂ ਉਸ ਨੂੰ ਬਤੌਰ 'ਸ੍ਰੋਮਣੀ ਬਾਲ ਸਾਹਿਤ ਲੇਖਕ' ਸਨਮਾਨਿਤ ਵੀ ਕੀਤਾ ਗਿਆ। ਅਨੇਕਾਂ ਸਲਾਹਕਾਰ ਕਮੇਟੀਆਂ ਦਾ ਉਹ ਮੈਂਬਰ ਵੀ ਰਿਹਾ ਹੈ। 77 ਸਾਲ ਦੀ ਉਮਰ ਤਕ ਤਿੰਨ ਦਰਜਨ ਕਿਤਾਬਾਂ ਲਿਖ ਕੇ ਵੀ ਮਾਦਪੁਰੀ ਮੈਦਾਨ ਤੋਂ ਬਾਹਰ ਨਹੀਂ ਹੋਇਆ। ਉਸ ਦੀਆਂ ਦੋ ਹੋਰ ਕਿਤਾਬਾਂ 'ਬੋਲੀਆਂ ਦਾ ਪਾਵਾਂ ਬੰਗਲਾ' ਅਤੇ 'ਕੱਲਰ ਦੀਵਾ ਮੱਚਦਾ' ਪਿਛਲੇਰੇ ਸਾਲ ਛਪੀਆਂ ਹਨ। ਪੰਜਾਬੀ ਲੋਕਧਾਰਾ ਦੇ ਮੈਦਾਨ ਵਿਚ ਉੱਤਰੇ ਲੰਮੀ ਰੇਸ ਦੇ ਇਸ ਘੋੜੇ ਨੂੰ ਸੌ ਸੌ ਸਲਾਮ ਤੇ ਝੁਕ ਝੁਕ ਸਲਾਮ। ਇਸ ਲੰਮੀ ਰੇਸ ਦੇ ਘੋੜੇ ਨੂੰ ਉਮਰ ਦੀਆਂ ਅਸੀਸੜੀਆਂ ਦੇਣ ਲਈ ਤੁਸੀਂ ਵੀ ਮੇਰੇ ਨਾਲ਼ ਆਉ ਸ਼ਾਮਲ ਹੋਵੋ।

***-ਡਾ. ਲਾਭ ਸਿੰਘ ਖੀਵਾ***

*ਮੁਖੀ, ਪੰਜਾਬੀ ਵਿਭਾਗ,*

*ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ*

# ਪੂਰਨ ਭਗਤ

ਪੰਜਾਬੀ ਲੋਕ-ਕਾਵਿ ਵਿਚ ਪੂਰਨ ਭਗਤ ਦੀ ਜੀਵਨ ਗਾਥਾ ਨੂੰ ਬਿਆਨ ਕਰਨ ਵਾਲ਼ੇ ਅਨੇਕਾਂ ਲੋਕ ਗੀਤ ਪ੍ਰਾਪਤ ਹਨ। ਮੇਰੀ ਬੇਬੇ ਅਤੇ ਤਾਈ ਚਰਖਾ ਕੱਤਦੀਆਂ ਹੋਈਆਂ ਰਲ਼ ਕੇ ਵੈਰਾਗਮਈ ਸੁਰ ਵਿਚ ਇਹ ਲੋਕ ਗੀਤ ਅਕਸਰ ਗਾਇਆ ਕਰਦੀਆਂ ਸਨ:

*ਵੇ ਮੈਂ ਬਾਗ਼ ਲਵਾਵਾਂ ਪੂਰਨਾ*
*ਤੂੰ ਕਲੀਆਂ ਦੇ ਪੱਜ ਆ*
*ਕਲੀਆਂ ਦੇ ਪੱਜ ਨਾ ਆਵਾਂ*
*ਨੀ ਤੂੰ ਲਗਦੀ ਧਰਮ ਦੀ ਮਾਂ*
*ਨੀ ਅਕਲੋਂ ਸਮਝ ਸਿਆਣੀਏਂ*

*ਨਾ ਤੂੰ ਮੇਰੇ ਜਰਮਿਆਂ*
*ਵੇ ਨਾ ਮੈਂ ਗੋਦ ਖਲਾਇਆ*
*ਵੇ ਮੈਂ ਕਿਸ ਵਿਧ ਲਗਦੀ ਮਾਂ*
*ਵੇ ਸੋਹਣਿਆ ਪੂਰਨਾ ਵੇ*

*ਬਾਪ ਮੇਰੇ ਦੀ ਇਸਤਰੀ ਨੀ ਤੂੰ*
*ਇਸ ਵਿਧ ਲਗਦੀ ਮਾਂ ਮੇਰੀ*
*ਨੀਂ ਅਕਲੋਂ ਸਮਝ ਸਿਆਣੀਏਂ*

*ਵੇ ਮੈਂ ਖੂਹ ਲਵਾਵਾਂ ਪੂਰਨਾ*
*ਵੇ ਤੂੰ ਨ੍ਹਾਵਣ ਦੇ ਪੱਜ ਆ*
*ਨ੍ਹਾਵਣ ਦੇ ਪੱਜ ਨਾ ਆਵਾਂ*
*ਨੀਂ ਤੂੰ ਲਗਦੀ ਧਰਮ ਦੀ ਮਾਂ*
*ਨੀ ਅਕਲੋਂ ਸਮਝ ਸਿਆਣੀਏਂ*

*ਵੇ ਨਾ ਤੂੰ ਮੇਰੇ ਜਰਮਿਆਂ*
*ਵੇ ਨਾ ਮੈਂ ਗੋਦ ਖਲਾਇਆ*
*ਵੇ ਮੈਂ ਕਿਸ ਵਿਧ ਲਗਦੀ ਮਾਂ*
*ਵੇ ਸੋਹਣਿਆ ਪੂਰਨਾ ਵੇ*

*ਬਾਪ ਮੇਰੇ ਦੀ ਇਸਤਰੀ ਨੀ ਤੂੰ*
*ਇਸ ਵਿਧ ਲਗਦੀ ਮਾਂ ਮੇਰੀ*
*ਨੀ ਅਕਲੋਂ ਸਮਝ ਸਿਆਣੀਏਂ*

ਮੁਟਿਆਰ ਲੂਣਾਂ ਦੀ ਵੇਦਨਾ ਅਤੇ ਪੂਰਨ ਦੇ ਜਤ-ਸਤ ਦੀ ਭਾਵਨਾ ਨੂੰ ਬਿਆਨ ਕਰਨ ਵਾਲ਼ਾ ਇਹ ਲੋਕ ਗੀਤ ਅੱਜ ਵੀ ਮੇਰੇ ਚੇਤਿਆਂ ਵਿਚ ਵਸਿਆ ਹੋਇਆ ਹੈ ਜਿਸ ਨੂੰ ਚਿਤਵਦਿਆਂ ਹੀ ਮੇਰੇ ਨੈਣਾਂ ਅੱਗੇ ਪੂਰਨ ਦੀ ਲੋਕ ਗਾਥਾ ਰੂਪਮਾਨ ਹੋ ਜਾਂਦੀ ਹੈ।

ਗੱਲ ਮੱਧਕਾਲੀਨ ਸਮੇਂ ਦੀ ਹੈ। ਉਦੋਂ ਨਾਥ ਜੋਗੀਆਂ ਦਾ ਜਨ ਸਾਧਾਰਨ ਦੇ ਜੀਵਨ 'ਤੇ ਬਹੁਤ ਵੱਡਾ ਪ੍ਰਭਾਵ ਸੀ। ਪੱਛਮੀ ਪੰਜਾਬ ਦੇ ਸਿਆਲਕੋਟ ਦੇ ਇਲਾਕੇ ਤੇ ਰਾਜਾ ਸਲਵਾਨ ਰਾਜ ਕਰਦਾ ਸੀ- ਸਿਆਲਕੋਟ ਉਸ ਦੀ ਰਾਜਧਾਨੀ ਸੀ। ਸਲਵਾਨ ਇਕ ਆਸ਼ਿਕ-ਮਿਜ਼ਾਜ ਅਤੇ ਮੌਜ-ਮਸਤੀ 'ਚ ਰਹਿਣ ਵਾਲ਼ਾ ਰਾਜਾ ਸੀ। ਉਹਨੂੰ ਕਿਸੇ ਗੱਲ ਦੀ ਤੋਟ ਨਹੀਂ ਸੀ ਜੇ ਘਾਟ ਸੀ ਤਾਂ ਇਕ ਔਲਾਦ ਦੀ। ਢਲਦੀ ਉਮਰੇ, ਬੜੀਆਂ ਮੰਨਤਾਂ ਮਗਰੋਂ ਉਸ ਦੀ ਰਾਣੀ ਇੱਛਰਾਂ ਦੀ ਕੁੱਖੋਂ ਇਕ ਬੱਚੇ ਦਾ ਜਨਮ ਹੋਇਆ ਜਿਸ ਦਾ ਨਾਂ ਉਨ੍ਹਾਂ ਪੂਰਨ ਰੱਖਿਆ। ਵਹਿਮੀ ਰਾਜੇ ਨੇ ਪੂਰਨ ਦਾ ਭਵਿੱਖ ਜਾਨਣ ਲਈ ਨਜੂਮੀ ਸੱਦ ਲਏ। ਨਜਮੂੀਆਂ ਸਲਾਹ ਦਿੱਤੀ, "ਹੇ ਰਾਜਨ! ਇਹ ਨਵ-ਜਨਮਿਆ ਬੱਚਾ ਪੂਰੇ ਬਾਰਾਂ ਵਰ੍ਹੇ ਆਪਣੇ ਮਾਂ-ਬਾਪ ਦੇ ਮੱਥੇ ਨਾ ਲੱਗੇ, ਨਹੀਂ ਤਾਂ ਰਾਜੇ ਅਤੇ ਉਸ ਦੇ ਪਰਿਵਾਰ 'ਤੇ ਦੁੱਖਾਂ ਦਾ ਕਹਿਰ ਟੁੱਟ ਪਵੇਗਾ।"

ਨਜੂਮੀਆਂ ਦੀ ਸਲਾਹ ਮੰਨਦਿਆਂ ਮਮਤਾ ਵਿਹੂਣੇ ਸਲਵਾਨ ਨੇ ਚਿੜੀ ਦੇ ਬੋਟ ਜਿੰਨੇ ਪੂਰਨ ਨੂੰ ਪੂਰੇ ਬਾਰ੍ਹਾਂ ਵਰ੍ਹੇ ਭੋਰੇ ਵਿਚ ਪਾਉਣ ਦਾ ਹੁਕਮ ਸੁਣਾ ਦਿੱਤਾ। ਪੂਰਨ ਦੀ ਮਾਂ ਇੱਛਰਾਂ ਤੜਪਦੀ ਰਹੀ, ਕੁਰਲਾਉਂਦੀ ਰਹੀ- ਉਹਦੀਆਂ ਰੋ-ਰੋ ਕੇ ਅੱਖਾਂ ਚੁੰਨ੍ਹੀਆਂ ਹੋ ਗਈਆਂ।

ਭਲਾ ਰਾਜੇ ਦੇ ਹੁਕਮ ਨੂੰ ਕੌਣ ਟਾਲ਼ ਸਕਦਾ ਸੀ? ਪੂਰਨ ਨੂੰ ਗੋਲੀਆਂ ਸਮੇਤ ਭੋਰੇ ਵਿਚ ਪਾ ਦਿੱਤਾ ਗਿਆ। ਇੱਛਰਾਂ ਦੀ ਕਿਸੇ ਇਕ ਨਾ ਮੰਨੀ ਉਹ ਪੁੱਤਰ ਦੇ ਵਿਯੋਗ ਵਿਚ ਹੰਝੂ ਕੇਰਦੀ ਰਹੀ ਤੇ ਉਹਦੀ ਜ਼ਿੰਦਗੀ ਵਿਚ ਸੁੰਨਸਾਨ ਵਰਤ

ਗਈ। ਸਲਵਾਨ ਦੀ ਉਮਰ ਢਲ ਰਹੀ ਸੀ। ਇਸੇ ਢਲਦੀ ਉਮਰੇ ਉਹਨੇ ਆਪਣੀ ਐਸ਼ਪ੍ਰਸਤੀ ਲਈ ਨਵ-ਜੋਬਨ ਮੁਟਿਆਰ ਲੂਣਾਂ ਨੂੰ ਆਪਣੀ ਦੂਜੀ ਰਾਣੀ ਬਣਾ ਲਿਆ... ਇੱਛਰਾਂ ਲਈ ਉਹਦੇ ਅੰਦਰ ਹੁਣ ਕੋਈ ਕਸ਼ਿਸ਼ ਨਹੀਂ ਸੀ ਰਹੀ। ਇੱਛਰਾਂ ਆਪਣੇ ਪੁੱਤ ਦੇ ਵਿਛੋੜੇ ਦੇ ਸੱਲ ਨੂੰ ਆਪਣੇ ਸੀਨੇ ਨਾਲ਼ ਲਾ ਕੇ ਸੁੰਨ ਹੋ ਗਈ। ਉਧਰ ਪੂਰਨ ਆਪਣੇ ਮਾਂ-ਬਾਪ ਦੇ ਮੋਹ-ਮਮਤਾ ਤੋਂ ਸੱਖਣਾ ਹੌਲ਼ੀ-ਹੌਲ਼ੀ ਜ਼ਿੰਦਗੀ ਦੀ ਪੌੜੀ 'ਤੇ ਚੜ੍ਹਨ ਲੱਗਾ।

ਸਮਾਂ ਆਪਣੀ ਤੋਰੇ ਤੁਰ ਰਿਹਾ ਸੀ... ਪੂਰੇ ਬਾਰਾਂ ਵਰ੍ਹੇ ਬਤੀਤ ਹੋ ਗਏ। ਪੂਰਨ ਭੋਰਿਓਂ ਬਾਹਰ ਆਇਆ... ਰੂਪ ਦੀ ਸਾਕਾਰ ਮੂਰਤ... ਇਕ ਅਨੋਖੀ ਚਮਕ ਉਹਦੇ ਚਿਹਰੇ 'ਤੇ ਝਲਕਾਂ ਮਾਰ ਰਹੀ ਸੀ... ਯੋਗ ਸਾਧਨਾ ਦਾ ਸੋਧਿਆ ਹੋਇਆ ਪੂਰਨ ਸਲਵਾਨ ਦੇ ਦਰਬਾਰ ਵਿਚ ਆਪਣੇ ਪਿਤਾ ਦੇ ਸਨਮੁਖ ਹੋਇਆ... ਮਮਤਾ ਵਿਹੂਣੇ ਰਾਜੇ ਨੇ ਪਹਿਲਾਂ ਮਾਵਾਂ ਨੂੰ ਮਿਲਣ ਦਾ ਹੁਕਮ ਸੁਣਾ ਦਿੱਤਾ।

ਗੋਲੀਆਂ ਪੂਰਨ ਨੂੰ ਇੱਛਰਾਂ ਦੇ ਮਹਿਲੀਂ ਲੈ ਆਈਆਂ। ਪੂਰਨ ਨੂੰ ਵੇਖਦੇ ਸਾਰ ਹੀ ਇੱਛਰਾਂ ਦੀਆਂ ਅੱਖਾਂ 'ਚੋਂ ਮਮਤਾ ਦੇ ਅੱਥਰੂ ਵਹਿ ਤੁਰੇ... ਪੂਰਨ ਨੇ ਮਾਂ ਦੇ ਚਰਨ ਛੂਹੇ, ਮਾਂ ਦਾ ਚਾਅ ਝੱਲਿਆ ਨਹੀਂ ਸੀ ਜਾਂਦਾ। ਉਹ ਪੂਰਨ ਦੇ ਬਣ-ਬਣ ਪੈਂਦੇ ਰੂਪ 'ਤੇ ਬਲਿਹਾਰੇ ਜਾ ਰਹੀ ਸੀ। "ਪੁੱਤ ਪੂਰਨਾ! ਆਪਾਂ ਰੱਜ ਕੇ ਗੱਲਾਂ ਫੇਰ ਕਰਾਂਗੇ ਪਹਿਲਾਂ ਆਪਣੀ ਦੂਜੀ ਮਾਂ ਲੂਣਾਂ ਨੂੰ ਮਿਲ ਆ" ਆਖ ਰਾਣੀ ਇੱਛਰਾਂ ਨੇ ਪੂਰਨ ਨੂੰ ਲੂਣਾਂ ਵੱਲ ਤੋਰ ਦਿੱਤਾ।

ਸ਼ਾਹੀ ਮਹਿਲਾਂ 'ਚ ਪਹਿਲਾ ਮਹਿਲ ਮਤਰੇਈ ਮਾਂ ਲੂਣਾਂ ਦਾ ਸੀ। ਲੂਣਾਂ 'ਤੇ ਕਹਿਰਾਂ ਦਾ ਰੂਪ ਚੜ੍ਹਿਆ ਹੋਇਆ ਸੀ। ਜਦੋਂ ਦੀ ਉਹ ਇਸ ਮਹਿਲ ਵਿਚ ਆਈ ਸੀ ਉਸ ਨੇ ਸਲਵਾਨ ਤੋਂ ਬਿਨਾਂ ਕਿਸੇ ਹੋਰ ਮਰਦ ਦਾ ਮੂੰਹ ਨਹੀਂ ਸੀ ਦੇਖਿਆ। ਉਹਦੀ ਦੇਖ-ਭਾਲ ਲਈ ਗੋਲੀਆਂ ਸਨ ਮਰਦ ਜਾਤ ਨੂੰ ਮਹਿਲਾਂ ਵਿਚ ਆਉਣ ਦੀ ਮਨਾਹੀ ਸੀ। ਲੂਣਾਂ ਢਲਦੀ ਉਮਰ ਦੇ ਸਲਵਾਨ ਤੋਂ ਖ਼ੁਸ਼ ਨਹੀਂ ਸੀ। ਉਹ ਇਕ ਅਤ੍ਰਿਪਤ ਔਰਤ ਸੀ। ਰੂਪਵਾਨ ਪੂਰਨ ਨੂੰ ਵੇਖਦੇ ਸਾਰ ਹੀ ਉਹ ਆਪਣੀ ਸੁੱਧ-ਬੁੱਧ ਗੁਆ ਬੈਠੀ। ਸਾਰੇ ਸ਼ਿਸ਼ਟਾਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਛੱਡ ਕੇ ਉਹਨੇ ਪੂਰਨ ਨੂੰ ਪਤਿਆਉਣ ਦੇ ਅਨੇਕਾਂ ਯਤਨ ਕੀਤੇ, ਤਰਲੇ ਲਏ ਅਤੇ ਜਵਾਨੀ ਦੇ ਵਾਸਤੇ ਪਾਏ।

"ਮੇਰਾ ਲੂੰ ਲੂੰ ਭੁੱਜ ਰਿਹੈ। ਮੈਨੂੰ ਅਪਣੇ ਸੀਨੇ ਨਾਲ਼ ਲਾ ਕੇ ਮੇਰੀ ਪਿਆਸ ਬੁਝਾ ਦੇ ਪੂਰਨਾ..."

ਲੂਣਾਂ ਦੇ ਬੋਲਾਂ 'ਚ ਤਰਲਾ ਸੀ ਤੇ ਉਹ ਭਾਵਾਂ ਦੇ ਵਹਿਣ ਵਿਚ ਵਹਿ ਤੁਰੀ ਤੇ ਉਹਨੇ ਪੂਰਨ ਨੂੰ ਕਲਾਵੇ 'ਚ ਭਰ ਕੇ ਆਪਣੀ ਸੇਜ਼ 'ਤੇ ਸੁੱਟ ਲਿਆ ਪਰੰਤੂ ਪੂਰਨ ਨੇ ਇਕਦਮ ਆਪਣੇ ਆਪ ਨੂੰ ਉਸ ਪਾਸੋਂ ਛੁਡਾ ਲਿਆ ਤੇ ਸਹਿਜ ਨਾਲ਼

ਬੋਲਿਆ, "ਮਾਤਾ! ਹੋਸ਼ ਕਰ! ਮੈਂ ਇਹ ਰਿਸ਼ਤਾ ਤੇਰੇ ਨਾਲ਼ ਕਿਵੇਂ ਜੋੜ ਲਵਾਂ। ਮੇਰੇ ਬਾਪ ਨੇ ਤੈਨੂੰ ਪਰਨਾ ਕੇ ਲਿਆਂਦੈ! ਤੂੰ ਤਾਂ ਮੇਰੀ ਸਕੀ ਮਾਂ ਦੇ ਸਮਾਨ ਏਂ।"

"ਭਲਾ ਮੈਂ ਤੇਰੀ ਮਾਂ ਕਿਧਰੋਂ ਲਗਦੀ ਆਂ ਜ਼ਾਲਮਾ! ਨਾ ਮੈਂ ਤੈਨੂੰ ਜਨਮ ਦਿੱਤੈ ਨਾ ਹੀ ਆਪਣਾ ਸੀਰ ਚੁੰਘਾਇਐ! ਮੇਰਾ ਪਤੀ ਮੇਰੇ ਬਾਪ ਦੇ ਹਾਣ ਦਾ ਏ... ਸਾਡਾ ਜੋੜ ਨੀ ਜੁੜਦਾ... ਮੇਰਾ ਜੋੜ ਤਾਂ ਤੇਰੇ ਨਾਲ਼ ਜੁੜਦੈ। ਪੂਰਨਾ! ਆਪਣੀ ਜੁਆਨੀ ਦਾ ਮਾਣ ਰੱਖ। ਮੈਂ ਸਾਰੀ ਜ਼ਿੰਦਗੀ ਤੇਰਾ 'ਹਸਾਨ ਨਹੀਂ ਭੁੱਲਾਂਗੀ ਤੇ ਤੇਰੀ ਗੋਲੀ ਬਣ ਕੇ ਰਹਾਂਗੀ।"

ਲੂਣਾਂ ਪੂਰਨ ਅੱਗੇ ਵਿੱਛ-ਵਿੱਛ ਜਾ ਰਹੀ ਸੀ। ਪਰੰਤੂ ਪੂਰਨ ਉੱਤੇ ਉਹਦੀ ਭਖਦੀ ਜੁਆਨੀ ਅਤੇ ਤਰਲਿਆਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਅਡੋਲ ਖਲੋਤਾ ਆਪਣੇ ਧਰਮ 'ਤੇ ਪਹਿਰਾ ਦਿੰਦਾ, ਸੋਚਾਂ 'ਚ ਡੁੱਬਿਆ ਸੋਚ ਰਿਹਾ ਸੀ, ਮਤੇ ਉਸ ਪਾਸੋਂ ਕੋਈ ਅਵੱਗਿਆ ਹੋ ਜਾਵੇ। ਆਖ਼ਰ ਉਸ ਨੇ ਆਪਣੇ ਮਨ ਨਾਲ਼ ਨਿਰਣਾ ਲਿਆ ਤੇ ਲੂਣਾਂ ਤੋਂ ਅੱਖ ਬਚਾ ਕੇ ਫ਼ੁਰਤੀ ਨਾਲ਼ ਉਹਦੇ ਮਹਿਲਾਂ ਤੋਂ ਬਾਹਰ ਨਿਕਲ ਆਇਆ।

ਲੂਣਾਂ ਨੂੰ ਰੋਸ ਸੀ ਪੂਰਨ ਨੇ ਉਹਦੀ ਕਾਮਨਾ ਪੂਰੀ ਨਹੀਂ ਸੀ ਕੀਤੀ ਤੇ ਉਹ ਹੁਣ ਉਸ ਪਾਸੋਂ ਆਪਣੀ ਹੇਠੀ ਦਾ ਬਦਲਾ ਲੈਣ ਲਈ ਨਾਗਣ ਦਾ ਰੂਪ ਧਾਰੀ ਬੈਠੀ ਸੀ।

ਹਨ੍ਹੇਰਾ ਪਸਰ ਰਿਹਾ ਸੀ ਜਦੋਂ ਰਾਜਾ ਸਲਵਾਨ ਆਪਣੇ ਰਾਜ ਦਰਬਾਰ ਦੇ ਕੰਮਾਂ ਕਾਜਾਂ ਤੋਂ ਵਿਹਲਾ ਹੋ ਕੇ ਆਪਣੀ ਰਾਣੀ ਲੂਣਾਂ ਦੇ ਮਹਿਲਾਂ 'ਚ ਪੁੱਜਾ। ਉਸ ਹੈਰਾਨ ਹੋ ਕੇ ਵੇਖਿਆ ਕਿਧਰੇ ਵੀ ਦੀਵਾ ਬੱਤੀ ਨਹੀਂ। ਸਾਰੇ ਸ਼ਮ੍ਹਾਦਾਨ ਗੁੱਲ ਹੋਏ ਪਏ ਸਨ ਤੇ ਰਾਣੀ ਨਿੱਤ ਵਾਂਗ ਉਹਦੇ ਸਵਾਗਤ ਲਈ ਮਹਿਲ ਦੀਆਂ ਬਰੂਹਾਂ 'ਤੇ ਆਪ ਨਹੀਂ ਸੀ ਆਈ... ਉਹ ਰਾਣੀ ਦੇ ਕਮਰੇ ਵੱਲ ਅਹੁਲਿਆ... ਉਸ ਵੇਖਿਆ ਉਹ ਤਾਂ ਖਣਪੱਟੀ ਲਈ ਪਈ ਐ ਤੇ ਉਸ ਦਾ ਹਾਰ-ਸ਼ਿਗਾਰ ਏਧਰ-ਓਧਰ ਖਿੰਡਿਆ ਪਿਐ...।

"ਮੇਰੀਏ ਲਾਡੋ ਰਾਣੀਏਂ ਦਸ ਖਾਂ ਮੇਰੇ ਪਾਸੋਂ ਕਿਹੜੀ ਖ਼ੁਨਾਮੀ ਹੋ ਗਈ ਐ ਜਿਸ ਬਦਲੇ ਸੋਹਣਿਆਂ ਨੇ ਮੂੰਹ ਸੁਜਾਏ ਹੋਏ ਨੇ..." ਆਖਦਿਆਂ ਸਲਵਾਨ ਨੇ ਲੂਣਾਂ ਨੂੰ ਬਿਠਾ ਲਿਆ। ਉਹਨੇ ਵੇਖਿਆ ਉਹਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਵਹਿ ਰਹੇ ਸਨ। ਉਹਨੇ ਉਹਦੀ ਪਿੱਠ 'ਤੇ ਪਿਆਰ ਭਰਿਆ ਹੱਥ ਫੇਰਿਆ ਤੇ ਉਹ ਸਹਿਜ ਅਵਸਥਾ 'ਚ ਆ ਗਈ ਤੇ ਹਟਕੋਰੇ ਭਰਦਿਆਂ ਰਾਜੇ ਨੂੰ ਮੁਖ਼ਾਤਿਬ ਹੋਈ, "ਰਾਜਨ! ਛੋਟਾ ਮੂੰਹ ਪਰ ਗੱਲ ਬਹੁਤ ਵੱਡੀ ਐ, ਸ਼ਾਇਦ ਤੁਹਾਡੇ ਮਨ ਨਾ ਲੱਗੇ... ਮੈਂ ਤਾਂ ਸੋਚ ਵੀ ਨਹੀਂ ਸੀ ਸਕਦੀ, ਮੇਰੇ 'ਤੇ ਐਡਾ ਕਹਿਰ ਵਾਪਰੇਗਾ... ਭਲਾ ਕੋਈ ਪੁੱਤ ਆਪਣੀ ਮਾਂ ਦੇ ਸਤ ਨੂੰ ਭੰਗ ਕਰਨ ਬਾਰੇ ਸੋਚ ਸਕਦੈ? ਰਾਜਿਆ ਅੱਜ ਮਿਲਣ ਆਏ ਪੂਰਨ ਨੇ ਮੇਰੀ ਇੱਜ਼ਤ ਲੁੱਟਣ ਦੀ ਪੂਰੀ ਕੋਸ਼ਿਸ਼ ਕੀਤੀ ਐ, ਪਰ ਮੈਂ ਮਸੀਂ ਉਹਦੇ

ਚੁੰਗਲ 'ਚੋਂ ਬਚ ਕੇ ਨਿਕਲ ਸਕੀ ਆਂ...।"

ਸੁਣਦੇ ਸਾਰ ਹੀ ਸਲਵਾਨ ਸਿਰ ਤੋਂ ਪੈਰਾਂ ਤਕ ਗੁੱਸੇ ਨਾਲ਼ ਕੰਬ ਉਠਿਆ, "ਪੂਰਨ ਦੀ ਇਹ ਜੁਰਅੱਤ! ਮੈਂ ਉਹਦੇ ਸੀਰਮੇ ਪਾ ਜਾਵਾਂਗਾ! ਉਹਨੂੰ ਅਜਿਹੀ ਸਜ਼ਾ ਦੇਵਾਂਗਾ ਜਿਸ ਨੂੰ ਸਾਰੀ ਦੁਨੀਆਂ ਯਾਦ ਰੱਖੇਗੀ।"

ਭੋਲ਼ਾ ਸਲਵਾਨ ਕੀ ਜਾਣੇ, ਲੂਣਾਂ ਨੇ ਤਾਂ ਪੂਰਨ 'ਤੇ ਤੋਹਮਤ ਲਾਉਣ ਖ਼ਾਤਰ ਤ੍ਰਿਆ ਚਿਰੱਤਰ ਦੀ ਚਾਲ ਚੱਲੀ ਸੀ।

ਅਗਲੀ ਭਲਕ ਸਲਵਾਨ ਨੇ ਭਰੇ ਦਰਬਾਰ ਵਿਚ ਪੂਰਨ ਨੂੰ ਤਲਬ ਕਰ ਲਿਆ ਤੇ ਉਸ ਉੱਤੇ ਆਪਣੀ ਮਾਂ ਵਰਗੀ ਲੂਣਾਂ 'ਤੇ ਮੈਲ਼ੀਆਂ ਨਜ਼ਰਾਂ ਨਾਲ਼ ਵੇਖਣ ਦਾ ਦੋਸ਼ ਲਾਉਂਦਿਆਂ ਉਹਨੂੰ ਕਤਲ ਕਰਨ ਦਾ ਹੁਕਮ ਸਾਦਰ ਕਰ ਦਿੱਤਾ! ਬੇਗੁਨਾਹ ਪੂਰਨ ਦੀ ਕਿਸੇ ਇਕ ਨਾ ਸੁਣੀ।

ਜੱਲਾਦ ਪੂਰਨ ਨੂੰ ਕਤਲ ਕਰਨ ਲਈ ਲੈ ਤੁਰੇ... ਰਾਣੀ ਇੱਛਰਾਂ ਦਾ ਰੋਣ ਝੱਲਿਆ ਨਹੀਂ ਸੀ ਜਾਂਦਾ... ਸ਼ਹਿਰ ਦੀ ਜਨਤਾ ਮੂਕ ਖਲੋਤੀ ਜਾਂਦੇ ਪੂਰਨ ਨੂੰ ਵੇਖਦੀ ਰਹੀ... ਰਾਜੇ ਦਾ ਤਪ ਤੇਜ਼ ਹੀ ਐਨਾ ਸੀ ਕਿਸੇ ਹਾਅ ਦਾ ਨਾਅਰਾ ਮਾਰਨ ਦੀ ਜੁਰਅੱਤ ਵੀ ਨਾ ਕੀਤੀ। ਜੱਲਾਦ ਪੂਰਨ ਦੀ ਮਾਸੂਮੀਅਤ ਤੋਂ ਜਾਣੂੰ ਹੁੰਦੇ ਹੋਏ ਵੀ ਰਾਜੇ ਦਾ ਹੁਕਮ ਕਿਵੇਂ ਮੋੜਦੇ...। ਜੰਗਲ 'ਚ ਜਾ ਕੇ ਉਹ ਉਹਨੂੰ ਵੱਢ-ਟੁਕ ਕੇ ਇਕ ਵਿਰਾਨ ਖੂਹ 'ਚ ਧੱਕਾ ਦੇ ਆਏ ਤੇ ਰਾਜੇ ਨੂੰ ਆਖ ਦਿੱਤਾ ਕਿ ਉਹ ਉਹਨੂੰ ਮਾਰ ਮੁਕਾ ਆਏ ਹਨ।

ਕੁਦਰਤ ਦੀ ਕਰਨੀ ਵੇਖੋ ਕੁਝ ਸਮੇਂ ਮਗਰੋਂ ਜੋਗੀਆਂ ਦਾ ਇਕ ਟੋਲਾ ਉਸੇ ਖੂਹ 'ਤੇ ਆਣ ਉਤਰਿਆ ਜਿਸ ਵਿਚ ਪੂਰਨ ਵੱਢਿਆ-ਟੁੱਕਿਆ ਪਿਆ ਸੀ। ਇਕ ਜੋਗੀ ਨੇ ਪਾਣੀ ਭਰਨ ਲਈ ਜਦੋਂ ਖੂਹ ਵਿਚ ਡੋਲ ਫਰਾਇਆ... ਉਸ ਨੂੰ ਕਿਸੇ ਪੁਰਸ਼ ਦੇ ਕਰ੍ਹਾਹੁਣ ਦੀ ਆਵਾਜ਼ ਸੁਣਾਈ ਦਿੱਤੀ। ਉਹਨੇ ਜੋਗੀਆਂ ਕੋਲ਼ ਆ ਕੇ ਗੱਲ ਕੀਤੀ... ਉਨ੍ਹਾਂ ਪੂਰਨ ਨੂੰ ਖੂਹ ਵਿਚੋਂ ਕੱਢ ਲਿਆ ਅਤੇ ਉਸ ਨੂੰ ਉਸੇ ਵੇਲੇ ਆਪਣੇ ਗੁਰੂ ਗੋਰਖ ਨਾਥ ਦੇ ਟਿੱਲੇ 'ਤੇ ਲੈ ਆਏ! ਗੋਰਖ ਦੀ ਤੀਮਾਰਦਾਰੀ, ਸਨੇਹ ਅਤੇ ਮੁਰਵੱਤ ਦੇ ਥਾਪੜੇ ਨੇ ਉਸ ਨੂੰ ਕੁਝ ਦਿਨਾਂ ਵਿਚ ਹੀ ਨੌਂ-ਬਰ-ਨੌਂ ਕਰ ਦਿੱਤਾ। ਗੋਰਖ ਨਾਥ ਦੀ ਤਲਿਸਮੀ ਸ਼ਖ਼ਸੀਅਤ ਨੇ ਪੂਰਨ ਨੂੰ ਅਜਿਹਾ ਕੀਲਿਆ ਕਿ ਉਹਨੇ ਆਪਣੇ ਆਪ ਨੂੰ ਗੋਰਖ ਦੇ ਚਰਨਾਂ 'ਚ ਅਰਪਣ ਕਰ ਦਿੱਤਾ ਤੇ ਜੋਗ ਸਾਧਨਾ ਵਿਚ ਜੁਟ ਗਿਆ... ਤਿਆਗ ਦੀ ਮੂਰਤ ਬਣੇ ਪੂਰਨ ਨੇ ਇਕ ਦਿਨ ਗੋਰਖ ਪਾਸੋਂ ਦੀਖਿਆ ਲਈ ਬੇਨਤੀ ਕੀਤੀ। ਗੋਰਖ ਤਰੁੱਠਿਆ... ਉਹਨੇ ਪੂਰਨ ਦੇ ਕੰਨਾਂ 'ਚ ਮੁੰਦਰਾਂ ਪੁਆ ਕੇ ਜੋਗੀ ਬਣਾ ਦਿੱਤਾ।

ਜੋਗੀ ਬਣਿਆਂ ਪੂਰਨ ਪਹਿਲੇ ਦਿਨ ਗਲ 'ਚ ਬਗਲੀ ਪਾ ਕੇ ਭਿੱਖਿਆ ਮੰਗਣ ਲਈ ਰਾਣੀ ਸੁੰਦਰਾਂ ਦੇ ਮਹਿਲੀਂ ਗਿਆ। ਗੋਲੀਆਂ ਪਾਸੋਂ ਜੋਗੀ ਦਾ ਰੂਪ

ਝੱਲਿਆ ਨਾ ਗਿਆ। ਉਨ੍ਹਾਂ ਰਾਣੀ ਸੁੰਦਰਾਂ ਨੂੰ ਆਪ ਜਾ ਕੇ ਖ਼ੈਰ ਪਾਉਣ ਲਈ ਆਖਿਆ... ਰਾਣੀ ਹੀਰੇ ਮੋਤੀਆਂ ਦਾ ਥਾਲ ਭਰ ਕੇ ਲੈ ਆਈ ਤੇ ਪੂਰਨ ਦੀ ਬਗਲੀ 'ਚ ਉਲੱਦ ਦਿੱਤਾ। ਪੂਰਨ ਨੀਵੀਂ ਪਾਈ ਖਲੋਤਾ ਰਿਹਾ ਤੇ ਰਾਣੀ ਵੱਲ ਅੱਖ ਭਰ ਕੇ ਵੀ ਨਾ ਵੇਖਿਆ।

ਹੀਰੇ ਮੋਤੀ ਭਲਾ ਜੋਗੀਆਂ ਦੇ ਕਿਸ ਕੰਮ ਸਨ- ਗੋਰਖ ਨੇ ਪੂਰਨ ਨੂੰ ਹੀਰੇ ਮੋਤੀਆਂ ਸਮੇਤ ਵਾਪਸ ਭੇਜ ਕੇ ਆਖਿਆ, "ਰਾਣੀ ਨੂੰ ਆਖ ਸਾਨੂੰ ਤੇ ਪੱਕੀ ਰੋਟੀ ਚਾਹੀਦੀ ਹੈ... ਹੀਰੇ ਮੋਤੀ ਨਹੀਂ।"

ਪੂਰਨ ਉਸੇ ਪੈਰੀਂ ਵਾਪਸ ਮੁੜ ਆਇਆ ਤੇ ਰਾਣੀ ਸੁੰਦਰਾਂ ਦੇ ਮਹਿਲੀਂ ਜਾ ਅਲਖ ਜਗਾਈ! ਰਾਣੀ ਸੁੰਦਰਾਂ ਜਿਹੜੀ ਆਪ ਹੁਸਨ ਦੀ ਸਾਕਾਰ ਮੂਰਤ ਸੀ, ਪੂਰਨ 'ਤੇ ਫ਼ਿਦਾ ਹੋ ਗਈ। ਉਹਨੇ ਆਪਣੀ ਨਿਗਰਾਨੀ ਵਿਚ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ। ਨੰਗੇ ਪੈਰੀਂ... ਗੋਰਖ ਦੇ ਟਿੱਲੇ 'ਤੇ ਪੁੱਜ ਗਈ ਤੇ ਗੋਰਖ ਦੇ ਚਰਨਾਂ 'ਚ ਸੀਸ ਨਿਵਾ ਦਿੱਤਾ।

ਪਿਆਰ ਤੇ ਸ਼ਰਧਾ ਵਿਚ ਬਣਾਏ ਭੋਜਨ ਨੂੰ ਛੱਕ ਕੇ ਗੋਰਖ ਤਰੁੱਠ ਪਿਆ, "ਰਾਣੀ ਮੰਗ ਜੋ ਮੰਗਣੈਂ... ਤੇਰੀ ਹਰ ਮੁਰਾਦ ਪੂਰੀ ਹੋਵੇਗੀ।"

"ਕਿਸੇ ਚੀਜ਼ ਦੀ ਲੋੜ ਨੀ ਨਾਥ ਜੀ।" ਸੁੰਦਰਾਂ ਨੇ ਦੋਵੇਂ ਹੱਥ ਜੋੜ ਕੇ ਆਖਿਆ।

"ਅਜੇ ਵੀ ਮੰਗ ਲੈ," ਗੋਰਖ ਮੁੜ ਬੋਲਿਆ।

"ਨਾਥ ਜੀ ਥੋਡਾ ਅਸ਼ੀਰਵਾਦ ਹੀ ਬਹੁਤ ਐ" ਸੁੰਦਰਾਂ ਭਾਵੁਕ ਹੋਈ ਆਖ ਰਹੀ ਸੀ।

"ਤੀਜਾ ਵਚਨ ਐ... ਮੰਗ ਲੈ ਰਾਣੀਏਂ।"

ਸੁੰਦਰਾਂ ਲਈ ਇਹੋ ਯੋਗ ਅਵਸਰ ਸੀ। ਉਹਨੇ ਹੱਥ ਜੋੜ ਕੇ ਅਰਜ਼ ਗੁਜ਼ਾਰੀ, "ਮੇਰੇ ਨਾਥ ਜੇ ਤਰੁੱਠੇ ਹੀ ਹੋ ਤਾਂ ਮੈਨੂੰ ਪੂਰਨ ਦੇ ਦੇਵੋ।"

ਗੋਰਖ ਨਾਥ ਨੇ ਪੂਰਨ ਨੂੰ ਰਾਣੀ ਸੁੰਦਰਾਂ ਨਾਲ਼ ਜਾਣ ਦਾ ਇਸ਼ਾਰਾ ਕਰ ਦਿੱਤਾ।

ਨਾਥ ਦਾ ਹੁਕਮ ਮੰਨ ਕੇ ਪੂਰਨ ਸੁੰਦਰਾਂ ਨਾਲ਼ ਉਹਦੇ ਮਹਿਲਾਂ ਨੂੰ ਤੁਰ ਪਿਆ... ਰਾਣੀ ਨੇ ਉਹਦੀਆਂ ਸੈਆਂ ਖ਼ਾਤਰਾਂ ਕੀਤੀਆਂ ਪਰੰਤੂ ਪੂਰਨ ਨੂੰ ਰਾਣੀ ਸੁੰਦਰਾਂ ਦਾ ਹੁਸਨ, ਚੁਹਲ ਤੇ ਨਖ਼ਰੇ ਭਰਮਾ ਨਾ ਸਕੇ। ਉਹ ਅਡੋਲ ਸਮਾਧੀ ਲਾਈ ਬੈਠਾ ਰਿਹਾ। ਅਗਲੀ ਸਵੇਰ ਪੂਰਨ ਨੇ ਬਾਹਰ ਜੰਗਲ ਵਿਚ ਜਾ ਕੇ ਜੰਗਲ-ਪਾਣੀ ਜਾਣ ਦੀ ਚਾਹਨਾ ਪ੍ਰਗਟਾਈ। ਰਾਣੀ ਨੇ ਗੋਲੀਆਂ ਉਹਦੇ ਨਾਲ਼ ਤੋਰ ਦਿੱਤੀਆਂ ਤੇ ਆਪ ਮਹਿਲਾਂ 'ਤੇ ਖੜ੍ਹ ਕੇ ਜਾਂਦੇ ਪੂਰਨ ਨੂੰ ਵੇਖਣ ਲੱਗੀ। ਦਰੱਖ਼ਤਾਂ ਦੇ ਝੁੰਡ ਓਹਲੇ ਜਾ ਕੇ ਪੂਰਨ ਨੇ ਅਜਿਹੀ ਝਕਾਨੀ ਦਿੱਤੀ ਕਿ ਉਹ ਗੋਲੀਆਂ ਦੀਆਂ ਅੱਖੀਆਂ ਤੋਂ

ਦੂਰ ਹੋ ਗਿਆ। ਪੂਰਨ ਦੇ ਪ੍ਰੇਮ 'ਚ ਦੀਵਾਨੀ ਹੋਈ ਸੁੰਦਰਾਂ ਉਹਦਾ ਓਹਲੇ ਹੋਣਾ ਬਰਦਾਸ਼ਤ ਨਾ ਕਰ ਸਕੀ। ਗੋਲੀਆਂ ਵਾਪਸ ਪਰਤ ਰਹੀਆਂ ਸਨ ਕੱਲੀਆਂ... ਸੁੰਦਰਾਂ ਨੇ ਵੇਖਦੇ-ਵੇਖਦੇ ਮਹਿਲ ਤੋਂ ਛਾਲ ਮਾਰ ਦਿੱਤੀ ਤੇ ਆਪਣੀ ਜਾਨ ਗੁਆ ਲਈ।

ਪੂਰਨ ਜੋਗੀ ਬਣਿਆਂ ਜੋਗ ਦਾ ਚਾਨਣ ਵੰਡਦਾ ਵੱਖ-ਵੱਖ ਥਾਵਾਂ 'ਤੇ ਘੁੰਮਦਾ ਰਿਹਾ... ਸਲਵਾਨ ਨੇ ਤਾਂ ਆਪਣੇ ਵਲੋਂ ਪੂਰਨ ਨੂੰ ਮਰਵਾ ਦਿੱਤਾ ਸੀ। ਰਾਣੀ ਇੱਛਰਾਂ ਆਪਣੇ ਪੁੱਤ ਦੇ ਵਿਯੋਗ ਵਿਚ ਉਂਜ ਹੀ ਅੰਨ੍ਹੀ ਹੋ ਗਈ ਸੀ ਤੇ ਲੂਣਾਂ ਦੀ ਕੁੱਖ ਅਜੇ ਤੀਕ ਹਰੀ ਨਹੀਂ ਸੀ ਹੋਈ। ਸਲਵਾਨ ਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਉਹਦੇ ਰਾਜ ਦਾ ਵਾਰਸ ਕੋਈ ਨਹੀਂ।

ਘੁੰਮਦਾ-ਘੁੰਮਦਾ ਪੂਰਨ ਪੂਰੇ ਬਾਰ੍ਹਾਂ ਵਰ੍ਹੇ ਮਗਰੋਂ ਜੋਗੀ ਦੇ ਭੇਸ ਵਿਚ ਆਪਣੇ ਸ਼ਹਿਰ ਸਿਆਲਕੋਟ ਪੁੱਜਾ। ਸ਼ਹਿਰੋਂ ਬਾਹਰ ਉਜੜੇ ਹੋਏ ਬਾਗ਼ ਵਿਚ ਉਹਨੇ ਧੂਣਾ ਤਾਪ ਦਿੱਤਾ ਤੇ ਸਮਾਧੀ 'ਚ ਲੀਨ ਹੋ ਗਿਆ। ਬਾਗ਼ ਹਰਾ ਭਰਾ ਹੋ ਗਿਆ ਤੇ ਇਸ ਦੀ ਮਹਿਕ ਸਾਰੇ ਵਾਤਾਵਰਨ ਵਿਚ ਫੈਲ ਗਈ। ਸ਼ਹਿਰ ਵਿਚ ਨਵੇਂ ਜੋਗੀ ਦੀ ਚਰਚਾ ਸ਼ੁਰੂ ਹੋ ਗਈ। ਰਾਜੇ ਦੇ ਕੰਨੀਂ ਵੀ ਕਰਾਮਾਤੀ ਜੋਗੀ ਦੀ ਕਨਸੋਅ ਪਈ... ਉਹਨੇ ਆਪਣੀਆਂ ਰਾਣੀਆਂ ਸਮੇਤ ਜੋਗੀ ਪਾਸ ਜਾ ਕੇ ਵਰ ਮੰਗਣ ਦਾ ਫ਼ੈਸਲਾ ਕਰ ਲਿਆ।

ਸਲਵਾਨ ਰਾਣੀਆਂ ਸਮੇਤ ਧੂਣਾ ਤਾਪਦੇ ਜੋਗੀ ਪਾਸ ਪੁੱਜ ਗਿਆ। ਪੂਰਨ ਨੇ ਅੱਖੀਆਂ ਖੋਲ੍ਹ ਕੇ ਵੇਖਿਆ- ਉਹਦੇ ਮਾਂ-ਬਾਪ ਉਹਦੇ ਸਾਹਮਣੇ ਸਵਾਲੀ ਬਣੇ ਖਲੋਤੇ ਸਨ... ਉਹਨੇ ਸਤਿਕਾਰ ਵਜੋਂ ਉੱਠ ਕੇ ਆਪਣੀ ਮਾਂ ਇੱਛਰਾਂ ਦੇ ਚਰਨ ਜਾ ਛੂਹੇ।

ਉਹਦੀ ਛੂਹ ਪ੍ਰਾਪਤ ਕਰਕੇ ਇੱਛਰਾਂ ਬੋਲੀ, "ਵੇ ਪੁੱਤ ਜੋਗੀਆ, ਤੂੰ ਤਾਂ ਮੇਰਾ ਪੁੱਤ ਪੂਰਨ ਲਗਦੈਂ...।"

ਕਹਿੰਦੇ ਹਨ ਆਪਣੇ ਪੁੱਤ ਪੂਰਨ ਦੀ ਛੂਹ ਪ੍ਰਾਪਤ ਕਰਦੇ ਹੀ ਇੱਛਰਾਂ ਦੀਆਂ ਅੱਖਾਂ ਵਿਚ ਮੁੜ ਜੋਤ ਪਰਤ ਆਈ ਅਤੇ ਉਹਦੀਆਂ ਛਾਤੀਆਂ ਵਿਚੋਂ ਮਮਤਾ ਦਾ ਦੁੱਧ ਛਲਕ ਪਿਆ।

ਪੂਰਨ ਦੇ ਮੁਖੜੇ 'ਤੇ ਅਨੂਠਾ ਜਮਾਲ ਸੀ।

ਸਲਵਾਨ ਸੁੰਨ ਹੋਇਆ ਖੜੋਤਾ ਸੀ... ਉਸ ਦੇ ਬੁੱਲ੍ਹ ਫਰਕ ਰਹੇ ਸਨ ਪਰੰਤੂ ਬੋਲਾਂ ਦਾ ਰੂਪ ਨਹੀਂ ਸੀ ਧਾਰ ਰਹੇ। ਲੂਣਾਂ ਨੇ ਬੜੀ ਅਧੀਨਗੀ ਨਾਲ਼ ਬੇਨਤੀ ਕੀਤੀ, "ਜੋਗੀ ਜੀ, ਸਾਡੇ 'ਤੇ ਦਿਆ ਕਰੋ! ਰਾਜੇ ਨੂੰ ਇਕ ਪੁੱਤਰ ਦੀ ਦਾਤ ਬਖ਼ਸ਼ੋ।"

"ਪੁੱਤ ਤਾਂ ਰਾਜੇ ਦਾ ਹੈਗਾ- ਹੋਰ ਪੁੱਤ ਦੀ ਕੀ ਲੋੜ ਐ," ਜੋਗੀ ਬੁਲ੍ਹੀਆਂ 'ਚ ਮੁਸਕਰਾਇਆ!

"ਜੋਗੀ ਜੀ ਪੁੱਤ ਮੇਰਾ ਹੈ ਨਹੀਂ... ਹੈਸੀ, ਪਰ ਕੁਕਰਮ ਕਰਕੇ ਇਸ

ਦੁਨੀਆਂ 'ਚ ਨਹੀਂ ਰਿਹਾ।" ਐਨਾ ਆਖ ਰਾਜੇ ਦਾ ਗਲ਼ਾ ਭਰ ਆਇਆ। ਲੂਣਾਂ ਦੇ ਸਬਰ ਦਾ ਪਿਆਲਾ ਵੀ ਛਲਕ ਪਿਆ... ਉਹਦੀਆਂ ਅੱਖੀਆਂ 'ਚੋਂ ਪਛਤਾਵੇ ਦੇ ਹੰਝੂ ਵਹਿ ਤੁਰੇ। ਜੋਗੀ ਦੇ ਮਸਤਕ ਦਾ ਤੇਜ਼ ਹੀ ਐਨਾ ਸੀ ਕਿ ਉਸ ਨੇ ਆਪਣੇ ਜ਼ੁਰਮ ਦਾ ਇਕਬਾਲ ਕਰਦਿਆਂ ਆਖਿਆ, "ਜੋਗੀ ਜੀ ਕਸੂਰ ਤਾਂ ਮੇਰਾ ਹੀ ਹੈ। ਮੇਰੇ ਪਾਸੋਂ ਪੂਰਨ ਦੇ ਹੁਸਨ ਦੀ ਝਾਲ ਝੱਲੀ ਨਹੀਂ ਸੀ ਗਈ... ਮੈਂ ਡੋਲ ਗਈ ਸਾਂ। ਉਹਦਾ ਕੋਈ ਕਸੂਰ ਨਹੀਂ ਸੀ, ਮੈਂ ਹੀ ਉਸ 'ਤੇ ਝੂਠੀ ਤੋਹਮਤ ਲਾਈ ਸੀ।"

ਇਹ ਸੁਣਦੇ ਸਾਰ ਹੀ ਸਲਵਾਨ ਨੇ ਮਿਆਨ ਵਿਚੋਂ ਤਲਵਾਰ ਧੂਹ ਲਈ ਤੇ ਲੂਣਾਂ ਦਾ ਗਾਟਾ ਲਾਹੁਣ ਲਈ ਬਾਂਹ ਉਲਾਰੀ।

ਪੂਰਨ ਨੇ ਫੁਰਤੀ ਨਾਲ਼ ਰਾਜੇ ਦੀ ਬਾਂਹ ਫੜ ਲਈ ਤੇ ਆਖਿਆ, "ਇਹਨੂੰ ਖ਼ਿਮਾ ਕਰ ਦੇਵੋ... ਤੁਹਾਡਾ ਪੁੱਤ ਜਿਉਂਦਾ ਹੈ... ਮੈਂ ਹੀ ਆਂ ਤੁਹਾਡਾ ਪੁੱਤ ਪੂਰਨ।"

ਵੈਰਾਗ ਦੇ ਹੰਝੂ ਵਹਿ ਤੁਰੇ...ਇੱਛਰਾਂ, ਲੂਣਾਂ ਤੇ ਸਲਵਾਨ ਪੂਰਨ ਨੂੰ ਚੁੰਮਦੇ-ਚੁੰਮਦੇ ਵਿਸਮਾਦੀ ਅਵਸਥਾ ਵਿਚ ਪੁੱਜ ਗਏ। ਉਨ੍ਹਾਂ ਨੇ ਪੂਰਨ ਨੂੰ ਆਪਣੇ ਮਹਿਲੀਂ ਚੱਲਣ ਲਈ ਆਖਿਆ... ਪਰੰਤੂ ਪੂਰਨ ਨੇ ਉਨ੍ਹਾਂ ਨਾਲ਼ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ... ਰਾਜ ਭਾਗ ਉਸ ਲਈ ਮਿੱਟੀ ਦੇ ਸਮਾਨ ਸੀ। ਉਹ ਤਾਂ ਸਭ ਕੁਝ ਤਿਆਗ ਚੁੱਕਾ ਸੀ। ਉਹਨੇ ਭਿੱਖਿਆ ਦੇ ਖੱਪਰ ਵਿਚੋਂ ਚੌਲ਼ ਦਾ ਇਕ ਦਾਣਾ ਚੁੱਕ ਕੇ ਲੂਣਾਂ ਦੀ ਹਥੇਲੀ 'ਤੇ ਰੱਖ ਕੇ ਆਖਿਆ, "ਮਾਤਾ ਘਰ ਨੂੰ ਮੁੜ ਜਾਵੋ, ਤੁਹਾਡੀ ਕੁੱਖ ਵੀ ਇਸ ਬਾਗ਼ ਵਾਂਗ ਹਰੀ ਹੋਵੇਗੀ। ਤੁਹਾਡੀ ਝੋਲੀ ਵਿਚ ਪੁੱਤਰ ਖੇਡੇਗਾ ਜੋ ਇਸ ਰਾਜ ਦਾ ਵਾਰਸ ਬਣੇਗਾ।"

ਪੁੱਤ ਦੀ ਦਾਤ ਦੀ ਬਖ਼ਸ਼ਿਸ਼ ਕਰਕੇ ਪੂਰਨ ਰੋਕਦਿਆਂ-ਰੋਕਦਿਆਂ ਅਗਾਂਹ ਤੁਰ ਗਿਆ। ਸਲਵਾਨ ਤੇ ਰਾਣੀਆਂ ਭਰੇ ਨੇਤਰਾਂ ਨਾਲ਼ ਜਾਂਦੇ ਪੁੱਤ ਦੀ ਪਿੱਠ ਵੇਖਦੇ ਰਹੇ...।

ਸਮਾਂ ਪਾ ਕੇ ਲੂਣਾਂ ਦੀ ਕੁੱਖੋਂ ਪੁੱਤਰ ਨੇ ਜਨਮ ਲਿਆ ਜੋ ਰਾਜਾ ਰਸਾਲੂ ਦੇ ਨਾਂ ਨਾਲ਼ ਪ੍ਰਸਿੱਧ ਹੋਇਆ ਜਿਸ ਦੀ ਬਹਾਦਰੀ ਦੀਆਂ ਅਨੇਕਾਂ ਕਹਾਣੀਆਂ ਪ੍ਰਚੱਲਿਤ ਹਨ।

•

# ਰਾਜਾ ਰਸਾਲੂ

ਭਾਵੇਂ ਪੰਜਾਬ ਦੇ ਇਤਿਹਾਸ ਵਿਚ ਰਾਜਾ ਰਸਾਲੂ ਦਾ ਨਾਂ ਸਥਾਈ ਤੌਰ 'ਤੇ ਕਿਧਰੇ ਨਜ਼ਰ ਨਹੀਂ ਆਉਂਦਾ ਪਰੰਤੂ ਉਹ ਪੰਜਾਬ ਦੇ ਲੋਕ ਮਾਨਸ ਦਾ ਇਕ ਅਜਿਹਾ ਹਰਮਨ-ਪਿਆਰਾ ਲੋਕ ਨਾਇਕ ਹੈ ਜਿਸ ਦੇ ਨਾਂ ਨਾਲ਼ ਅਨੇਕਾਂ ਦਿਲਚਸਪ ਤੇ ਰਸ-ਭਰਪੂਰ ਕਹਾਣੀਆਂ ਜੁੜੀਆਂ ਹੋਈਆਂ ਹਨ। ਉਸ ਦੇ ਜੀਵਨ ਨਾਲ਼ ਸਬੰਧਤ ਘਟਨਾਵਾਂ ਅਤੇ ਸੂਰਬੀਰਤਾ ਭਰੇ ਕਾਰਨਾਮਿਆਂ ਨੂੰ ਬਹੁਤ ਸਾਰੇ ਲੋਕ ਕਵੀਆਂ ਨੇ ਆਪਣੀਆਂ ਵਾਰਾਂ ਅਤੇ ਕਿੱਸਿਆਂ ਵਿਚ ਗਾਂਵਿਆ ਹੈ।

ਕਹਿੰਦੇ ਹਨ ਰਾਜਾ ਰਸਾਲੂ ਸਿਆਲਕੋਟ (ਪਾਕਿਸਤਾਨ) ਦੇ ਰਾਜਾ ਸਲਵਾਨ ਦਾ ਪੁੱਤਰ ਸੀ, ਪੂਰਨ ਭਗਤ ਦਾ ਛੋਟਾ ਭਰਾ, ਜੋ ਸਲਵਾਨ ਦੀ ਢਲਦੀ ਉਮਰ ਵਿਚ ਰਾਣੀ ਲੂਣਾਂ ਦੀ ਕੁੱਖੋਂ ਪੂਰਨ ਦੇ ਵਰ ਨਾਲ਼ ਪੈਦਾ ਹੋਇਆ।

ਰਸਾਲੂ ਦਾ ਜਨਮ ਸਾਰੇ ਸਿਆਲਕੋਟ ਲਈ ਖ਼ੁਸ਼ੀਆਂ ਅਤੇ ਖੇੜਿਆਂ ਦਾ ਢੋਆ ਲੈ ਕੇ ਆਇਆ... ਸਾਰੇ ਸ਼ਹਿਰ ਵਿਚ ਘਿਓ ਦੇ ਦੀਵੇ ਬਾਲ਼ੇ ਗਏ, ਖ਼ੈਰਾਤਾਂ ਵੰਡੀਆਂ ਗਈਆਂ ਪਰੰਤੂ ਵਹਿਮਾਂ-ਭਰਮਾਂ 'ਚ ਗਰੱਸੇ ਸਲਵਾਨ ਨੂੰ ਕਿਸੇ ਜੋਤਸ਼ੀ ਨੇ ਆਖਿਆ, "ਰਾਜਨ ਪੂਰੇ ਬਾਰ੍ਹਾਂ ਵਰ੍ਹੇ ਇਹਦੇ ਮੱਥੇ ਨਾ ਲੱਗੀਂ, ਨਹੀਂ ਤੇਰੀ ਮੌਤ ਹੋ ਜਾਵੇਗੀ।"

ਰਾਜਾ ਸਲਵਾਨ ਸੋਚੀਂ ਪੈ ਗਿਆ... ਆਪਣੇ ਵਜ਼ੀਰਾਂ ਨਾਲ਼ ਸਲਾਹ-ਮਸ਼ਵਰਾ ਕਰਕੇ ਹੁਕਮ ਸੁਣਾ ਦਿੱਤਾ, "ਰਸਾਲੂ ਨੂੰ ਬਾਰਾਂ ਵਰ੍ਹੇ ਲਈ ਭੋਰੇ 'ਚ ਪਾ ਦੇਵੋ।"

ਕੇਹਾ ਬਾਪ ਸੀ ਉਹ ਜਿਹੜਾ ਸੁੱਖਾਂ-ਸੁਖ ਕੇ ਪ੍ਰਾਪਤ ਕੀਤੇ ਪੁੱਤ ਦੇ ਮੱਥੇ ਲੱਗਣੋਂ ਵੀ ਡਰ ਰਿਹਾ ਸੀ... ਲੂਣਾਂ ਕੁਰਲਾਉਂਦੀ ਰਹੀ... ਲੋਰੀਆਂ ਦੇਣ ਦੀ ਉਹਦੀ ਰੀਝ ਤੜਪਦੀ ਰਹੀ... ਅਲੂਏਂ ਜੁਆਕ ਨੂੰ ਇਕ ਵੱਖਰੇ ਮਹਿਲ ਵਿਚ ਭੇਜ ਦਿੱਤਾ ਗਿਆ...। ਉਸ ਮਹਿਲ ਵਿਚੋਂ ਰਸਾਲੂ ਲਈ ਬਾਹਰ ਜਾਣ ਦੀ ਆਗਿਆ ਨਹੀਂ ਸੀ। ਇਕ ਤਰਖਾਣਾਂ ਦਾ ਮੁੰਡਾ ਤੇ ਇਕ ਸੁਨਿਆਰਾਂ ਦਾ ਮੁੰਡਾ ਉਹਦੇ ਨਾਲ਼ ਖੇਡਣ ਲਈ ਛੱਡੇ ਗਏ ਤੇ ਦਾਈ ਸਕੀ ਮਾਂ ਦੀ ਨਿਆਈਂ ਉਹਦੀ ਪਾਲਣਾ ਪੋਸ਼ਣਾ ਕਰਨ ਲੱਗੀ।

ਮਾਂ-ਬਾਪ ਦੀ ਮਮਤਾ ਤੋਂ ਵਿਹੂਣਾ ਰਸਾਲੂ ਦਿਨ, ਮਹੀਨੇ, ਸਾਲ ਬਿਤਾਉਂਦਾ ਹੋਇਆ ਵੱਡਾ ਹੋਣ ਲੱਗਾ। ਉਹਦੀ ਰਾਜ ਦਰਬਾਰ ਲਈ ਲੋੜੀਂਦੀ ਸਿੱਖਿਆ ਦਾ

ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਘੋੜ-ਸਵਾਰੀ, ਸ਼ਸਤਰ ਸਿੱਖਿਆ, ਤੀਰ-ਅੰਦਾਜ਼ੀ ਅਤੇ ਤਲਵਾਰ ਚਲਾਉਣ ਦੇ ਹੁਨਰ ਵਿਚ ਉਹਨੇ ਮੁਹਾਰਤ ਹਾਸਲ ਕਰ ਲਈ। ਯੋਗ ਸਾਧਨਾ ਅਤੇ ਕਸਰਤ ਕਰਨ ਦੇ ਸ਼ੌਕ ਨੇ ਉਹਦੇ ਸਰੀਰ ਨੂੰ ਸਡੌਲ ਤੇ ਗੇਲੀ ਵਰਗਾ ਮਜਬੂਤ ਬਣਾ ਦਿੱਤਾ...। ਅੱਥਰੀ ਜਵਾਨੀ ਭਲਾ ਕਿੰਨੀ ਕੁ ਦੇਰ ਕਿਲੇ ਦੀ ਕੈਦ ਵਿਚ ਰਹਿ ਸਕਦੀ ਹੈ। ਰਾਜੇ ਦੇ ਸਖ਼ਤ ਹੁਕਮ ਵੀ ਉਸ ਨੂੰ ਰੋਕ ਨਾ ਸਕੇ। ਰਸਾਲੂ ਨੇ ਕਿਲੇ ਤੋਂ ਬਾਹਰ ਜਾਣਾ ਸ਼ੁਰੂ ਕਰ ਦਿੱਤਾ।

ਹੁਸਨ ਦਾ ਰਸੀਆ ਅਤੇ ਸ਼ਿਕਾਰ ਖੇਡਣ ਦਾ ਸ਼ੌਕੀਨ ਰਸਾਲੂ ਆਪਣੇ ਬਾਂਕੇ ਘੋੜੇ 'ਤੇ ਅਸਵਾਰ ਹੋ ਕੇ ਸ਼ਹਿਰ ਵਿਚ ਗੇੜਾ ਮਾਰਨ ਲੱਗਾ! ਕਈ ਅਵੱਲੜੇ ਸ਼ੌਕ ਉਸ ਨੇ ਪਾਲ਼ੇ ਹੋਏ ਸਨ... ਉਹਨੂੰ ਪਾਣੀ ਭਰਦੀਆਂ ਸੋਹਣੀਆਂ ਮੁਟਿਆਰਾਂ ਦੇ ਗੁਲੇਲਾਂ ਨਾਲ਼ ਘੜੇ ਭੰਨ ਕੇ ਅਨੂਠਾ ਸੁਆਦ ਆਉਂਦਾ ਸੀ...। ਨਿੱਤ ਨਵੀਆਂ ਗਾਗਰਾਂ ਤੇ ਘੜੇ ਭੰਨੇ ਜਾਂਦੇ। ਲੂਣਾਂ ਕੋਲ਼ ਮੁਟਿਆਰਾਂ ਨੇ ਜਾ ਸ਼ਿਕਾਇਤਾਂ ਕੀਤੀਆਂ। ਰਾਣੀ ਨੇ ਉਨ੍ਹਾਂ ਨੂੰ ਪਿੱਤਲ ਤੇ ਲੋਹੇ ਦੀਆਂ ਗਾਗਰਾਂ ਲੈ ਕੇ ਦੇ ਦਿੱਤੀਆਂ ਪਰ ਰਸਾਲੂ ਨੇ ਤੀਰ ਕਮਾਣਾਂ ਨਾਲ਼ ਉਨ੍ਹਾਂ ਵਿਚ ਛੇਕ ਕਰਨੇ ਸ਼ੁਰੂ ਕਰ ਦਿੱਤੇ। ਮੁਟਿਆਰਾਂ ਉਸ ਦੀਆਂ ਆਪਹੁਦਰੀਆਂ ਤੋਂ ਸਤੀਆਂ ਪਈਆਂ ਸਨ। ਰਾਜਾ ਸਲਵਾਨ ਦੇ ਦਰਬਾਰ ਵਿਚ ਰਸਾਲੂ ਦੀਆਂ ਆਪਹੁਦਰੀਆਂ ਹਰਕਤਾਂ ਦੀਆਂ ਸ਼ਿਕਾਇਤਾਂ ਪੁੱਜੀਆਂ। ਉਹ ਇਹ ਨਹੀਂ ਸੀ ਚਾਹੁੰਦਾ ਕਿ ਉਹਦੀ ਪਰਜਾ ਉਹਦੇ ਪੁੱਤ ਹੱਥੋਂ ਦੁਖੀ ਹੋਵੇ। ਉਸ ਤੋਂ ਛੁਟਕਾਰਾ ਪਾਉਣ ਲਈ ਸਲਵਾਨ ਨੇ ਰਸਾਲੂ ਦਾ ਪੁਤਲਾ ਬਣਾ ਕੇ ਸ਼ਹਿਰ ਦੇ ਮੁਖ-ਦੁਆਰ 'ਤੇ ਖੜਾ ਕਰ ਦਿੱਤਾ।

ਰਸਾਲੂ ਜਦੋਂ ਸ਼ਿਕਾਰ ਖੇਡ ਕੇ ਆਪਣੇ ਸ਼ਹਿਰ ਸਿਆਲਕੋਟ ਵਾਪਸ ਪਰਤਿਆ ਤਾਂ ਸ਼ਹਿਰ ਦੇ ਮੁਖ ਦੁਆਰ 'ਤੇ ਆਪਣਾ ਪੁਤਲਾ ਵੇਖ ਕੇ ਸਮਝ ਗਿਆ ਕਿ ਇਹ ਤਾਂ ਉਹਦੇ ਲਈ ਦੇਸ ਨਿਕਾਲੇ ਦਾ ਹੁਕਮ ਹੈ। ਆਪਣੇ ਰਾਜੇ ਬਾਪ ਦਾ ਹੁਕਮ ਸਿਰ ਮੱਥੇ ਮੰਨ ਕੇ ਰਸਾਲੂ ਉਨ੍ਹੀਂ ਪੈਰੀਂ ਵਾਪਸ ਮੁੜ ਗਿਆ। ਉਹਨੇ ਆਪਣੇ ਨਾਲ਼ ਪੰਜ ਸੱਤ ਗੱਭਰੂ ਲਏ, ਹਥਿਆਰਾਂ ਨਾਲ਼ ਲੈਸ ਹੋ ਕੇ ਘੋੜੇ 'ਤੇ ਅਸਵਾਰ ਹੋ ਉਹ ਨਵੀਆਂ ਰਾਹਾਂ ਦੀ ਭਾਲ਼ ਲਈ ਤੁਰ ਪਿਆ। ਹੁਣ ਉਹਦੇ ਲਈ ਚਾਰੇ ਜਾਗੀਰਾਂ ਖੁੱਲ੍ਹੀਆਂ ਸਨ।

ਹੁਸਨਾਂ ਦੇ ਰਸੀਏ ਰਾਜਾ ਰਸਾਲੂ ਦੀ ਸੁੰਦਰਤਾ ਅਤੇ ਅਮੋੜ ਸੁਭਾਅ ਦੇ ਕਿੱਸੇ ਆਂਢੀ-ਗੁਆਂਢੀ ਰਾਜ ਦਰਬਾਰਾਂ ਦੇ ਮਹਿਲਾਂ ਤਕ ਫੈਲ ਗਏ ਸਨ। ਕਈ ਸ਼ਹਿਜ਼ਾਦੀਆਂ ਉਹਦਾ ਮੁੱਖੜਾ ਦੇਖਣ ਲਈ ਤਰਸ ਰਹੀਆਂ ਸਨ।

ਆਥਣ ਪਸਰ ਰਹੀ ਸੀ ਜਦੋਂ ਰਸਾਲੂ ਨੀਲੇ ਸ਼ਹਿਰ ਪੁੱਜਾ। ਸ਼ਹਿਰ ਦੇ ਦੁਆਰ 'ਤੇ ਉਹਨੂੰ ਇਕ ਬੁੱਢੀ ਮਿਲੀ ਜੋ ਵਿਰਲਾਪ ਕਰ ਰਹੀ ਸੀ। "ਤੈਨੂੰ ਕਿਹੜਾ ਦੁੱਖ ਐ ਜੀਹਦੇ ਕਾਰਨ ਐਨਾ ਵਿਰਲਾਪ ਕਰ ਰਹੀ ਐਂ ?"

"ਵੇ ਪੁੱਤ ਪਰਦੇਸੀਆ ਕੀ ਦੱਸਾਂ", ਬੁੱਢੀ ਮਾਈ ਘੋੜ ਸਵਾਰ ਵਲ ਤਰਸੇਵੇਂ ਭਰੀਆਂ ਅੱਖਾਂ ਨਾਲ਼ ਦੇਖਦੀ ਹੋਈ ਬੋਲੀ, "ਮੈਂ ਸੱਤ ਪੁੱਤਾਂ ਦੀ ਮਾਂ ਆਂ, ਏਸ ਸ਼ਹਿਰ ਦੇ ਨਾਲ਼ ਦੀ ਨਗਰੀ ਆਦਮਖੋਰ ਦਿਉਆਂ ਦੀ ਐ। ਸਾਡੇ ਸ਼ਹਿਰ ਦੇ ਹਾਕਮ ਹਰ ਰੋਜ਼ ਵਾਰੀ ਨਾਲ਼ ਇਕ ਗੱਭਰੂ ਨੂੰ ਆਦਮਖੋਰਾਂ ਦਾ ਖਾਜਾ ਬਣਨ ਲਈ ਭੇਜਦੇ ਨੇ...। ਵਾਰੋ-ਵਾਰੀ ਮੇਰੇ ਛੇ ਪੁੱਤ ਆਦਮ-ਖੋਰਾਂ ਦਾ ਖਾਜਾ ਬਣ ਚੁੱਕੇ ਨੇ... ਅੱਜ ਫੇਰ ਸੱਤਵੇਂ ਦੀ ਵਾਰੀ ਐ...।"

ਮਾਈ ਦਾ ਵਿਰਲਾਪ ਸੁਣ ਕੇ ਰਸਾਲੂ ਦਾ ਦਿਲ ਪਸੀਜ ਗਿਆ। ਉਹਨੇ ਮਾਈ ਨੂੰ ਧਰਵਾਸਾ ਦਿੰਦਿਆਂ ਆਖਿਆ, "ਮਾਤਾ ਤੂੰ ਘਬਰਾ ਨਾ ਤੇਰੇ ਪੁੱਤ ਦੀ ਵਾਰੀ ਮੈਂ ਭੁਗਤਾਂਗਾ।"

88457

ਮਾਈ ਨੇ ਸੁਖ ਦਾ ਸਾਹ ਲਿਆ ਤੇ ਰਸਾਲੂ ਨੂੰ ਸੈਆਂ ਅਸੀਸਾਂ ਦਿੱਤੀਆਂ। ਸ਼ਹਿਰ ਦੇ ਹਾਕਮ ਰਸਾਲੂ ਨੂੰ ਆਦਮਖੋਰਾਂ ਦਾ ਖਾਜਾ ਬਣਨ ਲਈ ਲੈ ਤੁਰੇ...। ਘੋੜੇ 'ਤੇ ਅਸਵਾਰ ਰਸਾਲੂ ਦਾ ਜਾਹੋ-ਜਲਾਲ ਝੱਲਿਆ ਨਹੀਂ ਸੀ ਜਾਂਦਾ। ਆਦਮਖੋਰਾਂ ਦੀ ਨਗਰੀ 'ਚ ਵੜਦਿਆਂ ਹੀ ਰਸਾਲੂ ਨੇ ਤਲਵਾਰ ਮਿਆਨ ਵਿਚੋਂ ਧੂਹ ਲਈ ਤੇ ਲੱਗਾ ਵਾਰ 'ਤੇ ਵਾਰ ਕਰਨ...। ਆਦਮਖੋਰਾਂ 'ਚ ਥਰਥੱਲੀ ਮੱਚ ਗਈ। ਕਿਸੇ ਦਾ ਸਿਰ ਵੱਢਿਆ ਗਿਆ, ਕਿਸੇ ਦੀ ਬਾਂਹ...। ਉਨ੍ਹਾਂ ਦਾ ਸਰਦਾਰ ਪਹਿਲੀ ਸੱਟੇ ਹੀ ਮਾਰਿਆ ਗਿਆ। ਉਹ ਹਾਲ ਦੁਹਾਈ ਪਾਉਂਦੇ ਹੋਏ ਉਥੋਂ ਭੱਜ ਗਏ...। ਲੋਕਾਂ ਨੂੰ ਹੁਣ ਕਿਸੇ ਆਦਮਖੋਰ ਦਾ ਭੈਅ ਨਹੀਂ ਸੀ ਰਿਹਾ। ਸਾਰੇ ਨੀਲੇ ਸ਼ਹਿਰ ਦੇ ਨਿਵਾਸੀ ਰਸਾਲੂ ਦੇ ਸ਼ੁਕਰਗੁਜ਼ਾਰ ਸਨ ਤੇ ਉਸ ਦੀ ਬਹਾਦਰੀ ਦੇ ਵਾਰੇ-ਵਾਰੇ ਜਾ ਰਹੇ ਸਨ।

ਸ਼ੂਕਦੇ ਦਰਿਆ ਭਲਾ ਕਦੋਂ ਰੁਕਦੇ ਨੇ, ਕੁਝ ਦਿਨ ਨੀਲੇ ਸ਼ਹਿਰ ਵਿਚ ਠਹਿਰਨ ਮਗਰੋਂ ਰਸਾਲੂ ਨੇ ਰਾਜਾ ਹਰੀ ਚੰਦ ਦੇ ਹੋਡੀਨਗਰ ਵਿਚ ਜਾ ਪ੍ਰਵੇਸ਼ ਕੀਤਾ। ਉਸ ਦੀ ਬਹਾਦਰੀ ਦੇ ਕਿੱਸੇ ਸਾਰੇ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣ ਚੁੱਕੇ ਸਨ। ਰਾਜੇ ਇਹ ਵੀ ਜਾਣਦੇ ਸਨ ਕਿ ਉਹ ਰਾਜਾ ਸਲਵਾਨ ਦਾ ਅਮੋੜ ਪੁੱਤਰ ਹੈ। ਰਸਾਲੂ ਹਰੀ ਚੰਦ ਦੇ ਬਾਗ਼ ਵਿਚ ਸੁੱਤਾ ਪਿਆ ਸੀ। ਐਨੇ ਨੂੰ ਹਰੀ ਚੰਦ ਦੀ ਪੁੱਤਰੀ ਰਾਜ ਕੁਮਾਰੀ ਸੌਂਕਣੀ ਸੈਰ ਕਰਦੀ ਉਥੇ ਆ ਗਈ... ਛੈਲ-ਛਬੀਲਾ ਗੱਭਰੂ ਵੇਖ ਉਹ ਆਪਣੀ ਸੁੱਧ-ਬੁੱਧ ਗਵਾ ਬੈਠੀ... ਰਸਾਲੂ ਵੀ ਸੁੰਦਰਤਾ ਦੀ ਮੂਰਤ ਸੌਂਕਣੀ ਦੇ ਮੋਹ ਵਿਚ ਕੀਲਿਆ ਗਿਆ... ਪਿਆਰ ਭਰੇ ਬੋਲਾਂ ਨਾਲ਼ ਦੋਹਾਂ ਨੇ ਸਾਂਝ ਪਾ ਲਈ... ਸੌਂਕਣੀ ਨੇ ਆਪਣੇ ਬਾਪ ਕੋਲ਼ ਗੱਲ ਕੀਤੀ... ਹਰੀ ਚੰਦ ਰਸਾਲੂ ਨੂੰ ਆਪਣੇ ਮਹਿਲੀਂ ਲੈ ਆਇਆ...। ਸੌਂਕਣੀ ਦੇ ਵਰ ਦੀ ਭਾਲ਼ ਵਿਚ ਉਹਨੇ ਕਈ ਵਰ੍ਹੇ ਲੰਘਾ ਦਿੱਤੇ ਸਨ ਪਰੰਤੂ ਉਸ ਦੇ ਮੇਚ ਦਾ ਵਰ ਉਹਨੂੰ ਕਿਧਰੇ ਨਹੀਂ ਸੀ ਟੱਕਰਿਆ...। ਰਸਾਲੂ ਨੂੰ ਵੇਖ ਹਰੀ ਚੰਦ ਨੇ ਸੌਂਕਣੀ ਦਾ ਵਿਆਹ ਰਸਾਲੂ ਨਾਲ਼ ਕਰਨ ਦਾ ਫ਼ੈਸਲਾ ਕਰ ਲਿਆ।

ਰਸਾਲੂ ਕਾਫ਼ੀ ਸਮਾਂ ਹਰੀ ਚੰਦ ਦੇ ਮਹਿਲਾਂ ਵਿਚ ਟਿਕਿਆ ਰਿਹਾ, ਕਦੀ ਸ਼ਿਕਾਰ ਖੇਡਣ ਚਲਿਆ ਜਾਂਦਾ, ਕਦੀ ਦੋਹਮਨ ਨਾਂ ਦੇ ਗੱਭਰੂ ਨਾਲ਼ ਚੌਪਟ ਖੇਡਦਾ ਰਹਿੰਦਾ। ਰਸਾਲੂ ਇਹ ਨਹੀਂ ਸੀ ਜਾਣਦਾ ਕਿ ਸੌਂਕਣੀ ਦੋਹਮਨ ਸੁਨਿਆਰ 'ਤੇ ਫ਼ਿਦਾ ਹੈ। ਦੋਹਮਨ ਤੇ ਸੌਂਕਣੀ ਅਕਸਰ ਲੁਕ ਕੇ ਮਿਲਦੇ ਰਹਿੰਦੇ ਸਨ। ਇਕ ਦਿਨ ਰਸਾਲੂ ਮਹਿਲਾਂ ਦੇ ਬਾਹਰ ਦੋਹਮਨ ਨਾਲ਼ ਚੌਪਟ ਖੇਡ ਰਿਹਾ ਸੀ... ਉਹ ਨੇ ਵੇਖਿਆ ਦੋਹਮਨ ਚੋਰੀ-ਚੋਰੀ ਅੱਖ ਬਚਾ ਕੇ ਉੱਪਰ ਮਹਿਲਾਂ ਵੱਲ ਵੇਖੀ ਜਾਂਦਾ ਹੈ। ਉਸ ਨੂੰ ਸ਼ੱਕ ਪਿਆ... ਉਸ ਨੇ ਮਲਕ ਦੇਣੇ ਜਾ ਕੇ ਪਾਣੀ ਦਾ ਕਟੋਰਾ ਭਰ ਕੇ ਆਪਣੇ ਕੋਲ਼ ਰੱਖ ਲਿਆ... ਕੁਝ ਸਮੇਂ ਮਗਰੋਂ ਮਹਿਲ ਦੀ ਖਿੜਕੀ ਵਿਚ ਖੜ੍ਹੋਤੀ ਸੌਂਕਣੀ ਦਾ ਅਕਸ ਕਟੋਰੇ ਦੇ ਪਾਣੀ ਵਿਚ ਪਿਆ... ਸ਼ੱਕ ਦੀ ਹੁਣ ਕੋਈ ਗੁੰਜਾਇਸ਼ ਹੀ ਨਹੀਂ ਸੀ ਰਹੀ... ਰਸਾਲੂ ਨੇ ਆਪਣੇ ਮਨ ਨਾਲ਼ ਪੱਕਾ ਫ਼ੈਸਲਾ ਕਰਕੇ ਸੌਂਕਣੀ ਦਾ ਵਿਆਹ ਦੋਹਮਨ ਨਾਲ਼ ਕਰਵਾ ਦਿੱਤਾ। ਦੋ ਦਿਲਾਂ ਨੂੰ ਜੋੜ ਆਪ ਅਗਾਂਹ ਤੁਰ ਗਿਆ।

ਸਮਾਂ ਬੀਤਦਾ ਗਿਆ... ਕਈ ਵਰ੍ਹੇ ਇੰਜ ਹੀ ਬੀਤ ਗਏ। ਰਸਾਲੂ ਨੇ ਸ਼ਿਕਾਰ ਖੇਡਣ ਅਤੇ ਲੜਾਈ ਦੇ ਸ਼ੌਕ ਨੂੰ ਮਘਾਈ ਰੱਖਿਆ... ਕਈ ਛੋਟੇ-ਮੋਟੇ ਰਾਜਿਆਂ ਨਾਲ਼ ਮੁਠਭੇੜਾਂ ਹੋਈਆਂ... ਕਈ ਰਾਜ ਖੋਹੇ ਤੇ ਛੱਡੇ।

ਅਟਕ ਦੇ ਪਾਰ ਦਰਿਆ ਦੇ ਕੰਢੇ 'ਤੇ ਵਸੇ ਸ਼ਹਿਰ ਸਿਰੀਕੋਟ ਦੇ ਰਾਜਾ ਸਿਰਕੱਪ ਦੀ ਕਨਸੋਅ ਰਾਜਾ ਰਸਾਲੂ ਦੇ ਕੰਨੀਂ ਪਈ। ਸਿਰਕੱਪ ਬੜਾ ਨਿਰਦਈ ਅਤੇ ਧੋਖੇਬਾਜ਼ ਰਾਜਾ ਸੀ ਜੋ ਜੂਆ ਖੇਡਣ ਦਾ ਬਹੁਤ ਸ਼ੌਕੀਨ ਸੀ। ਉਹ ਸ਼ਰਤਾਂ ਲਾ ਕੇ ਜੂਆ ਖੇਡਦਾ ਸੀ ਤੇ ਹਾਰਨ ਵਾਲ਼ੇ ਦਾ ਸਿਰ ਵੱਢ ਲੈਂਦਾ ਸੀ। ਇਸੇ ਕਰਕੇ ਉਹਦਾ ਨਾਂ ਸਿਰਕੱਪ ਪਿਆ ਹੋਇਆ ਸੀ। ਰਾਜਾ ਰਸਾਲੂ ਨੇ ਸਿਰਕੱਪ ਨਾਲ਼ ਚੌਪਟ ਖੇਡਣ ਦਾ ਫ਼ੈਸਲਾ ਕਰ ਲਿਆ ਅਤੇ ਸਿਰੀਕੋਟ ਪੁੱਜ ਕੇ ਰਾਜਾ ਸਿਰਕੱਪ ਦੇ ਬਾਗ਼ ਵਿਚ ਜਾ ਉਤਾਰਾ ਕੀਤਾ। ਜਦੋਂ ਰਸਾਲੂ ਬਾਗ਼ ਵਿਚ ਪੁੱਜਾ ਤਾਂ ਸਿਰਕੱਪ ਦੀ ਹੁਸ਼ਨਾਕ ਬੇਟੀ ਆਪਣੀਆਂ ਸੱਠ ਸਹੇਲੀਆਂ ਨਾਲ਼ ਪੀਂਘ ਝੂਟ ਰਹੀ ਸੀ। ਮੁਟਿਆਰ ਨੂੰ ਵੇਖ ਹੁਸਨ ਦੇ ਰਸੀਏ ਰਸਾਲੂ ਦੀਆਂ ਅੱਖੀਆਂ ਚੁੰਧਿਆ ਗਈਆਂ। ਹੁਸਨ ਮਚਲਿਆ... ਇਸ਼ਕ ਤੜਪਿਆ... ਰਾਜਕੁਮਾਰੀ ਨੇ ਰਸਾਲੂ ਵੱਲ ਵੇਖਿਆ ਤੇ ਬੁਲ੍ਹੀਆਂ 'ਚ ਮੁਸਕਰਾ ਕੇ ਬੋਲੀ, "ਅੜਿਆ! ਇਕ ਪੀਂਘ ਦਾ ਝੂਟਾ ਈ ਦੇ ਛੱਡ, ਦੇਖਾਂ ਕਿੰਨਾ ਕੁ ਜ਼ੋਰ ਐ ਤੇਰੇ ਡੌਲ਼ਿਆਂ 'ਚ!"

"ਹੁਸਨ ਦੀਏ ਪਰੀਏ ਤੂੰ 'ਕੱਲੀ ਕੀ ਸਾਰੀਆਂ ਸਹੇਲੀਆਂ ਨੂੰ ਨਾਲ਼ ਲੈ ਕੇ ਪੀਂਘ 'ਤੇ ਚੜ੍ਹ ਜਾ, 'ਕੱਠੀਆਂ ਨੂੰ ਈ ਝੂਟਾ ਦੇ ਦੇਂਦਾ ਹਾਂ।" ਰਸਾਲੂ ਨੇ ਆਪਣੇ ਡੌਲ਼ਿਆਂ 'ਤੇ ਮਾਣ ਕਰਦਿਆਂ ਆਖਿਆ।

ਰਾਜਕੁਮਾਰੀ ਆਪਣੀਆਂ ਸੱਠਾਂ ਸਹੇਲੀਆਂ ਸਮੇਤ ਪੀਂਘ 'ਤੇ ਚੜ੍ਹ ਗਈ। ਰਾਜਾ ਰਸਾਲੂ ਨੇ ਪੀਂਘ ਨੂੰ ਅਜਿਹਾ ਜ਼ੋਰਦਾਰ ਝੂਟਾ ਦਿੱਤਾ ਕਿ ਪੀਂਘ ਅਧ ਅਸਮਾਨੇ

ਪੁੱਜ ਗਈ। ਮੁੜਦੀ ਹੋਈ ਪੀਂਘ 'ਤੇ ਰਸਾਲੂ ਨੇ ਤਲਵਾਰ ਨਾਲ਼ ਵਾਰ ਕਰਕੇ ਦੋ ਟੋਟੇ ਕਰ ਦਿੱਤੇ ਤੇ ਸਾਰੀਆਂ ਲੋਟ-ਪੋਟ ਹੋਈਆਂ ਧਰਤੀ 'ਤੇ ਡਿੱਗ ਪਈਆਂ... ਕਈਆਂ ਦੇ ਸੱਟਾਂ ਵੱਜੀਆਂ। ਰਾਜੇ ਨੂੰ ਇਸ ਘਟਨਾ ਦਾ ਪਤਾ ਲੱਗਾ... ਉਹ ਘਬਰਾ ਗਿਆ... ਰਾਜਾ ਰਸਾਲੂ ਦੇ ਪੁੱਜਣ ਦੀ ਖ਼ਬਰ ਉਹ ਨੂੰ ਮਿਲ ਗਈ ਸੀ। ਰਸਾਲੂ ਨੇ ਸ਼ਹਿਰ ਦੇ ਦੁਆਰ 'ਤੇ ਪਏ ਸਿਰਕੱਪ ਦੇ ਦਸਾਂ ਦੇ ਦਸ ਧੌਂਸੇ ਪਹਿਲਾਂ ਹੀ ਭੰਨ ਸੁੱਟੇ ਸਨ। ਰਸਾਲੂ ਸਿਰਕੱਪ ਦੇ ਦਰਬਾਰ ਵਿਚ ਪੁੱਜ ਗਿਆ ਤੇ ਉਹਦੇ ਨਾਲ਼ ਚੌਪਟ ਖੇਡਣ ਦੀ ਇੱਛਾ ਪ੍ਰਗਟਾਈ। ਸਿਰਕੱਪ ਨੇ ਸ਼ਰਤ ਰੱਖੀ ਕਿ ਜਿਹੜਾ ਹਾਰੇ ਉਹ ਆਪਣੀ ਸਾਰੀ ਦੌਲਤ, ਰਾਜ ਅਤੇ ਆਪਣਾ ਸਿਰ ਦੇਵੇਗਾ।

ਸਿਰਕੱਪ ਦੀਆਂ ਸ਼ਰਤਾਂ ਅਨੁਸਾਰ ਚੌਪਟ ਦੀ ਬਾਜ਼ੀ ਸ਼ੁਰੂ ਹੋਈ। ਸਿਰਕੱਪ ਚੌਪਟ ਖੇਡਣ ਸਮੇਂ ਆਪਣੇ ਵਿਰੋਧੀ ਦੀ ਬਿਰਤੀ ਉਖੇੜਨ ਲਈ ਕਈ ਛੱਲ ਤੇ ਹਥਕੰਡੇ ਵਰਤਦਾ ਸੀ... ਉਹਨੇ ਆਪਣੇ ਸੱਜੇ-ਖੱਬੇ ਆਪਣੀਆਂ ਖ਼ੂਬਸੂਰਤ ਰਾਣੀਆਂ ਅਤੇ ਧੀਆਂ ਬਠਾ ਲੈਣੀਆਂ। ਜਦੋਂ ਵਿਰੋਧੀ ਖਿਡਾਰੀ ਰਾਣੀ ਵੱਲ ਧਿਆਨ ਕਰਦਾ ਤਾਂ ਧੀ ਹੌਲੇ ਦੇਣੇ ਗੋਟ ਹਲਾ ਦੇਂਦੀ ਤੇ ਜਦੋਂ ਧੀ ਵੱਲ ਧਿਆਨ ਜਾਂਦਾ ਤਾਂ ਰਾਣੀ ਵੀ ਇੰਜ ਹੀ ਕਰਦੀ... ਇਸ ਤਰ੍ਹਾਂ ਖਿਡਾਰੀ ਦਾ ਧਿਆਨ ਉੱਖੜ ਜਾਂਦਾ ਤੇ ਉਹ ਬਾਜ਼ੀ ਹਾਰ ਜਾਂਦਾ। ਰਸਾਲੂ ਦਾ ਧਿਆਨ ਉਖੇੜਨ ਲਈ ਵੀ ਅਜਿਹਾ ਹੀ ਕੀਤਾ ਗਿਆ ਪਰੰਤੂ ਰਸਾਲੂ ਪੂਰੇ ਧਿਆਨ ਨਾਲ਼ ਚੌਪਟ ਖੇਡਦਾ ਰਿਹਾ... ਰਾਣੀਆਂ ਦੇ ਹੁਸਨ ਦਾ ਜਾਦੂ ਉਸ 'ਤੇ ਨਾ ਚੱਲਿਆ... ਉਹ ਪਹਿਲੀ ਬਾਜ਼ੀ ਜਿੱਤ ਗਿਆ।

ਦੂਜੀ ਬਾਜ਼ੀ ਸ਼ੁਰੂ ਹੋਈ ਸਿਰਕੱਪ ਨੇ ਰਾਣੀਆਂ ਦੀ ਥਾਂ ਆਪਣੇ ਆਲ਼ੇ-ਦੁਆਲ਼ੇ ਕਈ ਨਫ਼ਰ ਬਠਾ ਲਏ ਜੋ ਰਾਜਾ ਰਸਾਲੂ ਦਾ ਧਿਆਨ ਉਖੇੜਨ ਲਈ ਉਹਦੇ ਪਾਸੋਂ ਬੁਝਾਰਤਾਂ ਪੁੱਛਣ ਲੱਗੇ... ਰਸਾਲੂ ਬੁਝਾਰਤਾਂ ਵੀ ਬੁਝਦਾ ਰਿਹਾ ਤੇ ਨਾਲ਼ੋ-ਨਾਲ਼ ਆਪਣੀ ਚਾਲ ਵੀ ਚਲਦਾ ਰਿਹਾ... ਉਹ ਦੂਜੀ ਬਾਜ਼ੀ ਵੀ ਜਿੱਤ ਗਿਆ।

ਤੀਜੀ ਬਾਜ਼ੀ ਸਿਰ ਦੀ ਬਾਜ਼ੀ ਸੀ... ਸਿਰਕੱਪ ਦਾ ਤੀਜਾ ਛੱਲ ਇਹ ਸੀ ਕਿ ਉਹ ਖੇਡਣ ਸਮੇਂ ਸਿਧਾਈਆਂ ਹੋਈਆਂ ਦੋ ਚੂਹੀਆਂ ਕੱਢ ਲੈਂਦਾ ਜੋ ਹੌਲ਼ੀ ਦੇਣੇ ਚੌਪਟ ਉਤੋਂ ਲੰਘ ਕੇ ਗੋਟਾਂ ਨੂੰ ਹਲਾ ਦੇਂਦੀਆਂ ਪਰੰਤੂ ਰਸਾਲੂ ਨੇ ਉਹਦਾ ਇਹ ਛੱਲ ਵੀ ਚੱਲਣ ਨਾ ਦਿੱਤਾ। ਉਹਨੇ ਆਪਣੀ ਜੇਬ੍ਹ ਵਿਚੋਂ ਬਲੂੰਗੜਾ ਕੱਢ ਕੇ ਆਪਣੇ ਕੋਲ਼ ਬਹਾ ਲਿਆ ਜਿਸ ਤੋਂ ਡਰ ਕੇ ਚੂਹੀਆਂ ਚੌਪਟ ਵੱਲ ਆਈਆਂ ਹੀ ਨਾ ਜਿਸ ਕਰਕੇ ਰਸਾਲੂ ਇਹ ਬਾਜ਼ੀ ਵੀ ਜਿੱਤ ਗਿਆ। ਸਿਰਕੱਪ ਸਿਰ ਦੀ ਬਾਜ਼ੀ ਹਾਰ ਗਿਆ। ਐਨ ਉਸ ਸਮੇਂ ਇਕ ਨੌਕਰ ਨੇ ਆ ਕੇ ਰਾਜਾ ਸਿਰਕੱਪ ਨੂੰ ਸੂਚਨਾ ਦਿੱਤੀ ਕਿ ਉਸ ਦੇ ਘਰ ਬੇਟੀ ਨੇ ਜਨਮ ਲਿਆ ਹੈ। ਰਾਜੇ ਨੇ ਤੁਰੰਤ ਹੁਕਮ ਸੁਣਾ ਦਿੱਤਾ, "ਉਸ ਮਨਹੂਸ ਕੁੜੀ ਨੂੰ ਇਸੇ ਵਕਤ ਮਾਰ ਦਿੱਤਾ ਜਾਵੇ ਜਿਸ ਦੇ ਕਾਰਨ ਮੈਂ ਸਿਰ ਦੀ ਬਾਜ਼ੀ ਹਾਰ ਗਿਆ ਹਾਂ।"

"ਰਾਜਨ ਤੈਨੂੰ ਇਹ ਹੁਕਮ ਦੇਣ ਦਾ ਹੁਣ ਕੋਈ ਅਧਿਕਾਰ ਨਹੀਂ," ਰਾਜਾ ਰਸਾਲੂ ਸਿਰਕੱਪ ਨੂੰ ਮੁਖ਼ਾਤਿਬ ਹੋਇਆ, "ਤੂੰ ਆਪਣਾ ਸਿਰ ਤੇ ਰਾਜ ਹਾਰ ਚੁੱਕੈਂ... ਤੂੰ ਆਪਣੀ ਧੀ ਨੂੰ ਨਹੀਂ ਮਰਵਾ ਸਕਦਾ, ਉਹ ਹੁਣ ਮੇਰੀ ਹੈ।"

ਰਾਜਾ ਸਿਰਕੱਪ ਨਿਮੋਝੂਣਾ ਹੋਇਆ ਰਸਾਲੂ ਦੇ ਸਾਹਮਣੇ ਸਿਰ ਸੁੱਟੀ ਖੜ੍ਹਾ ਸੀ, ਉਹ ਨੂੰ ਆਪਣੀ ਮੌਤ ਨਜ਼ਰ ਆਉਂਦੀ ਪਈ ਸੀ... ਸੈਂਕੜੇ ਮੌਤਾਂ ਦਾ ਵਣਜਾਰਾ ਆਪਣੀ ਮੌਤ ਨੂੰ ਚਿਤਵ ਕੇ ਥਰ-ਥਰ ਕੰਬ ਰਿਹਾ ਸੀ। ਉਸ ਦੀਆਂ ਅੱਖੀਆਂ ਵਿਚ ਤਰਲਾ ਸੀ! ਜਾਨ ਬਖ਼ਸ਼ੀ ਲਈ ਉਹਦੇ ਬੁੱਲ੍ਹ ਕੰਬੇ।

ਦਿਆਵਾਨ ਰਸਾਲੂ ਦੇ ਮਨ ਵਿਚ ਦਿਆ ਆ ਗਈ, "ਤੈਨੂੰ ਇਕ ਸ਼ਰਤ 'ਤੇ ਮੁਆਫ਼ ਕਰ ਸਕਦਾ ਹਾਂ। ਤੂੰ ਤੱਤੇ ਤਵੇ 'ਤੇ ਮੱਥੇ ਨਾਲ਼ ਲਕੀਰਾਂ ਕੱਢ ਕੇ ਬਚਨ ਦੇ, ਕਿ ਤੂੰ ਅੱਗੇ ਤੋਂ ਜੂਆ ਨਹੀਂ ਖੇਡੇਂਗਾ ਅਤੇ ਨਾ ਹੀ ਕਿਸੇ 'ਤੇ ਜ਼ੁਲਮ ਕਰੇਂਗਾ।"

ਆਪਣੀ ਜਾਨ ਬਖ਼ਸ਼ੀ ਲਈ ਸਿਰਕੱਪ ਸਭ ਕੁਝ ਕਰਨ ਲਈ ਤਿਆਰ ਹੋ ਗਿਆ... ਰਸਾਲੂ ਨੇ ਉਸ ਨੂੰ ਮੁਆਫ਼ ਕਰ ਦਿੱਤਾ! ਰਾਜਾ ਸਿਰਕੱਪ ਨੇ ਬੜੇ ਆਦਰ ਨਾਲ਼ ਆਪਣੀ ਨਵਜਨਮੀ ਧੀ ਦਾ ਡੋਲਾ ਤਿਆਰ ਕਰਵਾਇਆ ਤੇ ਇਕ ਥਾਲ ਵਿਚ ਸ਼ਗਨ ਵਜੋਂ ਅੰਬ ਦੀ ਟਾਹਣੀ ਰੱਖ ਕੇ ਰਾਜਾ ਰਸਾਲੂ ਨੂੰ ਭੇਟ ਕਰ ਦਿੱਤਾ। ਰਸਾਲੂ ਨੇ ਉਸ ਮਲੂਕੜੀ ਦਾ ਨਾਂ ਕੋਕਲਾਂ ਰੱਖਿਆ। ਕੁਝ ਦਿਨ ਰਾਜਾ ਸਿਰਕੱਪ ਦੀ ਪ੍ਰਾਹੁਣਾਚਾਰੀ ਮਾਣਨ ਪਿਛੋਂ ਰਾਜਾ ਰਸਾਲੂ ਅਗਾਂਹ ਜਾਣ ਦੀ ਤਿਆਰੀ ਕਰਨ ਲੱਗਾ।

ਸਿਰੀਕੋਟ ਤੋਂ ਵਿਦਾ ਹੋ ਕੇ ਰਸਾਲੂ ਨੇ ਖੇੜੀ ਮੂਰਤੀ ਦੀਆਂ ਪਹਾੜੀਆਂ ਵਿਚ ਆਣ ਡੇਰੇ ਲਾਏ। ਉਥੇ ਉਹਨੇ ਇਕ ਮਹਿਲ ਬਣਵਾਇਆ ਤੇ ਮਹਿਲ ਦੇ ਬਾਹਰ ਇਕ ਅੰਬ ਦਾ ਬੂਟਾ ਲਾ ਕੇ ਆਖਿਆ, "ਜਦੋਂ ਇਸ ਬੂਟੇ ਨੂੰ ਬੂਰ ਪਵੇਗਾ ਉਦੋਂ ਕੋਕਲਾਂ ਭਰ ਜੋਵਨ ਮੁਟਿਆਰ ਬਣ ਜਾਵੇਗੀ। ਫੇਰ ਮੈਂ ਉਸ ਨਾਲ਼ ਸ਼ਾਦੀ ਰਚਾ ਕੇ ਉਸ ਨੂੰ ਆਪਣੀ ਰਾਣੀ ਬਣਾ ਲਵਾਂਗਾ।"

ਕੋਕਲਾਂ ਨੂੰ ਇਸ ਪਹਾੜੀ ਮਹਿਲ ਵਿਚ ਰੱਖਿਆ ਗਿਆ। ਉਹ ਮਹਿਲ ਮਗਰੋਂ 'ਰਾਣੀ ਕੋਕਲਾਂ ਦੇ ਧੌਲਰ' ਦੇ ਨਾਂ ਨਾਲ਼ ਪ੍ਰਸਿੱਧ ਹੋਇਆ। ਕੱਲਮ ਕੱਲੀ ਉਹ ਜਵਾਨ ਹੋਣ ਲੱਗੀ ਉਹਦੇ ਦਿਲਪ੍ਰਚਾਵੇ ਲਈ ਤੋਤਾ ਤੇ ਮੈਨਾ ਸਨ ਜਿਨ੍ਹਾਂ ਨਾਲ਼ ਉਹ ਆਪਣੇ ਦਿਲ ਦੀਆਂ ਗੱਲਾਂ ਕਰਦੀ ਰਹਿੰਦੀ। ਕੇਹੀ ਜ਼ਿੰਦਗੀ ਸੀ ਉਹਦੀ ਕੱਲਮ-ਕੱਲੀ। ਉਹ ਮਹਿਲ ਦੇ ਕਿੰਗਰਿਆਂ 'ਤੇ ਖੜ੍ਹ ਕੇ ਪਹਾੜੀ ਨਜ਼ਾਰਿਆਂ ਦਾ ਆਨੰਦ ਮਾਣਦੀ ਹੋਈ ਰਸਾਲੂ ਨੂੰ ਉਡੀਕਦੀ ਰਹਿੰਦੀ...। ਰਸਾਲੂ ਨਿੱਤ ਨਵੀਆਂ ਮੁਹਿੰਮਾਂ 'ਤੇ ਚੜ੍ਹਿਆ ਰਹਿੰਦਾ... ਉਹ ਨੂੰ ਸ਼ਿਕਾਰ ਖੇਡਣ ਦਾ ਅਵੱਲੜਾ ਰੋਗ ਸੀ... ਜੰਗਲ 'ਚ ਘੁੰਮਦਿਆਂ ਉਹ ਕੋਕਲਾਂ ਨੂੰ ਬਿਲਕੁਲ ਹੀ ਭੁੱਲ ਜਾਂਦਾ।

ਸਮਾਂ ਬੀਤਦਾ ਗਿਆ... ਅੰਬ ਦੇ ਬੂਟੇ ਨੂੰ ਪਹਿਲਾ ਬੂਰ ਪਿਆ... ਇਹ

ਕੋਕਲਾਂ ਦੇ ਭਰ ਜੋਵਨ ਮੁਟਿਆਰ ਹੋ ਜਾਣ ਦਾ ਸੰਕੇਤ ਸੀ... ਮਹਿਲੋਂ ਬਾਹਰ ਅੰਬੀਆਂ ਦੀ ਸੁਗੰਧ ਫੈਲੀ ਹੋਈ ਸੀ ਤੇ ਮਹਿਲਾਂ ਦੇ ਅੰਦਰ ਕੋਕਲਾਂ ਦਾ ਭਖ-ਭਖ ਕਰਦਾ ਜੋਬਨ ਲਪਟਾਂ ਛੱਡ ਰਿਹਾ ਸੀ। ਕੋਕਲਾਂ ਦੇ ਧੌਲਰ ਐਨੇ ਸੁਰੱਖਿਅਤ ਸਨ ਕਿ ਉਥੇ ਚਿੜੀ ਤਕ ਨਹੀਂ ਸੀ ਫੜਕ ਸਕਦੀ। ਕੋਕਲਾਂ ਦਾ ਜੋਬਨ ਅੰਗੜਾਈਆਂ ਭੰਨ ਰਿਹਾ ਸੀ ਉਹ ਦੇ ਅੰਗ ਮਚਲ-ਮਚਲ ਜਾਂਦੇ ਸਨ... ਇਕ ਰਸਾਲੂ ਸੀ ਜਿਸ ਨੂੰ ਆਪਣੇ ਹੋਰਨਾਂ ਸ਼ੌਕਾਂ ਤੋਂ ਹੀ ਵਿਹਲ ਨਹੀਂ ਸੀ ਮਿਲਦੀ... ਕੋਕਲਾਂ ਕਿਸੇ ਨਾਲ਼ ਦੋ ਮਿੱਠੇ ਬੋਲ ਵੀ ਸਾਂਝੇ ਕਰਨ ਲਈ ਤਰਸ ਰਹੀ ਸੀ। ਉਹ ਆਏ ਦਿਨ ਸ਼ਿੰਗਾਰ ਕਰਦੀ ਤੇ ਧੌਲਰ ਦੀ ਬਾਰੀ ਵਿਚ ਬੈਠ ਕੇ ਰਸਾਲੂ ਨੂੰ ਉਡੀਕਦੀ।

ਇਕ ਦਿਨ ਕੀ ਹੋਇਆ ਰਾਜਾ ਰਸਾਲੂ ਆਪਣੀ ਮੁਹਿੰਮੇਂ ਚੜ੍ਹਿਆ ਹੋਇਆ ਸੀ ਕਿ ਅਚਨਚੇਤ ਸਿੰਧ ਦੇ ਰਾਜੇ ਅਟਕੀ ਮੱਲ ਦਾ ਜਵਾਨ ਬੇਟਾ ਰਾਜਾ ਹੋਡੀ ਸ਼ਿਕਾਰ ਖੇਡਦਾ-ਖੇਡਦਾ ਰਾਣੀ ਕੋਕਲਾਂ ਦੇ ਧੌਲਰ ਕੋਲ਼ ਆ ਗਿਆ... ਰਾਣੀ ਕੋਕਲਾਂ ਨੇ ਵੇਖਿਆ ਇਕ ਨੌਜਵਾਨ ਹੇਠਾਂ ਖੜੋਤਾ ਆਲ਼ੇ-ਦੁਆਲ਼ੇ ਵੇਖ ਰਿਹਾ ਹੈ... ਉਹ ਨੇ ਉਪਰੋਂ ਘੰਘੂਰਾ ਮਾਰ ਕੇ ਗੱਭਰੂ ਦਾ ਧਿਆਨ ਆਪਣੇ ਵੱਲ ਖਿਚਿਆ... ਬਾਰੀ ਵਿਚ ਖੜੋਤਾ ਚੰਦ ਦਾ ਟੁਕੜਾ ਉਹਨੂੰ ਵਖਾਈ ਦਿੱਤਾ... ਦੋਹਾਂ ਦੇ ਨੈਣ ਮਿਲ਼ੇ... ਕੋਕਲਾਂ ਤਾਂ ਪਹਿਲਾਂ ਹੀ ਤੜਪਦੀ ਪਈ ਸੀ... ਹੋਡੀ ਉਹ ਦੇ ਹੁਸਨ ਦੀ ਤਾਬ ਨਾ ਝੱਲ ਸਕਿਆ... ਉਪਰ ਆਉਣ ਦਾ ਇਸ਼ਾਰਾ ਹੋਇਆ... ਮਹਿਲ ਦੇ ਦੁਆਰ 'ਤੇ ਬੜਾ ਭਾਰੀ ਪੱਥਰ ਪਿਆ ਸੀ ਜਿਸ ਨੂੰ ਸਰਕਾ ਕੇ ਹੀ ਮਹਿਲ ਅੰਦਰ ਜਾਇਆ ਜਾ ਸਕਦਾ ਸੀ... ਹੋਡੀ ਤੋਂ ਪੱਥਰ ਪਰੇ ਨਾ ਹਟਾ ਹੋਇਆ... ਧੌਲਰ ਉਪਰ ਜਾਣ ਦਾ ਹੋਰ ਕੋਈ ਰਸਤਾ ਨਹੀਂ ਸੀ। ਆਖਰ ਕੋਕਲਾਂ ਨੇ ਉਪਰੋਂ ਕੁਮੰਦ ਸੁੱਟ ਕੇ ਉਸ ਨੂੰ ਆਪਣੇ ਕੋਲ਼ ਸੱਦ ਲਿਆ... ਹੁਸਨ ਤੇ ਇਸ਼ਕ ਦੇ ਮਿਲਾਪ ਨੇ ਦੋ ਰੂਹਾਂ ਨੂੰ ਸਰਸ਼ਾਰ ਕਰ ਦਿੱਤਾ... ਦੋਨੋਂ ਮਦਹੋਸ਼ੀ ਦੇ ਆਲਮ ਵਿਚ ਪੁੱਜ ਗਏ... ਕੋਕਲਾਂ ਦੀ ਤੜਪਨਾ ਸ਼ਾਂਤ ਹੋ ਗਈ ਸੀ ਤੇ ਉਹ ਰਾਜਾ ਹੋਡੀ ਦੇ ਅੰਗ-ਅੰਗ ਨੂੰ ਨਿਹਾਰ ਰਹੀ ਸੀ। ਤੁਰਨ ਲੱਗਿਆਂ ਹੋਡੀ ਨੇ ਮੁੜ ਆਉਣ ਦਾ ਇਕਰਾਰ ਕੀਤਾ ਤੇ ਕੁਮੰਦ ਰਾਹੀਂ ਮਹਿਲ ਤੋਂ ਥੱਲੇ ਉਤਰ ਗਿਆ... ਤ੍ਰਿਪਤੀ ਦੇ ਅਹਿਸਾਸ 'ਚ ਖੀਵੀ ਹੋਈ ਕੋਕਲਾਂ ਬਾਰੀ ਵਿਚ ਖੜੋ ਕੇ ਜਾਂਦੇ ਹੋਡੀ ਨੂੰ ਉਦੋਂ ਤਕ ਵੇਖਦੀ ਰਹੀ ਜਦੋਂ ਤਕ ਉਹ ਉਹਦੀਆਂ ਨਜ਼ਰਾਂ ਤੋਂ ਉਹਲੇ ਨਾ ਹੋ ਗਿਆ।

ਰਾਜਾ ਹੋਡੀ ਨੇ ਕੋਕਲਾਂ ਦੀ ਯਾਦ ਵਿਚ ਤੜਪਦਿਆਂ ਮਸੀਂ ਰਾਤ ਲੰਘਾਈ ਤੇ ਅਗਲੀ ਭਲਕ ਉਸ ਦੇ ਧੌਲਰ ਨੂੰ ਆ ਸਿਜਦਾ ਕੀਤਾ। ਇਸ ਤਰ੍ਹਾਂ ਇਹ ਹੁਸਨ-ਇਸ਼ਕ ਦਾ ਸਿਲਸਿਲਾ ਕਈ ਦਿਨ ਚੱਲਦਾ ਰਿਹਾ। ਕੋਕਲਾਂ ਉਪਰੋਂ ਕੁਮੰਦ ਸੁੱਟਦੀ ਤੇ ਹੋਡੀ ਉਪਰ ਚਲਿਆ ਜਾਂਦਾ। ਇਕ ਦਿਨ ਕਿਧਰੇ ਰਸਾਲੂ ਅਚਨਚੇਤ ਸਾਝਰੇ ਵਾਪਸ ਆ ਗਿਆ... ਉਹ ਨੇ ਵੇਖਿਆ ਕੋਈ ਗੱਭਰੂ ਉਹਦੇ

ਮਹਿਲਾਂ ਤੋਂ ਕੁੰਮਦ ਰਾਹੀਂ ਹੇਠਾਂ ਉਤਰ ਰਿਹਾ ਹੈ... ਇਹ ਕੌਣ ਸੀ ਜੀਹਨੇ ਉਹਦੇ ਮਹਿਲਾਂ ਨੂੰ ਸੰਨ੍ਹ ਲਾ ਲਈ ਸੀ... ਹੋਡੀ ਹੇਠਾਂ ਉਤਰਿਆ... ਦੋਹਾਂ ਨੇ ਇਕ-ਦੂਜੇ ਨੂੰ ਲਲਕਾਰਿਆ ਤੇ ਤਲਵਾਰਾਂ ਮਿਆਨਾਂ ਵਿਚੋਂ ਬਾਹਰ ਧਰੂਹ ਲਈਆਂ...ਦੋਹਾਂ ਨੇ ਬੜੀ ਫੁਰਤੀ ਨਾਲ਼ ਇਕ-ਦੂਜੇ 'ਤੇ ਵਾਰ ਕੀਤੇ... ਰਾਜਾ ਰਸਾਲੂ ਦਾ ਵਾਰ ਹੀ ਅਜਿਹਾ ਸੀ ਕਿ ਹੋਡੀ ਉਹਦਾ ਵਾਰ ਨਾ ਝਲ ਸਕਿਆ... ਹੋਡੀ ਦਾ ਸਿਰ ਉਹਦੇ ਧੜ ਨਾਲੋਂ ਵੱਖਰਾ ਹੋ ਗਿਆ... ਕੋਕਲਾਂ ਮਹਿਲਾਂ ਉਪਰ ਖੜੋਤੀ ਹੇਠਾਂ ਦਾ ਦ੍ਰਿਸ਼ ਵੇਖਦੀ ਪਈ ਸੀ... ਰਾਜਾ ਹੋਡੀ ਦੀ ਤੜਪਦੀ ਦੇਹ ਨੂੰ ਵੇਖਦਿਆਂ ਸਾਰ ਹੀ ਉਸ ਨੇ ਮਹਿਲ ਦੀ ਖਿੜਕੀ ਤੋਂ ਹੇਠਾਂ ਛਾਲ਼ ਮਾਰ ਦਿੱਤੀ ਤੇ ਡਿੱਗਦਿਆਂ ਹੀ ਉਸ ਦਾ ਸਿਰ ਖਖੜੀ ਖਖੜੀ ਹੋ ਗਿਆ ਤੇ ਉਹਦੇ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ।

ਰਾਣੀ ਕੋਕਲਾਂ ਦੇ ਧੌਲਰਾਂ ਵਿਚ ਸਨਾਟਾ ਛਾ ਗਿਆ। ਉਹਦੀ ਮੈਨਾ ਤੇ ਪਿਆਰੇ ਤੋਤੇ ਨੇ ਖੰਭ ਫੜਫੜਾਏ ਤੇ ਅਸਮਾਨ ਵਿਚ ਉਡਾਰੀ ਮਾਰ ਗਏ।

ਰਾਜਾ ਰਸਾਲੂ ਆਪਣੀ ਰਾਣੀ ਕੋਕਲਾਂ ਦੀ ਬੇ-ਵਫ਼ਾਈ 'ਤੇ ਹੰਝੂ ਕੇਰਦਾ ਹੋਇਆ ਆਪਣੇ ਘੋੜੇ ਕੋਲ਼ ਆਇਆ... ਦੋਹਾਂ ਲਾਸ਼ਾਂ ਨੂੰ ਰੱਸੇ ਨਾਲ਼ ਬੰਨ੍ਹ ਕੇ ਘੋੜੇ ਦੀ ਪਿੱਠ ਦੇ ਦੋਹੀਂ ਪਾਸੀਂ ਲਟਕਾ ਕੇ ਉਸ ਨੂੰ ਜੰਗਲ ਵੱਲ ਰਵਾਨਾ ਕਰ ਦਿੱਤਾ ਤੇ ਆਪ ਆਪਣੇ ਸ਼ਹਿਰ ਸਿਆਲਕੋਟ ਨੂੰ ਚਾਲੇ ਪਾ ਦਿੱਤੇ। ਕਹਿੰਦੇ ਹਨ ਮਗਰੋਂ ਹੋਡੀ ਦੇ ਭਰਾਵਾਂ ਨੇ ਰਸਾਲੂ ਨੂੰ ਸਿਆਲਕੋਟ ਆ ਘੇਰਿਆ ਤੇ ਉਹ ਉਨ੍ਹਾਂ ਨਾਲ਼ ਲੜਦਾ ਹੋਇਆ ਆਪਣੀ ਜਾਨ 'ਤੇ ਖੇਡ ਗਿਆ... ਸਦੀਆਂ ਬੀਤਣ ਮਗਰੋਂ ਵੀ ਪੰਜਾਬ ਦੇ ਲੋਕ ਕਵੀ ਆਪਣੇ ਸੂਰਮੇ ਪੰਜਾਬੀ ਰਾਜੇ ਰਸਾਲੂ ਦੀਆਂ ਵਾਰਾਂ ਗਾ ਕੇ ਉਸ ਨੂੰ ਯਾਦ ਕਰਦੇ ਹਨ।

•

# ਭਰਥਰੀ ਹਰੀ

ਮੱਧ ਕਾਲੀਨ ਸਮੇਂ ਵਿਚ ਪੰਜਾਬ ਦੇ ਜਨ-ਜੀਵਨ ਉਪਰ ਜੋਗ ਮੱਤ ਦਾ ਕਾਫੀ ਪ੍ਰਭਾਵ ਰਿਹਾ ਹੈ। ਪੂਰਨ, ਭਰਥਰੀ ਹਰੀ ਅਤੇ ਰਾਜਾ ਗੋਪੀ ਚੰਦ ਪੰਜਾਬੀਆਂ ਦੇ ਹਰਮਨ ਪਿਆਰੇ ਨਾਇਕ ਸਨ ਜਿਨ੍ਹਾਂ ਦੀਆਂ ਵੈਰਾਗਮਈ ਲੋਕ ਗਾਥਾਵਾਂ ਨੂੰ ਗਮੰਤ੍ਰੀ, ਕਵੀਸ਼ਰ ਅਤੇ ਢਾਡੀ ਅਖਾੜਿਆਂ ਵਿਚ ਲੈਆਂ ਨਾਲ਼ ਗਾ ਕੇ, ਉਨ੍ਹਾਂ ਨੂੰ ਅਧਿਆਤਮਕ ਅਤੇ ਮਾਨਸਿਕ ਤ੍ਰਿਪਤੀ ਪ੍ਰਦਾਨ ਕਰਦੇ ਰਹੇ ਹਨ।

ਭਰਥਰੀ ਹਰੀ ਦੀ ਲੋਕ ਗਾਥਾ ਸਦੀਆਂ ਪੁਰਾਣੀ ਹੈ... ਕਹਿੰਦੇ ਹਨ ਪੰਦਰਵੀਂ ਸਦੀ ਵਿਚ ਉਜੈਨ ਨਗਰੀ ਤੇ ਅਗਨੀ ਕੁਲ ਦਾ ਰਾਜਪੂਤ ਰਾਜਾ ਗੰਧਰਵ ਸੈਨ ਰਾਜ ਕਰਦਾ ਸੀ। ਉਹ ਇਕ ਸਖੀ ਰਾਜਾ ਸੀ- ਉਸ ਦੀ ਪਰਜਾ ਉਸ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸੀ। ਉਹ ਉਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਸਮਝਦਾ ਸੀ। ਰਾਜ-ਭਾਗ ਵਲੋਂ ਉਹ ਪੂਰੀ ਤਰ੍ਹਾਂ ਸੰਤੁਸ਼ਟ ਸੀ ਪਰੰਤੂ ਉਸ ਨੂੰ ਇਕ ਘਾਟ ਮਹਿਸੂਸ ਹੋ ਰਹੀ ਸੀ... ਘਾਟ ਸੀ ਪੁੱਤਰ ਦੀ ਜਿਹੜਾ ਉਹਦੇ ਮਗਰੋਂ ਰਾਜ ਸਿੰਘਾਸਨ 'ਤੇ ਬੈਠਣ ਵਾਲ਼ਾ ਹੋਵੇ। ਗੰਧਰਵ ਸੈਨ ਦੇ ਦੋ ਰਾਣੀਆਂ ਸਨ। ਭਾਵੇਂ ਵੱਡੀ ਰਾਣੀ ਦੀ ਕੁੱਖੋਂ ਮੈਨਾਵੰਤੀ ਨਾਂ ਦੀ ਅਤਿ ਖ਼ੂਬਸੂਰਤ ਧੀ ਨੇ ਜਨਮ ਲਿਆ ਹੋਇਆ ਸੀ ਪਰੰਤੂ ਉਹ ਆਪਣੀ ਸੰਤਾਨ ਦੇ ਵਾਧੇ ਲਈ ਪੁੱਤਰ ਦੀ ਦਾਤ ਦੀ ਅਭਿਲਾਸ਼ਾ ਰੱਖਦਾ ਸੀ ਜਿਹੜੀ ਉਸ ਨੂੰ ਚੈਨ ਨਹੀਂ ਸੀ ਲੈਣ ਦੇਂਦੀ। ਲੋਕ ਪਰੰਪਰਾ ਅਤੇ ਮਰਯਾਦਾ ਅਨੁਸਾਰ ਪੁੱਤਰ ਹੀ ਉਹਦੇ ਲਈ ਸਭ ਕੁਝ ਸੀ:

*ਪੁੱਤਾਂ ਬਾਝ ਨਾ ਜਗ 'ਤੇ ਨਾਮ ਰਹਿੰਦਾ*
*ਪੁੱਤਰ ਹੁੰਦੜਾ ਬੂਟੜਾ ਛਾਓਂ ਦਾ ਏ*
*ਅੰਮ੍ਰਿਤ ਫਲ ਸੰਤਾਨ ਭਗਵਾਨ ਰਚਿਆ*
*ਇਨ੍ਹਾਂ ਬਾਝ ਬੰਦਾ ਕਿਹੜੀ ਥਾਓਂ ਦਾ ਏ*

*(ਚਾਤ੍ਰਿਕ)*

ਗੰਧਰਵ ਸੈਨ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ। ਇਕ ਦਿਨ ਉਹ ਆਪਣੇ ਮੰਤਰੀ ਨਾਲ਼ ਸ਼ਿਕਾਰ ਖੇਡਣ ਦੂਰ ਬੀਆਬਾਨ ਵਿਚ ਚਲਿਆ ਗਿਆ। ਦੇਵਨੇਤ

ਨਾਲ਼ ਉਨ੍ਹਾਂ ਨੂੰ ਓਥੇ ਇਕ ਝੌਂਪੜੀ ਵਿਖਾਈ ਦਿੱਤੀ ਜਿਸ ਵਿਚ ਇਕ ਸਾਧੂ ਸਮਾਧੀ ਵਿਚ ਲੀਨ ਬੈਠਾ ਹੋਇਆ ਸੀ। ਗੰਧਰਵ ਸੈਨ ਨੇ ਬੜੀ ਸ਼ਰਧਾ ਨਾਲ਼ ਉਸ ਸਾਈਂ ਦੇ ਜਾ ਚਰਨ ਪਰਸੇ ਅਤੇ ਨਤ-ਮਸਤਿਕ ਹੋ ਕੇ ਬੈਠ ਗਿਆ। ਕੁਝ ਪਲਾਂ ਬਾਅਦ ਸਾਧੂ ਨੇ ਆਪਣੀ ਬਿਰਤੀ ਖੋਲ੍ਹੀ ਤੇ ਹੱਥ ਜੋੜੀ ਬੈਠੇ ਰਾਜਾ ਵੱਲ ਵੇਖਿਆ... ਰਾਜਾ ਦੇ ਨੈਣਾਂ ਵਿਚ ਸ਼ਰਧਾ ਦੇ ਅੱਥਰੂ ਸਨ... ਦਿਲਾਂ ਦੀ ਬੁੱਝਣ ਵਾਲ਼ੇ ਸਾਈਂ ਲੋਕ ਨੇ ਆਪਣੇ ਕੋਲੋਂ ਦੋ ਫ਼ਲ ਰਾਜੇ ਦੀ ਝੋਲੀ ਵਿਚ ਪਾ ਕੇ ਆਖਿਆ, "ਬੱਚਾ! ਇਕ ਇਕ ਫ਼ਲ ਆਪਣੀਆਂ ਰਾਣੀਆਂ ਨੂੰ ਖਲਾ ਦੇਵੀਂ... ਸੱਚਾ ਪਰਵਰਦਗਾਰ ਤੇਰੀ ਕਾਮਨਾ ਪੂਰੀ ਕਰੇਗਾ।"

ਨਮਸਕਾਰ ਕਰਕੇ ਗੰਧਰਵ ਸੈਨ ਖ਼ੁਸ਼ੀ ਖ਼ੁਸ਼ੀ ਆਪਣੇ ਮਹਿਲਾਂ ਨੂੰ ਪਰਤ ਆਇਆ ਤੇ ਆਉਂਦੇ ਸਾਰ ਹੀ ਉਹਨੇ ਆਪਣੀਆਂ ਦੋਵਾਂ ਰਾਣੀਆਂ ਨੂੰ ਇਕ ਇਕ ਫ਼ਲ ਖੁਆ ਦਿੱਤਾ।

ਸਮਾਂ ਪਾ ਕੇ ਪਟਰਾਣੀ ਦੀ ਕੁੱਖੋਂ ਭਰਥਰੀ ਦਾ ਜਨਮ ਹੋਇਆ ਅਤੇ ਕੁਝ ਦਿਨਾਂ ਦੇ ਵਕਫ਼ੇ ਮਗਰੋਂ ਛੋਟੀ ਰਾਣੀ ਨੇ ਵਿਕਰਮਾਜੀਤ ਨੂੰ ਜਨਮ ਦਿੱਤਾ। ਸਾਰੇ ਸ਼ਹਿਰ ਵਿਚ ਖ਼ੂਬ ਖ਼ੁਸ਼ੀਆਂ ਮਨਾਈਆਂ ਗਈਆਂ, ਖ਼ੈਰਾਤਾਂ ਵੰਡੀਆਂ ਗਈਆਂ। ਦੋਵੇਂ ਰਾਜਕੁਮਾਰ ਲਾਡਾਂ ਮਲ੍ਹਾਰਾਂ ਨਾਲ਼ ਪਲਣ ਲੱਗੇ। ਅਜੇ ਉਹ ਤਿੰਨ ਕੁ ਵਰ੍ਹਿਆਂ ਦੇ ਮਸੀਂ ਹੋਏ ਸਨ ਕਿ ਭਰਥਰੀ ਦੀ ਮਾਤਾ ਸੁਰਗਵਾਸ ਹੋ ਗਈ। ਸਾਰੇ ਦਰਬਾਰ ਵਿਚ ਸੋਗ ਦੀ ਲਹਿਰ ਦੌੜ ਗਈ।

ਗੰਧਰਵ ਸੈਨ ਨੇ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ ਦੋਵਾਂ ਰਾਜਕੁਮਾਰਾਂ ਨੂੰ ਵਿਕਰਮਾਜੀਤ ਦੇ ਨਾਨੇ ਧਾਰਾ ਨਗਰੀ ਦੇ ਵਿਦਵਾਨ ਅਤੇ ਸੂਰਬੀਰ ਰਾਜੇ ਦੀ ਸਪੁਰਦਗੀ ਵਿਚ ਭੇਜ ਦਿੱਤਾ। ਦੋਵੇਂ ਨਾਨਕੇ ਪਰਿਵਾਰ ਵਿਚ ਪਲਣ ਲੱਗੇ। ਤੇ ਨਾਨੇ ਨੇ ਵੀ ਸਮੇਂ ਅਨੁਸਾਰ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਵਿਦਿਆ ਦੇਣ ਵਿਚ ਕੋਈ ਕਸਰ ਬਾਕੀ ਨਾ ਛੱਡੀ... ਉਹ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਨਿਪੁੰਨਤਾ ਹਾਸਲ ਕਰਕੇ ਜਵਾਨੀ ਦੀਆਂ ਬਰੂਹਾਂ 'ਤੇ ਪੁੱਜ ਗਏ। ਤੇ ਏਧਰ ਉਜੈਨ ਨਗਰੀ ਪੱਬਾਂ ਭਾਰ ਹੋਈ ਆਪਣੇ ਨੌਜਵਾਨ ਰਾਜਕੁਮਾਰਾਂ ਦਾ ਇੰਤਜ਼ਾਰ ਕਰ ਰਹੀ ਸੀ... ਜਦੋਂ ਭਰਥਰੀ ਅਤੇ ਵਿਕਰਮਾਜੀਤ ਉਜੈਨ ਦਰਬਾਰ ਵਿਚ ਪੁੱਜੇ ਤਾਂ ਉਨ੍ਹਾਂ ਦੇ ਗੇਲੀਆਂ ਅਤੇ ਸਰੂਆਂ ਵਰਗੇ ਸਡੌਲ ਸਰੀਰ ਵੇਖ ਕੇ ਸਾਰਾ ਰਾਜ ਦਰਬਾਰ ਅਸ਼ ਅਸ਼ ਕਰ ਉਠਿਆ... ਉਨ੍ਹਾਂ ਦੇ ਚਿਹਰਿਆਂ ਦੀ ਆਭਾ ਬਣ ਬਣ ਪੈਂਦੀ ਸੀ ਤੇ ਖ਼ੁਸ਼ੀ ਵਿਚ ਖੀਵੇ ਹੋਏ ਗੰਧਰਵ ਸੈਨ ਦੇ ਪੱਬ ਧਰਤੀ 'ਤੇ ਨਹੀਂ ਸੀ ਲੱਗ ਰਹੇ।

ਸਿਆਣੇ ਰਾਜ ਦਰਬਾਰੀਆਂ ਨੇ ਮਸ਼ਵਰਾ ਦਿੱਤਾ- ਰਾਜਕੁਮਾਰਾਂ ਦੇ ਵਿਆਹ ਕਰ ਦਿੱਤੇ ਜਾਣ। ਸਾਰੇ ਰਾਜਾਂ ਵਿਚ ਯੋਗ ਤੇ ਸੁੰਦਰ ਕੰਨਿਆਵਾਂ ਦੀ ਭਾਲ਼ ਲਈ ਏਲਚੀ ਭੇਜ ਦਿੱਤੇ ਗਏ। ਤੇ ਕੁਝ ਸਮੇਂ ਵਿਚ ਹੀ ਦੋਵਾਂ ਰਾਜਕੁਮਾਰਾਂ ਦੇ ਵਿਆਹ

ਯੋਗ ਤੇ ਕੋਮਲ ਚਿਤ ਸੁੰਦਰ ਰਾਜਕੁਮਾਰੀਆਂ ਨਾਲ਼ ਕਰ ਦਿੱਤੇ ਤੇ ਨਾਲ਼ ਹੀ ਗੰਧਰਵ ਸੈਨ ਆਪਣੀ ਵੱਡੀ ਬੇਟੀ ਮੈਨਾਵੰਤੀ ਦਾ ਵਿਆਹ ਬੰਗਾਲ ਦੇ ਧਾਰਾਪੁਰੀ ਦੇ ਰਾਜੇ ਪਦਮ ਸੈਨ ਨਾਲ਼ ਕਰਕੇ ਪਰਿਵਾਰਕ ਬੋਝ ਤੋਂ ਸੁਰਖ਼ਰੂ ਹੋ ਗਿਆ।

ਗੰਧਰਵ ਸੈਨ ਹੁਣ ਬੁਢਾਪੇ ਵੱਲ ਪੈਰ ਪਸਾਰ ਰਿਹਾ ਸੀ। ਉਸ ਨੇ ਭਰਥਰੀ ਨੂੰ ਵੱਡਾ ਪੁੱਤਰ ਹੋਣ ਦੇ ਨਾਤੇ ਰਾਜ ਤਿਲਕ ਦੇ ਕੇ ਸੰਨਿਆਸ ਲੈਣ ਦਾ ਫ਼ੈਸਲਾ ਕਰ ਲਿਆ। ਭਰਥਰੀ ਨੂੰ ਭਰੇ ਦਰਬਾਰ ਵਿਚ ਰਾਜ ਸਿੰਘਾਸਨ 'ਤੇ ਬਿਠਾ ਕੇ ਉਸ ਨੇ ਕਿਹਾ, "ਬੇਟਾ ਭਰਥਰੀ! ਵਿਕਰਮਾਜੀਤ ਤੇਰੀ ਸੱਜੀ ਬਾਂਹ ਹੈ, ਵੱਡਾ ਹੋਣ ਦੇ ਨਾਤੇ ਰਾਜ ਸਿੰਘਾਸਨ 'ਤੇ ਤੇਰਾ ਹੱਕ ਹੈ। ਤੂੰ ਇਹਦੇ ਮਸ਼ਵਰੇ ਨਾਲ਼ ਰਾਜ ਕਾਜ ਸੰਭਾਲੀਂ, ਇਹ ਬਹੁਤ ਸਿਆਣੈ ਤੇ ਵਿਦਵਾਨ ਹੈ।"

"ਪਿਤਾ ਜੀ ਤੁਸੀਂ ਨਿਸ਼ਚਿੰਤ ਰਹੋ। ਵਿਕਰਮਾਜੀਤ ਦੀ ਸਲਾਹ ਤੋਂ ਬਿਨਾਂ ਮੈਂ ਕੋਈ ਕਦਮ ਨਹੀਂ ਪੁੱਟਾਂਗਾ।" ਐਨਾ ਆਖ ਭਰਥਰੀ ਨੇ ਵਿਕਰਮਾਜੀਤ ਨੂੰ ਆਪਣੀ ਬੁੱਕਲ ਵਿਚ ਲੈ ਲਿਆ।

ਤੇ ਗੰਧਰਵ ਸੈਨ ਆਪਣਾ ਰਾਜ ਪਾਟ ਭਰਥਰੀ ਦੇ ਹਵਾਲੇ ਕਰਕੇ ਬਿੰਧਿਆਚਲ ਪਰਬਤ 'ਤੇ ਜਾ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਿਆ।

ਜਦੋਂ ਭਰਥਰੀ ਹਰੀ ਦਾ ਰਾਜ ਕਾਲ ਸ਼ੁਰੂ ਹੋਇਆ ਉਦੋਂ ਉਜੈਨ ਦੀ ਨਗਰੀ ਘੁੱਗ ਵਸ ਰਹੀ ਸੀ- ਸਾਰੇ ਰਾਜ ਵਿਚ ਸੁਖ ਸ਼ਾਂਤੀ ਤੇ ਅਮਨ ਚੈਨ ਸੀ ਤੇ ਰਾਜ ਦੀ ਪਰਜਾ ਹਰ ਪੱਖੋਂ ਸੁਖ ਭੋਗ ਰਹੀ ਸੀ। ਵਿਕਰਮਾਜੀਤ ਆਪਣੀ ਸੂਝ, ਸਿਆਣਪ, ਦੂਰ ਅੰਦੇਸ਼ੀ ਅਤੇ ਪ੍ਰਬੰਧਕੀ ਕੁਸ਼ਲਤਾ ਨਾਲ਼ ਰਾਜ ਪ੍ਰਬੰਧ ਦੀ ਸਯੋਗ ਅਗਵਾਈ ਕਰ ਰਿਹਾ ਸੀ ਤੇ ਉਸ ਨੇ ਆਪਣੇ ਆਪ ਨੂੰ ਆਪਣੇ ਵੱਡੇ ਭਰਾ ਭਰਥਰੀ ਅਤੇ ਰਾਜ ਦੀ ਪਰਜਾ ਨੂੰ ਸਮਰਪਿਤ ਕੀਤਾ ਹੋਇਆ ਸੀ। ਦੂਜੇ ਬੰਨੇ ਰਾਜ ਭਾਗ ਦਾ ਮਾਲਕ ਭਰਥਰੀ ਸੀ ਜਿਸ ਨੇ ਰਾਜ ਦਰਬਾਰ ਦੇ ਕੰਮਾਂ-ਕਾਜਾਂ ਨੂੰ ਵਿਸਾਰ ਕੇ ਆਪਣੇ ਆਪ ਨੂੰ ਇਕ ਕਾਮਨੀ ਦੇ ਹਵਾਲੇ ਕੀਤਾ ਹੋਇਆ ਸੀ- ਉਹ ਕਾਮਨੀ ਸੀ ਹੁਸਨ ਦੀ ਸ਼ਾਖ਼ਸ਼ਾਤ ਮੂਰਤ, ਉਹਦੀ ਰਾਣੀ ਪਿੰਗਲਾ! ਪਿੰਗਲਾ ਦੇ ਮਦ ਭਰੇ ਨੈਣਾਂ ਵਿਚੋਂ ਮਦਰਾ ਦੀਆਂ ਨਦੀਆਂ ਵਹਿੰਦੀਆਂ ਸਨ ਤੇ ਉਹ ਆਪਣੇ ਨੈਣਾਂ ਦੇ ਤੀਰਾਂ ਨਾਲ਼ ਉਡਦੇ ਪੰਛੀਆਂ ਨੂੰ ਘਾਇਲ ਕਰਨ ਦੀ ਸਮਰੱਥਾ ਰੱਖਦੀ ਸੀ... ਭਰਥਰੀ ਤਾਂ ਕੀਹਦੇ ਪਾਣੀਹਾਰ ਸੀ... ਟੂਣੇਹਾਰੀ ਪਿੰਗਲਾ ਨੇ ਉਹਨੂੰ ਮਦਰਾ ਦੇ ਜਾਮ ਪਿਲਾ ਪਿਲਾ ਕੇ ਅਜਿਹਾ ਕੀਲ ਲਿਆ ਕਿ ਉਹ ਹੁਣ ਉਹਦੇ ਜੋਗਾ ਹੀ ਹੋ ਕੇ ਰਹਿ ਗਿਆ। ਰਾਜ ਮਹਿਲਾਂ ਵਿਚ ਨਿੱਤ ਮਹਿਫ਼ਲਾਂ ਜੁੜਦੀਆਂ, ਨਾਚ ਗਾਣਾ, ਸ਼ਰਾਬ ਤੇ ਸ਼ਬਾਬ ਉਹਦੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਏ।

ਰਾਣੀ ਪਿੰਗਲਾ ਨੇ ਭਾਵੇਂ ਵਫ਼ਾ ਪਾਲਣ ਅਤੇ ਪਤੀਬਰਤਾ ਹੋਣ ਦਾ ਪ੍ਰਭਾਵ ਭਰਥਰੀ ਦੇ ਮਨ 'ਤੇ ਪਾਇਆ ਹੋਇਆ ਸੀ ਪਰੰਤੂ ਉਹ ਆਪਣੇ ਹੁਸਨ ਦਾ

ਜਾਦੂ ਹਾਥੀ ਬਾੜੇ ਦੇ ਛੈਲ ਛਬੀਲੇ ਗੱਭਰੂ ਮਹਾਵਤ 'ਤੇ ਵੀ ਚਲਾ ਚੁੱਕੀ ਸੀ ਤੇ ਉਸ ਨਾਲ਼ ਲੁਕਵੇਂ ਰੂਪ ਵਿਚ ਪ੍ਰੇਮ ਪੀਂਘਾਂ ਝੂਟ ਰਹੀ ਸੀ। ਜਦੋਂ ਰਾਜਾ ਆਪਣੇ ਮਹਿਲਾਂ ਵਿਚੋਂ ਬਾਹਰ ਜਾਂਦਾ ਉਹ ਮਹਾਵਤ ਨੂੰ ਸੱਦ ਲੈਂਦੀ। ਆਪਣੀ ਗੁਮਨਾਮ ਮੁਹੱਬਤ ਦੇ ਰਾਜ਼ ਨੂੰ ਛੁਪਾਉਣ ਲਈ ਉਹਨੇ ਆਪਣੀ ਇਕ ਗੋਲੀ ਨੂੰ ਰਾਜ਼ਦਾਰ ਬਣਾਇਆ ਹੋਇਆ ਸੀ... ਜਦੋਂ ਭਰਥਰੀ ਆਪਣੇ ਮਹਿਲਾਂ ਨੂੰ ਮੁੜਦਾ ਉਹਦੀ ਅਗੇਤਰੀ ਸੂਚਨਾ ਉਹ ਪਿੰਗਲਾ ਨੂੰ ਦੇ ਦੇਂਦੀ ਤੇ ਮਹਾਵਤ ਨੂੰ ਉਹ ਚੋਰ ਮੋਰੀਓਂ ਬਾਹਰ ਕੱਢ ਦੇਂਦੀ। ਇਹ ਸਿਲਸਿਲਾ ਕਾਫੀ ਦੇਰ ਚਲਦਾ ਰਿਹਾ।

ਲੋਕ ਮੁਹਾਵਰਾ ਹੈ- ਇਸ਼ਕ ਤੇ ਮੁਸ਼ਕ ਛੁਪਾਇਆਂ ਨਹੀਂ ਛੁਪਦੇ ਕੰਧ ਪਾੜ ਕੇ ਬਾਹਰ ਆ ਜਾਂਦੇ ਹਨ। ਇਕ ਦਿਨ ਕੀ ਹੋਇਆ ਕਿ ਪਿੰਗਲਾ ਦਾ ਪ੍ਰੇਮੀ ਮਹਾਵਤ (ਹਾਥੀਵਾਨ) ਅਜੇ ਉਹਦੇ ਹਰਮ ਵਿਚ ਹੀ ਸੀ ਕਿ ਗੋਲੀ ਨੇ ਆ ਕੇ ਸੂਚਨਾ ਦਿੱਤੀ ਕਿ ਮਹਾਰਾਜ ਸਮੇਂ ਤੋਂ ਪਹਿਲਾਂ ਹੀ ਮਹਿਲਾਂ ਦੇ ਦੁਆਰ 'ਤੇ ਪੁੱਜ ਗਏ ਹਨ। ਇਸ ਅਚਨਚੇਤੀ ਸੂਚਨਾ ਨਾਲ਼ ਪਿੰਗਲਾ ਘਬਰਾ ਗਈ। ਓਹਨੇ ਛੇਤੀ ਦੇਣੇ ਮਹਾਵਤ ਨੂੰ ਗੋਲੀ ਨਾਲ਼ ਏਧਰ ਓਧਰ ਭੇਜ ਦਿੱਤਾ। ਅਜੇ ਪਿੰਗਲਾ ਨੇ ਆਪਣੇ ਵਸਤਰ ਠੀਕ ਵੀ ਨਹੀਂ ਸੀ ਕੀਤੇ ਕਿ ਭਰਥਰੀ ਉਸ ਦੇ ਰੈਣ ਬਸੇਰੇ ਵਿਚ ਆ ਵੜਿਆ। ਪਿੰਗਲਾ ਤਾਂ ਆਪਣੀ ਚੋਰੀ ਦੇ ਫੜੀ ਜਾਣ ਕਾਰਨ ਪਹਿਲਾਂ ਹੀ ਭਮੱਤਰੀ ਹੋਈ ਸੀ... ਰਾਜੇ ਨੇ ਉਹਦੇ ਚਿਹਰੇ ਵੱਲ ਵੇਖਿਆ... ਪੀਲਾ ਜ਼ਰਦ... ਰੇਸ਼ਮੀ ਪੁਸ਼ਾਕ ਉਤੇ ਸਿਲਵਟਾਂ। ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ ਰਹੀ। ਪਰੰਤੂ ਪਿੰਗਲਾ ਨੇ ਉਸ ਦੇ ਹਾਵਾਂ ਭਾਵਾਂ ਨੂੰ ਸਮਝਦਿਆਂ ਤ੍ਰਿਆ ਚਰਿਤਰ ਦਾ ਬਾਣ ਚਲਾ ਦਿੱਤਾ, "ਮਹਾਰਾਜ ਮੈਂ ਤਾਂ ਮਸਾਂ ਬਚੀ ਆਂ ਅੱਜ। ਵਿਕਰਮਾਜੀਤ ਦੀ ਨੀਅਤ ਫਿਟ ਗਈ ਸੀ ਮੇਰੀ ਜਵਾਨੀ 'ਤੇ। ਉਸ ਪਾਸੋਂ ਮਸੀਂ ਖਹਿੜਾ ਛੁਡਾਇਐ। ਮਹਾਰਾਜ! ਤੁਹਾਡੇ ਤੋਂ ਬਿਨਾਂ ਕੀਹਦੀ ਹਿੰਮਤ ਐ ਮੇਰੇ ਵੱਲ ਝਾਕ ਜਾਵੇ।"

ਪਿੰਗਲਾ ਦੇ ਕਹੇ ਬੋਲ ਭਰਥਰੀ ਦੇ ਧੁਰ ਅੰਦਰ ਤਕ ਲਹਿ ਗਏ। ਉਹ ਝੰਜੋੜਿਆ ਗਿਆ। ਉਸ ਨੂੰ ਤਾਂ ਵਿਕਰਮਾਜੀਤ 'ਤੇ ਬਹੁਤ ਮਾਣ ਸੀ। ਪਿੰਗਲਾ ਨੇ ਤਾਂ ਇਕ ਤੀਰ ਨਾਲ਼ ਦੋ ਨਿਸ਼ਾਨੇ ਫੁੰਡ ਲਏ ਸਨ- ਨਾਲੇ ਆਪਣੀ ਸਫ਼ਾਈ ਦੇ ਦਿੱਤੀ, ਨਾਲ਼ੇ ਰਾਜੇ ਦੇ ਮਨ ਅੰਦਰ ਆਪਣੇ ਭਰਾ ਲਈ ਨਫ਼ਰਤ ਦੀ ਜਵਾਲਾ ਜਲਾ ਦਿੱਤੀ। ਮਦਰਾ ਦੇ ਜਾਮ ਅਤੇ ਸ਼ਬਾਬ ਵੀ ਉਸ ਨੂੰ ਸ਼ਾਂਤ ਨਾ ਕਰ ਸਕੇ। ਉਹ ਸਾਰੀ ਰਾਤ ਤਿਲਮਲਾਉਂਦਾ ਰਿਹਾ।

ਅਗਲੀ ਭਲਕ ਭਰਥਰੀ ਨੇ ਵਿਕਰਮਾਜੀਤ ਨੂੰ ਰਾਜ ਦਰਬਾਰ ਵਿਚ ਸੱਦ ਲਿਆ ਅਤੇ ਬਿਨਾਂ ਉਸ ਦਾ ਪੱਖ ਸੁਣੇ ਉਸ ਨੂੰ ਦੇਸ-ਨਿਕਾਲ਼ਾ ਦੇ ਦਿੱਤਾ। ਵਿਕਰਮਾਜੀਤ ਆਪਣੇ ਵੱਡੇ ਭਰਾ ਦੇ ਹੁਕਮਾਂ 'ਤੇ ਫੁੱਲ ਚੜ੍ਹਾਉਂਦਾ ਹੋਇਆ ਉਜੈਨ ਨਗਰੀ ਨੂੰ ਛੱਡ ਕੇ ਆਸਾਮ ਵਲ ਨੂੰ ਚਲਿਆ ਗਿਆ।

ਵਿਕਰਮਾਜੀਤ ਦੇ ਜਾਣ ਨਾਲ਼ ਰਾਜ ਦਰਬਾਰ ਵਿਚ ਹਫੜਾ-ਦਫੜੀ ਮੱਚ ਗਈ। ਭਰਥਰੀ ਮਦਰਾ ਅਤੇ ਸ਼ਬਾਬ ਵਿਚ ਮਦਹੋਸ਼ ਆਪਣੀ ਰਾਣੀ ਪਿੰਗਲਾ ਨਾਲ਼ ਰੰਗਰਲੀਆਂ ਮਨਾ ਰਿਹਾ ਸੀ। ਹੁਣ ਉਸ ਨੂੰ ਟੋਕਣ ਵਾਲ਼ਾ ਵੀ ਕੋਈ ਨਹੀਂ ਸੀ ਰਿਹਾ, ਚਾਲਬਾਜ਼ ਅਤੇ ਸਾਜ਼ਸ਼ੀ ਦਰਬਾਰੀਆਂ ਦੀ ਚੜ੍ਹ ਮਚੀ ਸੀ।

ਉਜੈਨ ਵਿਚ ਹੀ ਸੋਮ ਨਾਂ ਦਾ ਇਕ ਬਾਲ ਬਚੜਦਾਰ ਵਿਦਵਾਨ ਬ੍ਰਾਹਮਣ ਰਹਿੰਦਾ ਸੀ... ਗ਼ਰੀਬੀ ਦਾ ਭੰਨਿਆ ਹੋਇਆ ਤੰਗ ਦਸਤ। ਉਹ ਸ਼ਿਵਾਂ ਦਾ ਭਗਤ ਸੀ- ਬਹੁਤ ਹੀ ਭਲਾ ਪੁਰਸ਼। ਇਕ ਦਿਨ ਕੀ ਹੋਇਆ ਇਕ ਮਹਾਂਪੁਰਸ਼ ਉਹਦੇ ਕੋਲ਼ ਆਇਆ ਤੇ ਉਹਨੂੰ ਇਕ ਫ਼ਲ ਦੇ ਕੇ ਆਖਿਆ, "ਭਗਤਾ! ਇਹ ਅੰਮ੍ਰਿਤ ਫ਼ਲ ਐ ਜਿਹੜਾ ਵੀ ਇਸ ਨੂੰ ਖਾਵੇਗਾ, ਬਿਰਧ ਨਹੀਂ ਹੋਵੇਗਾ।" ਫ਼ਲ ਦੇ ਕੇ ਮਹਾਂਪੁਰਸ਼ ਚਲਿਆ ਗਿਆ।

ਵਿਦਵਾਨ ਪੰਡਿਤ ਸੋਮ ਨੇ ਸੋਚਿਆ- ਉਸ ਨੇ ਦੁੱਖਾਂ-ਦਲਿਦਰਾਂ ਨਾਲ਼ ਭਰਿਆ ਜੀਵਨ ਜੀ ਕੇ ਭਲਾ ਕੀ ਲੈਣਾ ਹੈ ਕਿਉਂ ਨਾ ਉਹ ਇਹ ਫ਼ਲ ਪਰਜਾ ਪਾਲਕ ਰਾਜਾ ਭਰਥਰੀ ਨੂੰ ਭੇਟ ਕਰ ਆਵੇ। ਆਪਣੇ ਮਨ ਨਾਲ਼ ਨਿਰਣਾ ਕਰਕੇ ਸੋਮ ਫ਼ਲ ਨੂੰ ਰੁਮਾਲ ਵਿਚ ਲਪੇਟ ਕੇ ਭਰਥਰੀ ਦੇ ਦਰਬਾਰ ਵਿਚ ਜਾ ਹਾਜ਼ਰ ਹੋਇਆ ਤੇ ਇਹ ਫ਼ਲ ਉਸ ਦੇ ਚਰਨਾਂ ਵਿਚ ਭੇਟ ਕਰਕੇ ਬੋਲਿਆ, "ਮਹਾਰਾਜ ਦੀ ਜੈ ਹੋਵੇ। ਰਾਜਨ ਇਹ ਅੰਮ੍ਰਿਤ ਫ਼ਲ ਹੈ ਜੋ ਵੀ ਇਸ ਨੂੰ ਖਾਵੇਗਾ ਕਦੀ ਬੁੱਢਾ ਨਹੀਂ ਹੋਵੇਗਾ। ਸਵੀਕਾਰ ਕਰੋ ਮਹਾਰਾਜ।"

ਭਰਥਰੀ ਨੇ ਪੰਡਿਤ ਵਲੋਂ ਭੇਟ ਕੀਤੀ ਸੁਗਾਤ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕਰ ਲਈ ਤੇ ਉਸ ਨੂੰ ਬਹੁਤ ਸਾਰੀ ਦਖਸ਼ਣਾ ਦੇ ਕੇ ਵਿਦਾ ਕਰ ਦਿੱਤਾ।

ਭਰਥਰੀ ਆਪਣੇ ਪ੍ਰਾਣਾਂ ਨਾਲ਼ੋਂ ਵੀ ਵਧ ਪਿੰਗਲਾ ਨੂੰ ਪਿਆਰ ਕਰਦਾ ਸੀ। ਉਹਨੇ ਰਾਜ ਮਹਿਲਾਂ ਵਿਚ ਆ ਕੇ ਅੰਮ੍ਰਿਤ ਫ਼ਲ ਦੀ ਖਾਸੀਅਤ ਦੱਸਦਿਆਂ ਇਹ ਫ਼ਲ ਪਿੰਗਲਾ ਨੂੰ ਫੜਾ ਕੇ ਕਿਹਾ ਕਿ ਉਹ ਹੁਣੇ ਹੀ ਇਸ ਨੂੰ ਖਾ ਲਵੇ। ਉਸ ਨੇ ਫ਼ਲ ਨੂੰ ਨਿਹਾਰਦਿਆਂ ਇਕ ਪਲ ਸੋਚਿਆ ਤੇ ਚਹਿਕ ਕੇ ਬੋਲੀ, "ਮਹਾਰਾਜ! ਐਨੇ ਉਤਾਵਲੇ ਕਿਉਂ ਹੁੰਦੇ ਹੋ... ਹੁਣੇ ਹੀ ਖਾ ਲਵਾਂਗੀ ਪਹਿਲਾਂ ਤੁਸੀਂ ਕੁਝ ਤਿਲ ਫੁਲ ਸਵੀਕਾਰ ਕਰੋ।" ਐਨਾ ਆਖ ਕੇ ਉਸ ਨੇ ਮਦਰਾ ਦੀ ਪਿਆਲੀ ਰਾਜੇ ਦੇ ਬੁਲ੍ਹਾਂ ਨੂੰ ਛੁਹਾ ਦਿੱਤੀ ਤੇ ਫ਼ਲ ਨੂੰ ਸੰਭਾਲ ਕੇ ਰੱਖ ਲਿਆ ਤੇ ਰਾਜੇ ਨੂੰ ਆਪਣੇ ਚੋਹਲਾਂ ਨਾਲ਼ ਰਿਝਾਉਣ ਲੱਗ ਪਈ।

ਸਵੇਰ ਹੋਈ, ਭਰਥਰੀ ਨਿੱਤ ਵਾਂਗ ਆਪਣੇ ਰਾਜ ਦਰਬਾਰ ਵਿਚ ਚਲਿਆ ਗਿਆ। ਰਾਜੇ ਦੇ ਜਾਣ ਮਗਰੋਂ ਮਹਾਵਤ ਰਾਜ ਮਹਿਲਾਂ ਵਿਚ ਪੁੱਜ ਗਿਆ। ਇਹ ਉਹਦੀ ਨਿੱਤ ਦੀ ਕਾਰ ਸੀ- ਪ੍ਰੇਮ ਕ੍ਰੀੜਾ ਵਿਚ ਮਹਿਵ ਪ੍ਰੇਮੀ ਨੂੰ ਆਪਣੀ ਪ੍ਰੇਮਿਕਾ ਦਾ ਮੁੱਖ ਦੇਖੇ ਬਿਨਾਂ ਚੈਨ ਨਹੀਂ ਸੀ ਆਉਂਦਾ। ਪਿੰਗਲਾ ਅੰਦਰੋਂ ਰਾਜੇ ਵਲੋਂ ਦਿੱਤਾ

ਫ਼ਲ ਲੈ ਆਈ ਤੇ ਉਸ ਨੂੰ ਫੜਾ ਕੇ ਕਿਹਾ, "ਮੇਰਿਆ ਮਹਿਰਮਾ! ਇਹ ਫ਼ਲ ਖਾ ਲੈ ਸਦਾ ਜਵਾਨ ਰਹੇਂਗਾ। ਇਹ ਦਾਤੇ ਦੀ ਮਿਹਰ ਨਾਲ਼ ਪ੍ਰਾਪਤ ਹੋਇਆ ਹੈ।"

ਮਹਾਵਤ ਨੇ ਇਹ ਫ਼ਲ ਆਪਣੇ ਮਸਤਕ ਨਾਲ਼ ਛੁਹਾਇਆ ਤੇ ਰਾਣੀ ਨਾਲ਼ ਮਾਖਿਓਂ-ਮਿੱਠੀਆਂ ਗੱਲਾਂ ਵਿਚ ਰੁਝ ਗਿਆ ਅਤੇ ਫ਼ਲ ਨੂੰ ਬੋਝੇ ਵਿਚ ਪਾ ਕੇ ਘਰ ਲੈ ਆਇਆ। ਮਹਾਵਤ ਦੀ ਇਕ ਹੋਰ ਪ੍ਰੇਮਿਕਾ ਸੀ- ਉਜੈਨ ਦੀ ਖ਼ੂਬਸੂਰਤ ਨਾਚੀ ਜਿਸ ਨੂੰ ਉਹ ਪਿੰਗਲਾ ਨਾਲੋਂ ਵੀ ਵਧ ਪਿਆਰ ਕਰਦਾ ਸੀ। ਉਸ ਨੇ ਇਹ ਫ਼ਲ ਲਿਆ ਕੇ ਉਸ ਨਾਚੀ ਨੂੰ ਭੇਂਟ ਕਰ ਦਿੱਤਾ। ਨਾਚੀ ਨੇ ਵੀ ਇਹ ਫ਼ਲ ਉਹਦੇ ਸਾਹਮਣੇ ਨਾ ਖਾਧਾ ਤੇ ਫੇਰ ਖਾਣ ਲਈ ਰੱਖ ਕੇ ਉਹਦੇ ਨਾਲ਼ ਪਿਆਰ ਭਰੀਆਂ ਗੱਲਾਂ ਬਾਤਾਂ ਕਰਦੀ ਰਹੀ।

ਉਜੈਨ ਦੀ ਇਹ ਖ਼ੂਬਸੂਰਤ ਨਾਚੀ ਕਈ ਵਾਰ ਰਾਜਾ ਭਰਥਰੀ ਦੇ ਰੰਗ ਮਹਿਲ ਵਿਚ ਮੁਜਰਾ ਕਰ ਚੁੱਕੀ ਸੀ। ਉਹਦੇ ਮਨ ਅੰਦਰ ਭਰਥਰੀ ਲਈ ਅਥਾਹ ਮੁਹੱਬਤ ਸੀ। ਉਸ ਨੇ ਸੋਚਿਆ ਕਿ ਉਸ ਦੇ ਜੀਵਨ ਨੂੰ ਤਾਂ ਲੋਕੀ ਹਕਾਰਤ ਭਰੀਆਂ ਨਜ਼ਰਾਂ ਨਾਲ਼ ਵੇਖਦੇ ਹਨ- ਉਹਨੇ ਸਦਾ ਜਵਾਨ ਰਹਿ ਕੇ ਕੀ ਕਰਨਾ ਹੈ, ਕਿਉਂ ਨਾ ਉਹ ਰਾਜਾ ਭਰਥਰੀ ਨੂੰ ਇਹ ਅੰਮ੍ਰਿਤ ਫ਼ਲ ਭੇਂਟ ਕਰ ਦੇਵੇ! ਕੁਝ ਦਿਨਾਂ ਬਾਅਦ ਉਸ ਹੁਸ਼ਨਾਕ ਨਾਚੀ ਨੇ ਅੰਮ੍ਰਿਤ ਫ਼ਲ ਨੂੰ ਰੇਸ਼ਮੀ ਰੁਮਾਲ 'ਚ ਲਪੇਟਿਆ ਤੇ ਥਾਲੀ 'ਚ ਪਰੋਸ ਕੇ ਭਰਥਰੀ ਦੇ ਚਰਨਾਂ 'ਚ ਭੇਟ ਕਰ ਕੇ ਅਰਜ਼ ਗੁਜ਼ਾਰੀ, "ਮੇਰੀ ਤੁਛ ਜਿਹੀ ਭੇਟ ਸਵੀਕਾਰ ਕਰੋ ਮਹਾਰਾਜ।"

ਭਰਥਰੀ ਨੇ ਜਦੋਂ ਥਾਲੀ ਤੋਂ ਰੁਮਾਲ ਪਰ੍ਹੇ ਸਰਕਾਇਆ ਓਹ ਤਾਂ ਵੇਖਦੇ ਸਾਰ ਹੀ ਧੁਰ ਅੰਦਰ ਤਕ ਝੰਜੋੜਿਆ ਗਿਆ- ਇਹ ਤਾਂ ਓਹੀ ਅੰਮ੍ਰਿਤ ਫ਼ਲ ਸੀ ਜਿਹੜਾ ਉਹਨੇ ਪਿੰਗਲਾ ਨੂੰ ਖਾਣ ਲਈ ਦਿੱਤਾ ਸੀ। ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਉਤਸੁਕਤਾ ਪੂਰਵਕ ਨਿਗਾਹ ਨਾਲ਼ ਨਾਚੀ ਵਲ ਵੇਖ ਕੇ ਪੁੱਛਿਆ-

"ਤੈਨੂੰ ਇਹ ਫ਼ਲ ਕਿਥੋਂ ਪ੍ਰਾਪਤ ਹੋਇਆ ਹੈ ?"

"ਮਹਾਰਾਜ ਇਹ ਨਾ ਪੁੱਛੋ ਬਸ ਸਵੀਕਾਰ ਕਰੋ। ਮੈਂ ਆਪ ਨੂੰ ਸਦਾ ਜਵਾਨ ਵੇਖਣਾ ਲੋਚਦੀ ਹਾਂ।"

"ਇਹ ਤਾਂ ਤੈਨੂੰ ਦੱਸਣਾ ਹੀ ਪੈਣੈ ? ਕਿਧਰੇ ਮੇਰੇ ਨਾਲ਼ ਕੋਈ ਛੜਯੰਤਰ ਤਾਂ ਨਹੀਂ ਖੇਡ ਰਹੀ ?"

ਰਾਜੇ ਨੇ ਕਹਿਰਵਾਨ ਨਿਗਾਹਾਂ ਨਾਲ਼ ਨਾਚੀ ਵੱਲ ਵੇਖਿਆ ਤੇ ਉਹ ਧੁਰ ਅੰਦਰ ਤਕ ਕੰਬ ਗਈ। ਸੱਚ ਬੋਲਣ ਤੋਂ ਸਿਵਾ ਕੋਈ ਹੋਰ ਚਾਰਾ ਨਹੀਂ ਸੀ ਰਿਹਾ।

"ਮਹਾਰਾਜਾ ਸੱਚ ਤਾਂ ਇਹ ਹੈ। ਤੁਹਾਡੇ ਹਾਥੀ ਬਾੜੇ ਦਾ ਮਹਾਵਤ ਮੇਰਾ ਪ੍ਰੇਮੀ ਹੈ। ਉਸ ਨੇ ਇਹ ਫ਼ਲ ਮੈਨੂੰ ਖਾਣ ਲਈ ਦਿੱਤਾ ਸੀ।"

ਮਹਾਵਤ ਨੂੰ ਤੁਰੰਤ ਦਰਬਾਰ ਵਿਚ ਸੱਦਿਆ ਗਿਆ। ਪਹਿਲਾਂ ਤਾਂ ਉਸ

ਨੇ ਸੱਚ ਦੱਸਣੋਂ ਆਨਾ-ਕਾਨੀ ਕੀਤੀ ਪਰੰਤੂ ਜਦੋਂ ਉਸ 'ਤੇ ਕੋਰੜਿਆਂ ਦਾ ਮੀਂਹ ਵਰ੍ਹਨ ਲੱਗਾ ਉਸ ਨੇ ਸਭ ਕੁਝ ਉਗਲ ਦਿੱਤਾ।

"ਮਹਾਰਾਜ! ਸੱਚ ਦੱਸਦਾ ਹਾਂ। ਰਾਜਨ ਮੈਨੂੰ ਇਹ ਫ਼ਲ ਰਾਣੀ ਪਿੰਗਲਾ ਨੇ ਖਾਣ ਲਈ ਦਿੱਤਾ ਸੀ ਪਰੰਤੂ ਮੈਂ ਇਹ ਫ਼ਲ ਅਗਾਂਹ ਆਪਣੀ ਪ੍ਰੇਮਿਕਾ ਨਾਚੀ ਨੂੰ ਦੇ ਦਿੱਤਾ ਸੀ। ਮੈਨੂੰ ਮੁਆਫ਼ ਕਰ ਦੇਵੋ ਮਹਾਰਾਜ! ਮੇਰੀ ਜਾਨ ਬਖ਼ਸ਼ੀ ਜਾਵੇ। ਹਜ਼ੂਰ ਬਾਲ ਬੱਚੜਦਾਰ ਹਾਂ।"

ਮਹਾਵਤ ਦੇ ਇਨ੍ਹਾਂ ਬੋਲਾਂ ਨੇ ਜਿਵੇਂ ਭਰਥਰੀ ਦੀ ਹੋਣੀ ਹੀ ਬਦਲ ਦਿੱਤੀ ਹੋਵੇ- ਉਹਦੇ ਧੁਰ ਅੰਦਰ ਇਕ ਜਵਾਲਾ ਮੱਚ ਰਹੀ ਸੀ ਪਰੰਤੂ ਬਾਹਰੋਂ ਉਹ ਸ਼ਾਂਤ ਚਿੱਤ ਨਜ਼ਰ ਆ ਰਿਹਾ ਸੀ। ਉਹਨੇ ਨਾਚੀ ਅਤੇ ਮਹਾਵਤ ਨੂੰ ਦਰਬਾਰ ਵਿਚੋਂ ਚਲੇ ਜਾਣ ਦੀ ਆਗਿਆ ਦੇ ਦਿੱਤੀ ਤੇ ਆਪ ਆਪਣੇ ਮਹਿਲਾਂ ਨੂੰ ਤੁਰ ਪਿਆ।

ਰਾਣੀ ਪਿੰਗਲਾ ਅਜੇ ਤਕ ਇਹ ਨਹੀਂ ਸੀ ਜਾਣਦੀ ਕਿ ਰਾਜ ਦਰਬਾਰ ਵਿਚ ਅੱਜ ਕਿਹੜੀਆਂ ਘਟਨਾਵਾਂ ਵਾਪਰੀਆਂ ਹਨ। ਉਹ ਪਹਿਲਾਂ ਵਾਂਗ ਹੀ ਮੁਸਕਾਨਾਂ ਬਖੇਰਦੀ ਹੋਈ ਭਰਥਰੀ ਦੇ ਆਗਮਨ ਵਿਚ ਬਾਹਾਂ ਉਲਾਰੀ ਖਲੋਤੀ ਹੋਈ ਸੀ- ਉਹਨੇ ਵੇਖਿਆ ਅੱਜ ਭਰਥਰੀ ਦਾ ਚਿਹਰਾ ਗੰਭੀਰਤਾ ਦੀਆਂ ਝਲਕਾਂ ਮਾਰ ਰਿਹਾ ਸੀ।

"ਅੱਜ ਮੇਰੇ ਮਹਾਰਾਜ ਬਦਲੇ ਬਦਲੇ ਕਿਉਂ ਨਜ਼ਰ ਆ ਰਹੇ ਨੇ," ਪਿੰਗਲਾ ਨੇ ਭਰਥਰੀ ਨੂੰ ਕਾਮੁਕ ਅਦਾ ਨਾਲ਼ ਆਪਣੀ ਗਲਵੱਕੜੀ 'ਚ ਲੈਂਦਿਆਂ ਆਖਿਆ। ਅੱਜ ਪਹਿਲਾ ਮੌਕਾ ਸੀ ਜਦੋਂ ਭਰਥਰੀ ਨੇ ਪਿੰਗਲਾ ਨੂੰ ਕ੍ਰੋਧਵਾਨ ਨਿਗਾਹਾਂ ਨਾਲ਼ ਵੇਖਿਆ ਸੀ। ਉਸ ਨੇ ਆਪਣੇ-ਆਪ ਨੂੰ ਰਾਣੀ ਦੀ ਬੁੱਕਲ 'ਚੋਂ ਛੁਡਾਇਆ ਤੇ ਬੋਲਿਆ, "ਰਾਣੀ ਪਹਿਲਾਂ ਮੇਰੀ ਸ਼ੰਕਾ ਨਵਿਰਤ ਕਰੋ। ਤੈਂ ਅੰਮ੍ਰਿਤ ਫ਼ਲ ਖਾਧਾ ਹੈ ਜਾਂ ਨਹੀਂ?"

"ਮਹਾਰਾਜ ਇਸ ਗੱਲ ਨਾਲ਼ ਕੀ ਫ਼ਰਕ ਪੈਂਦੈ ਕਿ ਮੈਂ ਫ਼ਲ ਖਾਧਾ ਹੈ ਜਾਂ ਨਹੀਂ... ਮੈਂ ਤਾਂ ਤੁਹਾਡੀ ਦਾਸੀ ਆਂ।"

"ਫ਼ਰਕ ਕਿਉਂ ਨੀ ਪੈਂਦਾ ਮੇਰੀ ਚੰਚਲ ਰਾਣੀਏਂ... ਫ਼ਰਕ ਤਾਂ ਪੈ ਗਿਐ... ਕੂੜ ਦਾ ਭਾਂਡਾ ਆਖਰ ਭਜਣੈ ਹੀ ਭਜਣੈ... ਸੱਚ ਦਾ ਸੂਰਜ ਮੇਰੇ ਸਾਹਮਣੇ ਐ... ਆਹ ਵੇਖ ਓਹੀ ਅੰਮ੍ਰਿਤ ਫ਼ਲ।" ਭਰਥਰੀ ਨੇ ਫ਼ਲ ਰਾਣੀ ਅੱਗੇ ਵਗਾਹ ਮਾਰਿਆ।

"ਕਿਉਂ ਮਜ਼ਾਕ ਕਰਦੇ ਓ ਰਾਜਨ! ਮੈਂ ਤਾਂ ਤੁਹਾਡੇ ਵਾਲ਼ਾ ਫ਼ਲ ਖਾ ਲਿਆ ਸੀ... ਇਹ ਫ਼ਲ ਤਾਂ ਕੋਈ ਹੋਰ ਹੀ ਐ..."

ਪਿੰਗਲਾ ਨੇ ਵੇਖਿਆ ਅੱਜ ਪਹਿਲੀ ਵਾਰ ਭਰਥਰੀ ਦੇ ਨੈਣਾਂ ਵਿਚ ਮਦਰਾ ਦੀ ਥਾਂ ਅੰਗਿਆਰ ਭਖ ਰਹੇ ਸਨ... ਉਹ ਰਾਜੇ ਦੀਆਂ ਕ੍ਰੋਧਵਾਨ ਨਿਗਾਹਾਂ ਦਾ ਵਾਰ ਝੱਲ ਨਾ ਸਕੀ ਤੇ ਥਰ-ਥਰ ਕੰਬਦੀ ਹੋਈ ਉਹਦੇ ਚਰਨਾਂ 'ਚ ਢਹਿ ਪਈ ਤੇ

ਬੋਲੀ, "ਮਹਾਰਾਜ! ਮੈਂ ਤੁਹਾਡੇ ਨਾਲ਼ ਧੋਖਾ ਕਰਦੀ ਰਹੀ ਆਂ ਪਤੀਬਰਤਾ ਧਰਮ ਨਹੀਂ ਨਿਭਾਅ ਸਕੀ... ਮੈਂ ਮਹਾਵਤ ਨੂੰ ਆਪਣਾ ਪ੍ਰੇਮੀ ਬਣਾਇਆ ਹੋਇਆ ਸੀ ਤੇ ਮੈਂ ਹੀ ਉਹ ਅੰਮ੍ਰਿਤ ਫ਼ਲ ਉਸ ਨੂੰ ਦਿੱਤਾ ਸੀ... ਰਾਜਨ ਮੈਂ ਕਸੂਰਵਾਰ ਹਾਂ। ਪਾਪਣ ਹਾਂ ਮੈਨੂੰ ਖਿਮਾ ਕਰ ਦੇਵੋ ਰਾਜਨ।"

ਭਰਥਰੀ ਦਾ ਸ਼ੰਕਾ ਨਵਿਰਤ ਹੋ ਗਿਆ ਸੀ! ਉਹਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਵਫ਼ਾ ਦੀ ਪੁਤਲੀ ਹੋਣ ਦਾ ਸਾਂਗ ਕਰਨ ਵਾਲੀ ਪਿੰਗਲਾ ਉਹਦੇ ਨਾਲ਼ ਬੇਵਫ਼ਾਈ ਕਰੇਗੀ... ਉਹਨੂੰ ਆਪਣੇ ਛੋਟੇ ਭਰਾ ਵਿਕਰਮਾਜੀਤ ਦੀ ਯਾਦ ਆਈ ਜਿਸ ਨੂੰ ਪਿੰਗਲਾ ਦੇ ਕਾਰਨ ਉਹਨੇ ਦੇਸ਼ ਨਿਕਾਲਾ ਦੇ ਦਿੱਤਾ ਸੀ- ਉਹਦੀ ਰੂਹ ਧੁਰ ਅੰਦਰ ਤਕ ਵਲੂੰਧਰੀ ਗਈ। ਉਹਦੀਆਂ ਅੱਖਾਂ ਨੇ ਵੈਰਾਗ ਦੇ ਹੰਝੂਆਂ ਦੀ ਝੜੀ ਲਾ ਦਿੱਤੀ।

ਭਰਥਰੀ ਦੇ ਮਨ 'ਤੇ ਲੱਗੀ ਅੰਦਰੂਨੀ ਚੋਟ ਨੇ ਉਹਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ। ਉਸ ਨੇ ਤੁਰੰਤ ਹੀ ਰਾਜ-ਭਾਗ ਦਾ ਤਿਆਗ ਕਰਕੇ ਯੋਗ ਧਾਰਨ ਦਾ ਫ਼ੈਸਲਾ ਕਰ ਲਿਆ ਅਤੇ ਆਪਣੇ ਮਹਾਂਮੰਤਰੀ ਨੂੰ ਬੁਲਾ ਕੇ ਆਦੇਸ਼ ਦੇ ਦਿੱਤਾ ਕਿ ਵਿਕਰਮਾਜੀਤ ਦੀ ਭਾਲ਼ ਕਰਕੇ ਉਸ ਨੂੰ ਉਜੈਨ ਦੇ ਸਿੰਘਾਸਨ 'ਤੇ ਬਿਰਾਜਮਾਨ ਕਰ ਦੇਣ ਤੇ ਆਪ ਜੋਗੀਆਂ ਦੇ ਟਿੱਲੇ ਨੂੰ ਯੋਗ ਲੈਣ ਤੁਰ ਪਿਆ।

ਉਜੈਨ ਦੀ ਪਰਜਾ ਭਰੇ ਨੇਤਰਾਂ ਨਾਲ਼ ਤੁਰਦੇ ਜਾਂਦੇ ਰਾਜੇ ਨੂੰ ਵੇਖਦੀ ਰਹੀ। ਉਦੋਂ ਤਕ ਵੇਖਦੀ ਰਹੀ ਜਿੰਨੀ ਦੇਰ ਤਕ ਉਨ੍ਹਾਂ ਦੀਆਂ ਅੱਖੀਆਂ ਤੋਂ ਓਹਲੇ ਨਾ ਹੋ ਗਿਆ।

ਚਲੋ ਚਾਲ ਤੁਰਦਾ ਭਰਥਰੀ ਗੋਰਖ ਨਾਥ ਦੇ ਗੁਰੂ ਜਤਿੰਦਰੀ ਨਾਥ ਦੇ ਟਿੱਲੇ 'ਤੇ ਪੁੱਜ ਗਿਆ। ਨਾਥ ਦੇ ਚਰਨ ਛੂਹਣ ਉਪਰੰਤ ਉਹਨੇ ਯੋਗ ਲੈਣ ਲਈ ਆਪਣੀ ਚਾਹਨਾ ਦਰਸਾਈ। ਜਤਿੰਦਰੀ ਨਾਥ ਜਾਣਦਾ ਸੀ ਰਾਜੇ ਲਈ ਯੋਗ ਧਾਰਨ ਕਰਨਾ ਕੋਈ ਸੁਖੇਰਾ ਕਾਰਜ ਨਹੀਂ ਸੀ। ਉਸ ਨੇ ਉਹਨੂੰ ਸਮਝਾ ਕੇ ਮੁੜ ਰਾਜ ਸਿੰਘਾਸਨ ਸੰਭਾਲਣ ਦਾ ਉਪਦੇਸ਼ ਦਿੱਤਾ-

*ਔਖੀ ਰਮਜ਼ ਫ਼ਕੀਰੀ ਵਾਲ਼ੀ*
*ਚੜ੍ਹ ਸੂਲੀ 'ਤੇ ਬਹਿਣਾ*
*ਦਰ ਦਰ 'ਤੇ ਟੁਕੜੇ ਮੰਗਣੇ*
*ਮਾਈਏ ਭੈਣੇ ਕਹਿਣਾ*

"ਨਾਥ ਜੀ! ਮੈਂ ਸਾਰੇ ਸੁੱਖਾਂ ਦਾ ਤਿਆਗ ਕਰਕੇ ਤੁਰਿਆ ਹਾਂ... ਮੈਨੂੰ ਮੋਹ-ਮਾਇਆ ਦੇ ਜਾਲ 'ਚੋਂ ਕੱਢੋ... ਸੱਚ ਅਤੇ ਸਦੀਵੀ ਸ਼ਾਂਤੀ ਦਾ ਰਾਹ ਵਖਾ ਕੇ ਆਪਣੇ ਲੜ ਲਾਵੋ- ਗੁਰੂਦੇਵ।"

"ਰਾਜਨ! ਜੋਗ ਦਾ ਪੈਂਡਾ ਬਹੁਤ ਕਠਿਨ ਐ... ਕਰੜੇ ਨੇਮਾਂ ਦੀ ਪਾਲਣਾ ਕਰਨਾ, ਕੰਦਮੂਲ ਖਾਣਾ ਤੇ ਪੰਜਾਂ ਇੰਦਰੀਆਂ ਨੂੰ ਵਸ 'ਚ ਕਰਨਾ। ਮਖ਼ਮਲੀ ਬਿਸਤਰਿਆਂ 'ਤੇ ਸੌਣ ਵਾਲ਼ੇ ਤੇ ਮਹਿਲਾਂ ਮਾੜੀਆਂ 'ਚ ਰਹਿਣ ਵਾਲ਼ੇ ਗ੍ਰਹਿਸਥੀਆਂ ਦੇ ਵਸ ਦਾ ਰੋਗ ਨਹੀਂ।"

"ਗੁਰੂਦੇਵ ਹਰ ਨੇਮ ਦੀ ਪਾਲਣਾ ਕਰਾਂਗਾ। ਗੁਰੂ ਮੰਤਰ ਦੇ ਕੇ ਦਾਸ ਦਾ ਆਧਾਰ ਕਰੋ ਨਾਥ ਜੀ!"

ਜਤਿੰਦਰੀ ਨਾਥ ਨੇ ਅਨੁਭਵ ਕਰ ਲਿਆ ਸੀ ਕਿ ਭਰਥਰੀ ਸੱਚੇ ਮਨ ਨਾਲ਼ ਜੋਗ ਧਾਰਨ ਕਰਨ ਆਇਆ ਹੈ- ਉਸ ਨੇ ਉਸ ਨੂੰ ਗੁਰੂ ਮੰਤਰ ਦੇਣ ਤੋਂ ਪਹਿਲਾਂ ਉਹਦੀ ਪ੍ਰੀਖਿਆ ਲੈਣ ਲਈ ਗੋਰਖ ਨਾਥ ਨੂੰ ਇਸ਼ਾਰਾ ਕਰਕੇ ਆਖਿਆ, "ਬੱਚਾ! ਭਰਥਰੀ ਨੂੰ ਉਜੈਨ ਨਗਰੀ ਦਾ ਫੇਰਾ ਪੁਆ ਲਿਆ। ਇਹਦੇ ਭਗਵੇਂ ਕੱਪੜੇ ਪਹਿਨਾ ਦੇਵੋ... ਮੁੰਦਰਾਂ ਉਦੋਂ ਪਾਵਾਂਗੇ ਜਦੋਂ ਗੁਰੂ ਮੰਤਰ ਧਾਰਨ ਕਰੇਗਾ- ਇਕ ਜ਼ਰੂਰੀ ਗੱਲ, ਭਰਥਰੀ ਆਪਣੀਆਂ ਰਾਣੀਆਂ ਨੂੰ ਮਾਂ ਸ਼ਬਦ ਨਾਲ਼ ਸੰਬੋਧਨ ਕਰਕੇ ਭਿਛਿਆ ਮੰਗ ਕੇ ਲਿਆਵੇ।"

'ਅਲਖ ਨਿਰੰਜਨ' ਆਖ ਗੋਰਖ ਨਾਥ ਨੇ ਭਰਥਰੀ ਦੇ ਗੇਰੂਏ ਰੰਗ ਦੇ ਕੱਪੜੇ ਪਹਿਨਾਏ ਤੇ ਉਜੈਨ ਨਗਰੀ ਨੂੰ ਤੁਰ ਪਏ।

ਸਭ ਤੋਂ ਪਹਿਲਾਂ ਰਾਣੀ ਪਿੰਗਲਾ ਦਾ ਮਹਿਲ ਸੀ। ਭਰਥਰੀ ਨੇ ਪਿੰਗਲਾ ਦੇ ਬੂਹੇ ਅੱਗੇ ਜਾ ਅਲਖ ਜਗਾਈ, "ਅਲਖ ਨਿਰੰਜਨ"।

ਪਿੰਗਲਾ ਨੇ ਵੇਖਿਆ ਭਰਥਰੀ ਜੋਗੀ ਦੇ ਰੂਪ ਵਿਚ ਉਹਦੇ ਬੂਹੇ 'ਤੇ ਖੜ੍ਹਾ ਭਿਖਿਆ ਮੰਗ ਰਿਹਾ ਹੈ... ਉਹਦੇ ਨੈਣਾਂ 'ਚੋਂ ਹੰਝੂਆਂ ਦੀ ਨਦੀ ਵਗ ਟੁਰੀ... ਜੋਗੀ ਨੇ ਮੁੜ ਅਲਖ ਜਗਾਈ, "ਮਾਂ ਪਿੰਗਲਾ! ਭਿਛਿਆ ਦੇ! ਅਲਖ ਨਿਰੰਜਨ।"

"ਮਹਾਰਾਜ ਕਸੂਰ ਤਾਂ ਮੇਰਾ ਹੈ- ਸਜ਼ਾ ਮੈਨੂੰ ਦੇਵੋ। ਆਓ ਆਪਣਾ ਰਾਜ ਭਾਗ ਸੰਭਾਲੋ।" ਪਿੰਗਲਾ ਨੇ ਬੂਹੇ ਦੇ ਪਿੱਛੇ ਖੜੋਤਿਆਂ ਬੇਨਤੀ ਕੀਤੀ। ਪਛਤਾਵੇ ਦੇ ਭਾਵ ਨਾਲ਼ ਉਹਦਾ ਗਲ਼ਾ ਭਰ ਆਇਆ।

"ਮਾਂ ਪਿੰਗਲਾ! ਇਨ੍ਹਾਂ ਗੱਲਾਂ ਦੀ ਕੋਈ ਤੁਕ ਨਹੀਂ। ਬੱਸ ਭਿਛਿਆ ਪਾ... ਅਸੀਂ ਅਗਲੇ ਦਰ ਵੀ ਜਾਣਾ ਹੈ... ਅਲਖ ਨਿਰੰਜਨ।"

ਹਟਕੋਰੇ ਭਰਦੀ ਪਿੰਗਲਾ ਅੰਦਰੋਂ ਭਿਛਿਆ ਦਾ ਥਾਲ ਭਰ ਲਿਆਈ ਤੇ ਭਰਥਰੀ ਦੀ ਬਗਲੀ ਵਿਚ ਭਿਛਿਆ ਪਾ ਕੇ ਗਸ਼ ਖਾ ਕੇ ਡਿੱਗ ਪਈ ਤੇ ਭਰਥਰੀ 'ਅਲਖ ਨਿਰੰਜਨ' ਅਲਾਪਦਾ ਹੋਇਆ ਅਗਾਂਹ ਤੁਰ ਗਿਆ।

ਰਾਣੀ ਪਿੰਗਲਾ ਤੋਂ ਭਿਛਿਆ ਲੈ ਕੇ ਗੋਰਖ ਭਰਥਰੀ ਨੂੰ ਜੋਗੀਆਂ ਦੇ ਟਿੱਲੇ 'ਤੇ ਲੈ ਆਇਆ। ਵਿਧੀਗਤ ਰੀਤੀ ਅਨੁਸਾਰ ਜਤਿੰਦਰੀ ਨਾਥ ਨੇ ਭਰਥਰੀ ਨੂੰ ਗੁਰੂ ਮੰਤਰ ਦੇ ਕੇ ਉਹਦੇ ਕੰਨਾਂ ਵਿਚ ਮੁੰਦਰਾਂ ਪੁਆ ਦਿੱਤੀਆਂ ਅਤੇ ਆਪਣੇ ਜੋਗ ਮਤ

ਵਿਚ ਸ਼ਾਮਲ ਕਰਕੇ ਆਸ਼ੀਰਵਾਦ ਦਿੱਤੀ, "ਬੱਚਾ ਭਰਥਰੀ! ਤੂੰ ਯੋਗੀ ਰਾਜ ਵਜੋਂ ਪ੍ਰਸਿੱਧੀ ਹਾਸਲ ਕਰੇਂਗਾ।"

ਅਸ਼ੀਰਵਾਦ ਪ੍ਰਾਪਤ ਕਰਕੇ ਜੋਗੀ ਬਣਿਆਂ ਭਰਥਰੀ ਤੀਰਥਾਂ ਦੀ ਯਾਤਰਾ 'ਤੇ ਤੁਰ ਪਿਆ ਤੇ ਕਈ ਵਰ੍ਹੇ ਸੁਰਾਸ਼ਟਰ ਦੀਆਂ ਗੁਫ਼ਾਵਾਂ ਵਿਚ ਤਪ ਸਾਧਨਾ ਤੇ ਯੋਗ ਅਭਿਆਸ ਵਿਚ ਜੁਟਿਆ ਰਿਹਾ ਤੇ ਉਸ ਨੇ ਯੋਗ ਮੱਤ ਦੇ ਪਾਸਾਰ ਤੇ ਪ੍ਰਚਾਰ ਵਿਚ ਆਪਣਾ ਸਾਰਾ ਜੀਵਨ ਅਰਪਨ ਕਰ ਦਿੱਤਾ। ਉਹ ਸੰਸਕ੍ਰਿਤ ਸਾਹਿਤ ਦੇ ਵਿਦਵਾਨ ਪੰਡਿਤ ਵਜੋਂ ਵੀ ਪ੍ਰਸਿੱਧ ਹੋਇਆ। ਉਸ ਦੀਆਂ ਤਿੰਨ ਰਚਨਾਵਾਂ 'ਸ਼ਿੰਗਾਰ ਸ਼ਤਕ', 'ਨੀਤੀ ਸ਼ਤਕ' ਅਤੇ 'ਵੈਰਾਗਯ ਸ਼ਤਕ' ਸੰਸਕ੍ਰਿਤ ਸਾਹਿਤ ਦੀਆਂ ਅਮਰ ਰਚਨਾਵਾਂ ਹਨ।

ਜਦੋਂ ਗੁਰੂ ਨਾਨਕ ਦੇਵ ਦੀ ਜੋਗੀਆਂ ਨਾਲ਼ ਵਿਚਾਰ ਚਰਚਾ ਹੋਈ ਸੀ ਉਦੋਂ ਭਰਥਰੀ ਨਾਲ਼ ਵੀ ਸੰਵਾਦ ਰਚਾਇਆ ਸੀ:

*"ਕਹੁ ਨਾਨਕ ਸੁਣਿ ਭਰਥਰਿ ਜੋਗੀ"*

*(ਆਸਾ ਮੁਹੱਲਾ: ਪਹਿਲਾ)*

ਪਾਕਿਸਤਾਨ ਦੇ ਪੱਛਮੀ ਪੰਜਾਬ ਦੇ ਜਿਹਲਮ ਇਲਾਕੇ ਵਿਚ ਜੋਗ ਮੱਤ ਦਾ ਕਾਫੀ ਜ਼ੋਰ ਰਿਹਾ ਹੈ। ਜਿਹਲਮ ਸ਼ਹਿਰ ਤੋਂ ਕੁਝ ਮੀਲਾਂ ਦੇ ਫ਼ਾਸਲੇ 'ਤੇ ਜੋਗ ਮੱਤ ਦਾ ਭਾਰਤ ਦਾ ਸਭ ਤੋਂ ਵੱਡਾ ਮੱਠ ਸਥਿਤ ਸੀ ਜਿਸ ਦਾ ਸਬੰਧ ਗੋਰਖ ਨਾਥ, ਭਰਥਰੀ ਹਰੀ ਅਤੇ ਪੂਰਨ ਆਦਿ ਜੋਗੀਆਂ ਨਾਲ਼ ਸੀ। ਇਸ ਟਿੱਲੇ ਉਤੇ ਜੋਗੀਆਂ ਦੀਆਂ ਕਈ ਸਮਾਧਾਂ ਬਣੀਆਂ ਹੋਈਆਂ ਸਨ। ਇਕ ਬੜੀ ਪੁਰਾਣੀ ਸਮਾਧੀ ਨੂੰ ਭਰਥਰੀ ਹਰੀ ਦੀ ਸਮਾਧੀ ਦੱਸਿਆ ਜਾਂਦਾ ਹੈ ਪਰੰਤੂ 1748 ਈਸਵੀ ਵਿਚ ਜਦੋਂ ਅਹਿਮਦ ਸ਼ਾਹ ਦੁਰਾਨੀ ਨੇ ਹਿੰਦੋਸਤਾਨ 'ਤੇ ਹੱਲੇ ਬੋਲੇ ਸਨ ਤਾਂ ਇਕ ਹੱਲੇ ਵਿਚ ਜਿਹਲਮ ਸ਼ਹਿਰ 'ਚੋਂ ਲੰਘਦਿਆ ਰਾਹ ਵਿਚ ਆਏ ਇਸ ਟਿੱਲੇ ਨੂੰ ਉਸ ਨੇ ਤਬਾਹ ਕਰ ਦਿੱਤਾ! ਓਥੇ ਹੁਣ ਸਮਾਧਾਂ ਦੇ ਖੰਡਰਾਤ ਹੀ ਹਨ।*

ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਜ਼ਿਲ੍ਹੇ 'ਚ ਚਨਾਰ ਦੇ ਕਿਲ੍ਹੇ ਵਿਚ ਭਰਥਰੀ ਦੀ ਉੱਚੀ ਸਮਾਧ ਬਣੀ ਹੋਈ ਹੈ ਜਿਸ 'ਤੇ ਹਜ਼ਾਰਾਂ ਲੋਕੀਂ ਅਕੀਦਤ ਦੇ ਫੁੱਲ ਭੇਟ ਕਰਕੇ ਉਸ ਦੀ ਯਾਦ ਨੂੰ ਤਾਜ਼ਾ ਕਰਦੇ ਹਨ:

*ਤੁਰਨ ਲੱਗਿਆਂ ਨਾਲ਼ ਨਾ ਤੁਰੇ ਦੌਲਤ*
*ਸਾਰੇ ਭਰੇ ਖ਼ਜ਼ਾਨੜੇ ਧਰੇ ਰਹਿੰਦੇ*

---

**ਵਣਜਾਰਾ ਬੇਦੀ 'ਪੰਜਾਬ ਦਾ ਲੋਕ ਸਾਹਿਤ', ਪੰਨਾ 108-109, ਨਵਯੁਗ ਪਬਲਿਸ਼ਰਜ਼, ਦਿੱਲੀ।*

*ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ*
*ਸੀਨੇ ਉਨ੍ਹਾਂ ਦੇ ਅੰਦਰੋਂ ਠਰੇ ਰਹਿੰਦੇ*
*ਜਿਨ੍ਹਾਂ ਬੀਜਿਆ ਬਦੀ ਦਾ ਬੀਜ ਖੋਟਾ*
*ਨਾਗ ਦੁੱਖਾਂ ਦੇ ਉਨ੍ਹਾਂ ਨੂੰ ਲੜੇ ਰਹਿੰਦੇ*
*ਚਾਤ੍ਰਿਕ ਨੇਕੀਆਂ ਜਿਨ੍ਹਾਂ ਨੇ ਕੀਤੀਆਂ ਨੇ*
*ਲੋਕੀਂ ਉਨ੍ਹਾਂ ਦੇ ਪੂਜਦੇ ਥੜ੍ਹੇ ਰਹਿੰਦੇ*
*(ਧਨੀ ਰਾਮ ਚਾਤ੍ਰਿਕ)*

ਪੰਜ ਸਦੀਆਂ ਤੋਂ ਵੀ ਵੱਧ ਸਮਾਂ ਬੀਤਣ ਤੋਂ ਬਾਅਦ ਵੀ ਭਰਥਰੀ ਹਰੀ ਦੀ ਲੋਕ ਗਾਥਾ ਪੰਜਾਬੀਆਂ ਦੇ ਹਿਰਦਿਆਂ 'ਤੇ ਉਕਰੀ ਹੋਈ ਹੈ। ਉਹ ਇਸ ਗਾਥਾ ਨੂੰ ਸੁਣ ਕੇ ਸੁਹਜਆਤਮਿਕ ਆਨੰਦ ਹੀ ਪ੍ਰਾਪਤ ਨਹੀਂ ਕਰਦੇ ਬਲਕਿ ਇਸ ਤੋਂ ਸਦਾਚਾਰਕ ਤੇ ਨੈਤਿਕ ਕਦਰਾਂ-ਕੀਮਤਾਂ ਵਾਲ਼ਾ ਜੀਵਨ ਜੀਣ ਦੀ ਪ੍ਰੇਰਨਾ ਵੀ ਲੈਂਦੇ ਹਨ।

•

# ਦੁੱਲਾ ਭੱਟੀ

ਪੰਜਾਬ ਵਿਚ ਗਾਏ ਜਾਂਦੇ ਲੋਹੜੀ ਦੇ ਗੀਤਾਂ ਵਿਚ 'ਸੁੰਦਰ-ਮੁੰਦਰੀਏ' ਨਾਂ ਦਾ ਇਕ ਲੋਕ-ਗੀਤ ਬੜਾ ਪ੍ਰਸਿੱਧ ਹੈ ਜੋ ਲੋਹੜੀ ਦੇ ਪਿਛੋਕੜ ਨਾਲ਼ ਜੁੜੀ ਇਕ ਕਹਾਣੀ ਬਿਆਨ ਕਰਦਾ ਹੈ। ਇਹ ਕਹਾਣੀ ਮੁਗਲ ਸਮਰਾਟ ਅਕਬਰ ਦੇ ਸਮਕਾਲੀ ਦੁੱਲਾ ਭੱਟੀ ਨਾਮਕ ਸੂਰਮੇ ਨਾਲ਼ ਸਬੰਧ ਰੱਖਦੀ ਹੈ।

ਕਿਹਾ ਜਾਂਦਾ ਹੈ ਕਿ ਇਕ ਪਿੰਡ ਵਿਚ ਇਕ ਗ਼ਰੀਬ ਬ੍ਰਾਹਮਣ ਰਹਿੰਦਾ ਸੀ। ਉਸ ਦੇ ਦੋ ਮੁਟਿਆਰ ਧੀਆਂ ਸਨ। ਉਹ ਦੋਨੋਂ ਮੰਗੀਆਂ ਹੋਈਆਂ ਸਨ ਪਰੰਤੂ ਉਹ ਗ਼ਰੀਬੀ ਕਾਰਨ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਿਆ। ਉਸ ਇਲਾਕੇ ਦਾ ਮੁਗ਼ਲ ਹਾਕਮ ਬੜਾ ਨਿਰਦਈ ਸੀ। ਉਹ ਨੌਜਵਾਨ ਕੁੜੀਆਂ ਨੂੰ ਜ਼ੋਰੀਂ ਚੁੱਕ ਕੇ ਲੈ ਜਾਇਆ ਕਰਦਾ ਸੀ। ਉਸ ਹਾਕਮ ਦੇ ਕੰਨੀਂ ਸੁੰਦਰੀ-ਮੁੰਦਰੀ ਦੇ ਹੁਸਨ ਦੀ ਕਨਸੋਅ ਪਈ। ਉਸ ਨੇ ਇਨ੍ਹਾਂ ਨੂੰ ਜ਼ੋਰੀਂ ਚੁੱਕਣ ਦੀ ਵਿਉਂਤ ਬਣਾ ਲਈ। ਇਸ ਗੱਲ ਦੀ ਭਿਣਕ ਗ਼ਰੀਬ ਬ੍ਰਾਹਮਣ ਨੂੰ ਵੀ ਪੈ ਗਈ। ਉਹਨੇ ਕੁੜੀਆਂ ਦੇ ਸਹੁਰੇ ਘਰ ਜਾ ਕੇ ਆਖਿਆ ਕਿ ਉਹ ਸੁੰਦਰੀ-ਮੁੰਦਰੀ ਨੂੰ ਬਿਨਾਂ ਵਿਆਹ ਦੇ ਹੀ ਆਪਣੇ ਘਰ ਲੈ ਜਾਣ ਪਰੰਤੂ ਉਹ ਨਾ ਮੰਨੇ। ਉਹ ਹਾਕਮ ਤੋਂ ਡਰਦੇ ਸਨ ਤੇ ਬਿਨਾਂ ਵਿਆਹ ਤੋਂ ਕੁੜੀਆਂ ਆਪਣੇ ਘਰ ਲਿਜਾਣ ਲਈ ਰਾਜ਼ੀ ਨਾ ਹੋਏ। ਬ੍ਰਾਹਮਣ ਪਾਸ ਉਸ ਸਮੇਂ ਦੋ ਇਕੱਠੇ ਵਿਆਹ ਕਰਨ ਦੀ ਪਰੋਖੋਂ ਨਹੀਂ ਸੀ। ਉਹ ਨਿਰਾਸ਼ ਹੋਇਆ ਘਰ ਨੂੰ ਮੁੜ ਪਿਆ। ਰਾਹ ਵਿਚ ਜੰਗਲ ਪੈਂਦਾ ਸੀ, ਜਿੱਥੇ ਦੁੱਲਾ ਭੱਟੀ ਨਾਂ ਦਾ ਸੂਰਮਾ ਡਾਕੂ ਆਮ ਵਿਚਰਦਾ ਸੀ। ਇਸ ਤੋਂ ਸਾਰੇ ਡਰਦੇ ਸਨ। ਦੁੱਲਾ ਭੱਟੀ ਗ਼ਰੀਬਾਂ ਦਾ ਬੜਾ ਹਮਦਰਦ ਸੀ। ਉਹ ਅਮੀਰਾਂ ਤੇ ਜਾਬਰਾਂ ਨੂੰ ਲੁੱਟਦਾ ਸੀ ਤੇ ਲੁੱਟ ਦਾ ਮਾਲ ਗ਼ਰੀਬਾਂ ਵਿਚ ਵੰਡ ਦਿੰਦਾ ਸੀ। ਉਸ ਬ੍ਰਾਹਮਣ ਨੂੰ ਜੰਗਲ ਵਿਚ ਆ ਕੇ ਦੁੱਲਾ ਭੱਟੀ ਦਾ ਖ਼ਿਆਲ ਆਇਆ। ਉਹ ਦੁੱਲੇ ਦੀ ਭਾਲ਼ ਕਰਦਾ ਹੋਇਆ ਦੁੱਲੇ ਪਾਸ ਪੁੱਜ ਗਿਆ ਤੇ ਉਸ ਨੂੰ ਆਪਣੀ ਵੇਦਨਾ ਜਾ ਸੁਣਾਈ। ਦੁੱਲੇ ਨੇ ਆਖਿਆ, "ਤੂੰ ਕੋਈ ਫ਼ਿਕਰ ਨਾ ਕਰ, ਤੇਰੀਆਂ ਧੀਆਂ ਮੇਰੀਆਂ ਧੀਆਂ ਹਨ। ਮੈਂ ਉਨ੍ਹਾਂ ਦਾ ਵਿਆਹ ਆਪਣੇ ਹੱਥੀਂ ਆਪ ਕਰਾਂਗਾ- ਤੂੰ ਨਿਸਚਿੰਤ ਹੋ ਕੇ ਆਪਣੇ ਘਰ ਨੂੰ ਮੁੜ ਜਾਹ।"

ਦੁੱਲੇ ਨੇ ਕੁੜੀਆਂ ਦੇ ਬਾਪ ਤੇ ਸਹੁਰੇ ਦਾ ਥਹੁ-ਪਤਾ ਪੁੱਛ ਕੇ ਵਿਆਹ

ਦਾ ਦਿਨ ਧਰ ਦਿੱਤਾ। ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜੀਆਂ ਇਕੱਠੀਆਂ ਕਰ ਕੇ ਅੱਗ ਬਾਲੀ ਗਈ। ਦੁੱਲੇ ਨੇ ਆਲ਼ੇ-ਦੁਆਲ਼ੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਪਿੰਡ ਵਿਚ ਜਿਨ੍ਹਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਨ੍ਹਾਂ ਦੇ ਬਾਲ ਜਨਮੇ ਸਨ ਉਨ੍ਹਾਂ ਨੇ ਵੀ ਸੁੰਦਰ-ਮੁੰਦਰੀ ਦੇ ਵਿਆਹ 'ਤੇ ਆਪਣੇ ਵਲੋਂ ਕੁਝ ਨਾ ਕੁਝ ਗੁੜ-ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿਚ ਦਾਨ ਦਿੱਤਾ। ਦੁੱਲੇ ਕੋਲ਼ ਕੰਨਿਆ-ਦਾਨ ਦੇਣ ਲਈ ਇਕ ਲੱਪ ਸ਼ੱਕਰ ਦੀ ਹੀ ਸੀ। ਕੁੜੀਆਂ ਦਾ ਡੋਲਾ ਤੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲੱਖ-ਲੱਖ ਸ਼ੁਕਰ ਕੀਤਾ। ਕਿਹਾ ਜਾਂਦਾ ਹੈ ਉਦੋਂ ਤੋਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ।

ਸੁੰਦਰ ਮੁੰਦਰੀਏ ਲੋਕ ਗੀਤ ਦੇ ਬੋਲ ਹਨ:

*ਸੁੰਦਰ ਮੁੰਦਰੀਏ- ਹੋ*
*ਤੇਰਾ ਕੌਣ ਵਿਚਾਰਾ- ਹੋ*
*ਦੁੱਲਾ ਭੱਟੀ ਵਾਲਾ- ਹੋ*
*ਦੁੱਲੇ ਧੀ ਵਿਆਹੀ- ਹੋ*
*ਸੇਰ ਸ਼ੱਕਰ ਪਾਈ- ਹੋ*
*ਕੁੜੀ ਦੇ ਬੋਝੇ ਪਾਈ- ਹੋ*
*ਕੁੜੀ ਦਾ ਲਾਲ ਪਟਾਕਾ- ਹੋ*
*ਕੁੜੀ ਦਾ ਸਾਲੂ ਪਾਟਾ- ਹੋ*
*ਸਾਲੂ ਕੌਣ ਸਮੇਟੇ- ਹੋ*
*ਚਾਚਾ ਗਾਲੀ ਦੇਸੇ- ਹੋ*
*ਚਾਚਾ ਚੂਰੀ ਕੁੱਟੀ- ਹੋ*
*ਜ਼ਿਮੀਂਦਾਰ ਸਦਾਓ- ਹੋ*
*ਗਿਣ-ਗਿਣ ਪੌਲੇ ਲਾਓ- ਹੋ*

ਦੁੱਲਾ ਭੱਟੀ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਇਕ ਹੈ। ਉਹ ਸਾਂਦਲ ਬਾਰ (ਪੱਛਮੀ ਪੰਜਾਬ, ਪਾਕਿਸਤਾਨ) ਦੇ ਇਲਾਕੇ ਦਾ ਸੂਰਬੀਰ ਅਣਖੀ ਯੋਧਾ ਹੋਇਆ ਹੈ, ਜਿਸ ਨੇ ਅਕਬਰ ਜਹੇ ਮੁਗ਼ਲ ਬਾਦਸ਼ਾਹ ਵਿਰੁੱਧ ਬਗ਼ਾਵਤ ਦਾ ਝੰਡਾ ਬੁਲੰਦ ਕਰਕੇ ਆਪਣੇ ਬਾਪ ਤੇ ਦਾਦੇ ਦੀ ਮੌਤ ਦਾ ਬਦਲਾ ਲੈਣ ਲਈ ਆਪਣੀ ਸ਼ਹਾਦਤ ਦੇ ਦਿੱਤੀ ਤੇ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਲੱਗਾ।

ਇਹ ਵਾਰਤਾ ਅਕਬਰ ਸਮਰਾਟ ਦੇ ਰਾਜ ਸਮੇਂ ਦੀ ਹੈ। ਦੁੱਲੇ ਦਾ ਬਾਪ ਫ਼ਰੀਦ ਮੁਸਲਮਾਨ ਭੱਟੀ ਰਾਜਪੂਤ ਸੀ। ਉਹ ਲਾਹੌਰ ਦੇ ਲਾਗੇ ਸਾਂਦਲ ਬਾਰ ਦੇ ਇਲਾਕੇ ਵਿਚ ਰਹਿੰਦਾ ਸੀ। ਉਹਦਾ ਬਾਪ ਬੜਾ ਬਹਾਦਰ ਅਤੇ ਅੜਬ ਸੁਭਾਅ ਦਾ ਮਾਲਕ ਸੀ। ਉਹ ਮੁਗ਼ਲ ਸਰਕਾਰ ਦੀ ਈਨ ਮੰਨਣ ਤੋਂ ਇਨਕਾਰੀ ਸਨ- ਮਾਰ-ਧਾੜ ਕਰਨੀ ਉਨ੍ਹਾਂ ਦਾ ਮਨ ਭਾਉਂਦਾ ਸ਼ੁਗ਼ਲ ਸੀ। ਉਨ੍ਹਾਂ ਨੇ ਬਾਦਸ਼ਾਹ ਨੂੰ ਜ਼ਮੀਨਾਂ ਦਾ ਲਗਾਨ ਦੇਣਾ ਬੰਦ ਕਰ ਦਿੱਤਾ। ਮੁਗ਼ਲ ਸਰਕਾਰ ਦੇ ਕਰਮਚਾਰੀਆਂ ਨੂੰ ਉਹ ਟਿੱਚ ਸਮਝਦੇ ਤੇ ਲੁੱਟ-ਮਾਰ ਕਰਕੇ ਭਜਾ ਦਿੰਦੇ। ਲਗਾਨ ਦੀ ਵਸੂਲੀ ਨਾ ਹੋਣ ਕਰਕੇ ਅਤੇ ਉਨ੍ਹਾਂ ਦੀ ਮਾਰ-ਧਾੜ ਦੀਆਂ ਖ਼ਬਰਾਂ ਨੇ ਅਕਬਰ ਦੇ ਗੁੱਸੇ ਦਾ ਪਾਰਾ ਚਾੜ੍ਹ ਦਿੱਤਾ। ਅਕਬਰ ਨੇ ਉਨ੍ਹਾਂ ਦੋਨਾਂ ਦੀਆਂ ਮਸ਼ਕਾਂ ਬੰਨ੍ਹ ਕੇ ਦਰਬਾਰ ਵਿਚ ਪੇਸ਼ ਕਰਨ ਦੇ ਹੁਕਮ ਦੇ ਦਿੱਤੇ। ਮੁਗ਼ਲ ਫ਼ੌਜਾਂ ਨੇ ਫ਼ਰੀਦ ਤੇ ਉਹਦੇ ਬਾਪ ਨੂੰ ਜਾ ਫੜਿਆ ਤੇ ਅਕਬਰ ਦੇ ਲਾਹੌਰ ਦਰਬਾਰ ਵਿਚ ਪੇਸ਼ ਕਰ ਦਿੱਤਾ। ਅਕਬਰ ਨੇ ਅੱਗੋਂ ਲੋਕਾਂ ਵਿਚ ਦਹਿਸ਼ਤ ਫੈਲਾਉਣ ਲਈ ਉਨ੍ਹਾਂ ਦੇ ਸਿਰ ਕਲਮ ਕਰਕੇ ਲਾਸ਼ਾਂ ਵਿਚ ਫੂਸ ਭਰ ਕੇ ਲਾਹੌਰ ਸ਼ਹਿਰ ਦੇ ਮੁਖ ਦੁਆਰ 'ਤੇ ਪੁੱਠੀਆਂ ਲਟਕਾਉਣ ਦਾ ਹੁਕਮ ਦੇ ਦਿੱਤਾ... ਫ਼ਰੀਦ ਅਤੇ ਉਸ ਦਾ ਬਾਪ ਬੜ੍ਹਕਾਂ ਮਾਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।

ਫ਼ਰੀਦ ਦੀ ਸ਼ਹਾਦਤ ਸਮੇਂ ਉਹਦੀ ਪਤਨੀ ਲੱਧੀ ਪੰਜ ਮਹੀਨੇ ਦੀ ਗਰਭਵਤੀ ਸੀ। ਫ਼ਰੀਦ ਦੀ ਮੌਤ ਤੋਂ ਚਾਰ ਮਹੀਨੇ ਪਿੱਛੋਂ ਦੁੱਲੇ ਦਾ ਜਨਮ ਹੋਇਆ। ਉਸ ਦੀ ਦਾਦੀ ਅਤੇ ਮਾਂ ਉਹਦੇ ਚਿਹਰੇ ਨੂੰ ਵੇਖ ਕੇ ਨੂਰੋ-ਨੂਰ ਹੋ ਗਈਆਂ। ਇਕ ਅਨੋਖਾ ਜਲਾਲ ਉਹਦੇ ਮੱਥੇ 'ਤੇ ਟਪਕ ਰਿਹਾ ਸੀ। ਦਾਦੀ ਦੁੱਲੇ ਤੋਂ ਮੋਹਰਾਂ ਵਾਰ-ਵਾਰ ਵੰਡ ਰਹੀ ਸੀ। ਖ਼ੁਸ਼ੀ ਸਾਂਭਿਆਂ ਸੰਭਾਲੀ ਨਹੀਂ ਸੀ ਜਾਂਦੀ। ਇਕ ਆਸ, ਇਕ ਸੁਪਨਾ ਉਨ੍ਹਾਂ ਦੇ ਸਾਹਮਣੇ ਸਾਕਾਰ ਹੁੰਦਾ ਨਜ਼ਰੀਂ ਆ ਰਿਹਾ ਸੀ।

ਕੁਦਰਤ ਦੀ ਹੋਣੀ ਵੇਖੋ ਐਨ ਉਸੇ ਦਿਨ ਅਕਬਰ ਦੇ ਘਰ ਵੀ ਪੁੱਤ ਜੰਮਿਆਂ। ਉਹਦਾ ਨਾਂ ਉਹਨੇ ਸ਼ੇਖ਼ੂ ਰੱਖਿਆ ਜੋ ਵੱਡਾ ਹੋ ਕੇ ਜਹਾਂਗੀਰ ਬਾਦਸ਼ਾਹ ਬਣਿਆਂ। ਅਕਬਰ ਨੇ ਨਜੂਮੀਆਂ ਨੂੰ ਆਖਿਆ, "ਕੋਈ ਐਸਾ ਉਪਾਅ ਦੱਸੋ ਜਿਸ ਨਾਲ਼ ਸ਼ੇਖ਼ੂ ਸੂਰਬੀਰ, ਬਲਵਾਨ ਤੇ ਇਨਸਾਫ਼ ਪਸੰਦ ਵਿਅਕਤੀ ਬਣੇ।"

ਇਕ ਨਜੂਮੀ ਨੇ ਆਖਿਆ, "ਬਾਦਸ਼ਾਹ ਸਲਾਮਤ ਆਪਣੇ ਰਾਜ ਦੀ ਅਜਿਹੀ ਬਹਾਦਰ, ਸਿਹਤਮੰਦ ਰਾਜਪੂਤ ਔਰਤ ਦਾ ਦੁੱਧ ਸ਼ੇਖ਼ੂ ਨੂੰ ਚੁੰਘਾਇਆ ਜਾਵੇ, ਜਿਸ ਨੇ ਸ਼ੇਖ਼ੂ ਦੇ ਜਨਮ ਵਾਲ਼ੇ ਦਿਨ ਹੀ ਆਪਣੇ ਪੁੱਤਰ ਨੂੰ ਜਨਮ ਦਿੱਤਾ ਹੋਵੇ।"

ਅਜਿਹੀ ਸੂਰਬੀਰ ਮਾਂ ਦੀ ਭਾਲ਼ ਲਈ ਸਾਰੇ ਰਾਜ ਵਿਚ ਏਲਚੀ ਭੇਜੇ ਗਏ। ਕਿਸੇ ਲੱਧੀ ਬਾਰੇ ਆਖਿਆ ਕਿ ਉਸ ਨੇ ਪੁੱਤ ਨੂੰ ਜਨਮ ਦਿੱਤਾ ਹੈ।

ਲੱਧੀ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਬੁਲਾਇਆ ਗਿਆ। ਬਾਦਸ਼ਾਹ ਦਾ ਹੁਕਮ ਕਿਵੇਂ ਟਾਲ਼ਦੀ... ਸ਼ੇਖ਼ੂ ਨੂੰ ਪਾਲਣ ਦੀ ਜ਼ਿੰਮੇਵਾਰੀ ਉਹਨੇ ਲੈ ਲਈ। ਮੁਗ਼ਲ ਸਰਕਾਰ ਵਲੋਂ ਲੱਧੀ ਦੇ ਪਿੰਡ ਹੀ ਅਨੇਕਾਂ ਸੁੱਖ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ। ਦੁੱਲਾ ਤੇ ਸ਼ੇਖ਼ੂ 'ਕੱਠੇ ਪਲਣ ਲੱਗੇ- ਦੋਨੋਂ ਲੱਧੀ ਦਾ ਸੀਰ ਚੁੰਘਦੇ। ਦੋਹਾਂ ਨੂੰ ਉਹ ਇਕੋ ਜਿਹਾ ਪਿਆਰ ਦੇਂਦੀ, ਲਾਡ ਲਡਾਉਂਦੀ। ਸਮਾਂ ਆਪਣੀ ਤੋਰੇ ਤੁਰਦਾ ਰਿਹਾ...। ਸ਼ੇਖ਼ੂ ਨੇ ਆਪਣੇ ਬਾਪ ਪਾਸ ਆਖ਼ਰ ਜਾਣਾ ਹੀ ਸੀ। ਅਕਬਰ ਨੇ ਦੁੱਲੇ ਤੇ ਸ਼ੇਖ਼ੂ ਦੀ ਪ੍ਰੀਖਿਆ ਲਈ। ਘੋੜ ਸਵਾਰੀ, ਨੇਜ਼ਾਬਾਜ਼ੀ ਤੇ ਤੀਰਅੰਦਾਜ਼ੀ ਵਿਚ ਦੁੱਲਾ ਸ਼ੇਖ਼ੂ ਨੂੰ ਮਾਤ ਦੇ ਗਿਆ...। ਅਕਬਰ ਨੇ ਸੋਚਿਆ ਕਿਤੇ ਲੱਧੀ ਨੇ ਦੁੱਧ ਚੁੰਘਾਉਣ 'ਚ ਵਿਤਕਰਾ ਨਾ ਕੀਤਾ ਹੋਵੇ।

ਲੱਧੀ ਨੇ ਅਕਬਰ ਦੇ ਚਿਹਰੇ ਦੇ ਹਾਵ-ਭਾਵ ਵੇਖ ਕੇ ਆਖਿਆ, "ਹਜ਼ੂਰ ਮੈਂ ਤਾਂ ਦੋਹਾਂ ਨੂੰ ਇਕੋ ਜਿੰਨਾ ਦੁੱਧ ਚੁੰਘਾਇਐ...।"

ਅਕਬਰ ਸ਼ੁਕਰ-ਗੁਜ਼ਾਰ ਸੀ ਕਿ ਲੱਧੀ ਨੇ ਉਹਦੇ ਪੁੱਤ ਨੂੰ ਆਪਣਾ ਸੀਰ ਚੁੰਘਾ ਕੇ ਪਾਲਿਆ ਹੈ। ਉਹਨੇ ਇਨਾਮ ਵਜੋਂ ਬਹੁਤ ਸਾਰੀਆਂ ਮੋਹਰਾਂ ਲੱਧੀ ਦੀ ਝੋਲੀ ਪਾ ਕੇ ਆਖਿਆ, "ਮੈਂ ਤੇਰਾ ਦੇਣਾ ਤਾਂ ਨੀ ਦੇ ਸਕਦਾ। ਆਹ ਕੁਝ ਰਕਮ ਐ ਇਹਦੇ ਨਾਲ਼ ਦੁੱਲੇ ਨੂੰ ਚੰਗੀ ਤਾਲੀਮ ਦੁਆਈਂ। ਵੱਡੇ ਹੋਣ 'ਤੇ ਮੈਂ ਇਹਨੂੰ ਆਪਣੇ ਦਰਬਾਰ 'ਚ ਵੱਡਾ ਰੁਤਬਾ ਦਿਆਂਗਾ।"

ਲੱਧੀ ਨੇ ਅਕਬਰ ਦਾ ਸ਼ੁਕਰੀਆ ਅਦਾ ਕੀਤਾ ਤੇ ਦੁੱਲੇ ਨੂੰ ਲੈ ਕੇ ਆਪਣੇ ਘਰ ਆ ਗਈ।

ਦੁੱਲੇ ਨੂੰ ਦੀਨੀ ਸਿੱਖਿਆ ਦੇਣ ਲਈ ਕਾਜੀ ਪਾਸ ਮਸੀਤੇ ਪੜ੍ਹਨੇ ਪਾਇਆ ਗਿਆ... ਉਹਨੂੰ ਨਿਯਮਬੱਧ ਕਰੜੀ ਸਿੱਖਿਆ ਪਸੰਦ ਨਾ ਆਈ। ਉਹ ਇਕ ਦਿਨ ਕਾਜੀ ਨੂੰ ਕੁੱਟ ਕੇ ਘਰ ਦੌੜ ਆਇਆ ਤੇ ਆਪਣੇ ਹਾਣੀਆਂ ਨਾਲ਼ ਜਾ ਕੇ ਖੇਡਣ ਲੱਗ ਪਿਆ।

ਦੁੱਲਾ ਜਵਾਨੀ ਵਿਚ ਪੈਰ ਧਰਨ ਲੱਗਾ... ਉਹ ਅਲਬੇਲੇ ਸੁਭਾਅ ਦਾ ਮਾਲਕ ਸੀ... ਖੁਲ੍ਹੀ ਹਵਾ ਵਿਚ ਚੁੰਘੀਆਂ ਭਰਨ ਵਾਲ਼ਾ ਹੀਰਾ ਹਰਨ। ਉਹਨੇ ਆਪਣੇ ਪਿੰਡ ਦੇ ਮੁੰਡਿਆਂ ਦੀ ਢਾਣੀ ਬਣਾ ਲਈ ਤੇ ਉਨ੍ਹਾਂ ਦਾ ਸਰਦਾਰ ਬਣ ਕੇ ਲੱਗਾ ਅਨੋਖੀਆਂ ਹਰਕਤਾਂ ਕਰਨ। ਉਹ ਜੰਗਲ ਬੇਲਿਆਂ ਵਿਚ ਘੁੰਮਦੇ ਖਰਮਸਤੀਆਂ ਕਰਦੇ। ਦੁੱਲੇ ਦੀ ਚੜ੍ਹਦੀ ਜੁਆਨੀ... ਉਹਦਾ ਸਰੂਆਂ ਵਰਗਾ ਸਰੀਰ, ਗੇਲੀ ਜਿਹਾ ਜੁੱਸਾ... ਦਗ ਦਗ ਕਰਦਾ ਚਿਹਰਾ ਤੇ ਉਸ ਦਾ ਅਮੋੜ ਸੁਭਾਅ ਲੱਧੀ ਨੂੰ ਸੋਚਾਂ 'ਚ ਪਾ ਦੇਂਦਾ। ਉਹ ਇਹ ਜਾਣਦੀ ਸੀ ਕਿ ਉਹਦੇ ਬਾਪ ਫ਼ਰੀਦ ਦਾ ਵਿਦਰੋਹੀ ਖ਼ੂਨ ਉਹਦੀਆਂ ਰਗਾਂ ਵਿਚ ਦੌੜ ਰਿਹਾ ਹੈ। ਇਹ ਖ਼ੂਨ ਕਿਸੇ ਵੇਲੇ ਵੀ ਉਬਾਲ਼ਾ ਖਾ ਸਕਦਾ ਹੈ। ਉਹਦੀਆਂ ਖਰਮਸਤੀਆਂ ਤੇ ਉਲਾਂਭੇ

ਲੱਧੀ ਲਈ ਸੈਆਂ ਮੁਸੀਬਤਾਂ ਖੜ੍ਹੀਆਂ ਕਰ ਸਕਦੇ ਸਨ। ਦੁੱਲੇ ਦਾ ਪਾਣੀ ਭਰਦੀਆਂ ਤੀਵੀਆਂ ਦੇ ਘੜੇ ਗੁਲੇਲਾਂ ਮਾਰ ਕੇ ਭੰਨਣ ਦਾ ਸ਼ੌਕ ਦਿਨੋ ਦਿਨ ਵੱਧ ਰਿਹਾ ਸੀ...। ਨਿੱਤ ਉਲਾਂਭੇ ਮਿਲਦੇ...। ਲੱਧੀ ਨੇ ਜਨਾਨੀਆਂ ਨੂੰ ਮਿੱਟੀ ਦੀਆਂ ਗਾਗਰਾਂ ਦੀ ਥਾਂ ਲੋਹੇ ਦੀਆਂ ਗਾਗਰਾਂ ਲੈ ਦਿੱਤੀਆਂ। ਪਰੰਤੂ ਉਹ ਲੋਹੇ ਦੀਆਂ ਸਾਗਾਂ ਨਾਲ਼ ਆਪਣਾ ਸ਼ੌਕ ਪੂਰਾ ਕਰਦਾ ਰਿਹਾ। ਆਖਰ ਸਤੀ ਹੋਈ ਨੰਦੀ ਮਿਰਾਸਣ ਨੇ ਇਕ ਦਿਨ ਦੁੱਲੇ ਨੂੰ ਉਹਦੇ ਬਾਪ ਦਾਦੇ ਦਾ ਤਾਹਨਾ ਮਾਰਿਆ:

*ਬੋਲੀ ਮਾਰ ਕੇ ਨੰਦੀ ਫਨਾਹ ਕਰਦੀ*
*ਸੀਨਾ ਦੁੱਲੇ ਦਾ ਚਾਕ ਹੋ ਜਾਂਵਦਾ ਏ।*
*ਬਾਪ ਦਾਦੇ ਦਾ ਇਹ ਤੇ ਸੂਰਮਾ ਏ*
*ਕਾਹਨੂੰ ਨਿੱਤ ਗ਼ਰੀਬ ਦੁਖਾਂਵਦਾ ਏ।*
*ਏਥੇ ਜ਼ੋਰ ਦਖਾਂਵਦਾ ਔਰਤਾਂ ਨੂੰ*
*ਤੈਨੂੰ ਰਤੀ ਹਯਾ ਨਾ ਆਂਵਦਾ ਏ।*
*ਤੇਰੇ ਬਾਪ ਦਾਦੇ ਦੀਆਂ ਸ਼ਾਹ ਅਕਬਰ*
*ਖੱਲਾਂ ਪੁੱਠੀਆਂ ਚਾ ਲੁਹਾਂਵਦਾ ਏ।*
*ਖਲ, ਭੋਹ ਦੇ ਨਾਲ਼ ਭਰਾਇਕੇ ਤੇ*
*ਉੱਚੇ ਬੁਰਜ ਤੇ ਚਾ ਲਟਕਾਂਵਦਾ ਏ।*
*ਅੱਜ ਤੀਕ ਲਾਹੌਰ ਵਿਚ ਲਟਕ ਰਹੀਆਂ*
*ਉੱਥੇ ਜ਼ੋਰ ਨਾ ਕਾਸ ਨੂੰ ਜਾਂਵਦਾ ਏ।*

*(ਕਿਸ਼ਨ ਸਿੰਘ ਆਰਿਫ਼)*

ਨੰਦੀ ਮਿਰਾਸਣ ਦੇ ਮਿਹਣੇ ਨਾਲ਼ ਦੁੱਲਾ ਝੰਜੋੜਿਆ ਗਿਆ। ਰਾਜਪੂਤੀ ਖ਼ੂਨ ਉਹਦੀਆਂ ਰਗਾਂ ਵਿਚ ਉਬਾਲੇ ਖਾਣ ਲੱਗਾ। ਉਹ ਸਿੱਧਾ ਆਪਣੀ ਮਾਂ ਲੱਧੀ ਕੋਲ਼ ਜਾ ਗਰਜਿਆ, "ਮਾਂ ਮੇਰੀਏ ਸੱਚੋ-ਸੱਚ ਦੱਸ ਮੇਰੇ ਬਾਪ ਤੇ ਦਾਦੇ ਦੀ ਮੌਤ ਕਿਵੇਂ ਹੋਈ ਐ...?"

ਲੱਧੀ ਨੇ ਸਾਰੀ ਹੋਈ ਬੀਤੀ ਦੱਸ ਕੇ, ਆਪਣੇ ਘਰ ਦੀ ਅੰਦਰਲੀ ਕੋਠੜੀ ਦਾ ਬੂਹਾ ਖੋਲ੍ਹ ਦੁੱਲੇ ਨੂੰ ਕਿਹਾ, "ਸੂਰਮਿਆ ਪੁੱਤਾ, ਮੈਂ ਏਸੇ ਦਿਨ ਦੀ ਉਡੀਕ ਕਰਦੀ ਸੀ। ਕਦੋਂ ਮੇਰਾ ਪੁੱਤਰ ਹੋਇਆ ਗੱਭਰੂ ਆਪਣੇ ਬਾਪ ਦਾਦੇ ਦੀ ਮੌਤ ਦਾ ਬਦਲਾ ਲੈਣ ਜੋਗਾ। ਇਹ ਹਥਿਆਰ ਤੇਰੇ ਸੂਰਮੇ ਬਾਪ ਦੇ ਨੇ... ਅਣਖ ਨੂੰ ਪਾਲੀਂ ਤੇ ਆਪਣੇ ਬਾਪ ਦੇ ਖ਼ੂਨ ਦੀ ਲਾਜ ਰੱਖੀਂ ਜੀਹਨੇ ਕਿਸੇ ਨਾਢੂ ਖਾਂ ਦੀ ਟੈਂ ਨਹੀਂ ਸੀ ਮੰਨੀ। ਕਿਸੇ ਅੱਗੇ ਸਿਰ ਨਹੀਂ ਸੀ ਝੁਕਾਇਆ।"

ਲਿਸ਼ ਲਿਸ਼ ਕਰਦੇ ਹਥਿਆਰ-ਛਵੀਆਂ, ਗੰਡਾਸੇ, ਨੇਜ਼ੇ, ਟਕੂਏ ਤੇ ਤੀਰ ਕਮਾਨ ਅਤੇ ਇਕ ਨਗਾਰਾ ਵੇਖ ਦੁੱਲੇ ਦਾ ਚਿਹਰਾ ਲਾਲ ਸੂਹਾ ਹੋ ਗਿਆ... ਅਨੋਖੀਆਂ ਤਰਬਾਂ ਨੇ ਉਹਦੇ ਸਰੀਰ 'ਚ ਝਰਨਾਟਾਂ ਛੇੜ ਦਿੱਤੀਆਂ। ਸਰੀਰ ਭਾਫ਼ਾਂ ਛੱਡਣ ਲੱਗਾ... ਦੁੱਲੇ ਨਗਾਰੇ 'ਤੇ ਡੱਗਾ ਮਾਰਿਆ... ਨਗਾਰੇ ਦੀ ਧਮਕ ਲਾਹੌਰ ਦੇ ਸ਼ਾਹੀ ਮਹਿਲਾਂ ਨਾਲ਼ ਜਾ ਟਕਰਾਈ ਜੋ ਬਗ਼ਾਵਤ ਦੀ ਸੂਚਕ ਸੀ।

ਦੁੱਲੇ ਨੇ ਪਿੰਡ ਦੇ ਸਾਰੇ ਜਵਾਨ 'ਕੱਠੇ ਕੀਤੇ ਤੇ ਸਾਰੇ ਹਥਿਆਰ ਉਨ੍ਹਾਂ ਵਿਚ ਵੰਡ ਦਿੱਤੇ। ਉਹਨੇ ਆਪਣੇ ਮਨ ਨਾਲ਼ ਮੁਗ਼ਲਾਂ ਵਿਰੁੱਧ ਬਗ਼ਾਵਤ ਕਰਨ ਦਾ ਫ਼ੈਸਲਾ ਕਰ ਲਿਆ। ਹੌਲ਼ੇ-ਹੌਲ਼ ਪੰਜ ਸੌ ਜਵਾਨ ਉਹਦੇ ਨਾਲ਼ ਜੁੜ ਗਏ। ਸਾਂਦਲ ਬਾਰ ਦੇ ਇਲਾਕੇ ਵਿਚ ਉਨ੍ਹਾਂ ਤਰਥੱਲੀ ਮਚਾ ਦਿੱਤੀ। ਜਿਹੜਾ ਵੀ ਜਾਬਰ ਉਧਰੋਂ ਲੰਘਦਾ ਉਹਨੂੰ ਉਹ ਲੁੱਟ ਲੈਂਦੇ ਤੇ ਲੁੱਟ ਦਾ ਮਾਲ ਗ਼ਰੀਬਾਂ ਵਿਚ ਵੰਡ ਦਿੰਦੇ। ਦੁੱਲੇ ਦੀ ਬਹਾਦਰੀ, ਨਿਡਰਤਾ, ਦਿਆਲਤਾ ਅਤੇ ਗ਼ਰੀਬ-ਪਰਵਰੀ ਦੀ ਖ਼ੁਸ਼ਬੂ ਦੂਰ-ਦੂਰ ਤਕ ਫੈਲ ਰਹੀ ਸੀ। ਉਹ ਬੜੀ ਨਿਡਰਤਾ ਨਾਲ਼ ਸਾਂਦਲ ਬਾਰ ਵਿਚ ਘੁੰਮ ਰਿਹਾ ਸੀ...। ਉਸ ਦੀ ਬਹਾਦਰੀ ਦੇ ਨਿੱਤ ਨਵੇਂ ਕਿੱਸੇ ਸੁਣਨ ਨੂੰ ਮਿਲਦੇ...। ਸਾਰਾ ਇਲਾਕਾ ਉਸ 'ਤੇ ਮਾਣ ਕਰ ਰਿਹਾ ਸੀ।

ਦੁੱਲੇ ਦੇ ਬਾਪ ਦੀ ਸ਼ਹਾਦਤ ਦੇ ਅਵਸਰ 'ਤੇ ਲੱਧੀ ਦੇ ਭਰਾਵਾਂ ਨੇ ਉਸ ਦੀ ਕੋਈ ਸਾਰ ਨਹੀਂ ਸੀ ਲਈ। ਇਸ ਕਰਕੇ ਉਸ ਨੂੰ ਆਪਣੇ ਨਾਨਕਿਆਂ 'ਤੇ ਰੋਸ ਸੀ। ਇਸੇ ਰੋਸ ਕਾਰਨ ਉਸ ਨੇ ਪਹਿਲਾ ਹੱਲਾ ਆਪਣੇ ਨਾਨਕਿਆਂ ਦੇ ਪਿੰਡ ਚੰਦੜਾਂ 'ਤੇ ਬੋਲਿਆ ਤੇ ਨਾਨਕਿਆਂ ਦਾ ਵੱਗ ਘੇਰ ਕੇ ਆਪਣੇ ਪਿੰਡ ਲੈ ਆਇਆ ਤੇ ਲਵੇਰੀਆਂ ਗ਼ਰੀਬ ਗੁਰਬਿਆਂ ਤੇ ਲੋੜਵੰਦਾਂ 'ਚ ਵੰਡ ਦਿੱਤੀਆਂ।

ਇਕ ਵਾਰ ਅਲੀ ਨਾਂ ਦਾ ਸੁਦਾਗਰ ਪੰਜ ਸੌ ਘੋੜੇ ਖ਼ਰੀਦ ਕੇ ਲਈ ਜਾ ਰਿਹਾ ਸੀ...। ਉਹਨੂੰ ਰਾਤ ਪਿੰਡੀ ਕੱਟਣੀ ਪੈ ਗਈ। ਦੁੱਲੇ ਨੇ ਉਹਦੇ ਘੋੜੇ ਲੁੱਟ ਕੇ ਆਪਣੇ ਸਾਥੀਆਂ ਵਿਚ ਵੰਡ ਦਿੱਤੇ। ਅਲੀ ਬਥੇਰਾ ਰੋਇਆ ਪਿੱਟਿਆ, ਅਕਬਰ ਦਾ ਡਰਾਵਾ ਦਿੱਤਾ...। ਦੁੱਲੇ ਨੇ ਉਹਨੂੰ ਕੁੱਟ-ਕੁੱਟ ਕੇ ਭਜਾ ਦਿੱਤਾ। ਇਸੇ ਤਰ੍ਹਾਂ ਦੁੱਲੇ ਨੇ ਮੋਦੇ ਸ਼ਾਹੂਕਾਰ ਦੀਆਂ ਦੌਲਤ ਨਾਲ਼ ਭਰੀਆਂ ਖੱਚਰਾਂ ਖੋਹ ਲਈਆਂ।

ਇਨ੍ਹਾਂ ਲੁੱਟਾਂ-ਖੋਹਾਂ ਦੀਆਂ ਖ਼ਬਰਾਂ ਮੁਗ਼ਲ ਸਰਕਾਰ ਕੋਲ਼ ਪੁੱਜਦੀਆਂ ਰਹੀਆਂ। ਲੋਕਾਂ 'ਚ ਦੁੱਲੇ ਦਾ ਦਬਦਬਾ ਐਨਾ ਵੱਧ ਗਿਆ ਕਿ ਉਨ੍ਹਾਂ ਨੇ ਸਰਕਾਰੀ ਲਗਾਨ ਦੇਣਾ ਬੰਦ ਕਰ ਦਿੱਤਾ। ਮੁਗ਼ਲ ਅਹਿਲਕਾਰਾਂ ਵਿਚ ਭਗਦੜ ਮੱਚ ਗਈ। ਅਕਬਰ ਦੇ ਦਰਬਾਰ ਵਿਚ ਦੁੱਲੇ ਵਲੋਂ ਮੁਗ਼ਲ ਦਰਬਾਰ ਵਿਰੁੱਧ ਕੀਤੀ ਬਗ਼ਾਵਤ ਦੀ ਸੂਹ ਸੂਹੀਏ ਪੁਚਾਉਂਦੇ ਰਹੇ। ਅਕਬਰ ਨੇ ਇਸ ਬਗ਼ਾਵਤ ਦੀ ਪੜਤਾਲ ਲਈ ਇਕ ਜਾਸੂਸ ਉਚੇਚੇ ਤੌਰ 'ਤੇ ਸਾਂਦਲ ਬਾਰ ਭੇਜਿਆ, ਪਰੰਤੂ ਦੁੱਲੇ ਨੂੰ ਪਤਾ

ਲੱਗਣ 'ਤੇ ਉਸ ਨੇ ਜਾਸੂਸ ਦੀਆਂ ਦਾੜ੍ਹੀ ਮੁੱਛਾਂ ਹੀ ਮੁੰਨ ਦਿੱਤੀਆਂ।

ਅਕਬਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹਨੇ ਦੁੱਲੇ ਨੂੰ ਉਹਦੇ ਪਰਿਵਾਰ ਸਮੇਤ ਮੁਸ਼ਕਾਂ ਬੰਨ੍ਹ ਕੇ ਦਰਬਾਰ ਵਿਚ ਪੇਸ਼ ਕਰਨ ਦਾ ਹੁਕਮ ਸੁਣਾ ਦਿੱਤਾ। ਮਿਰਜ਼ਾ ਨਿਜਾਮਉਦੀਨ ਨੇ ਦੁੱਲੇ ਨੂੰ ਫੜ ਕੇ ਲਿਆਉਣ ਦਾ ਬੀੜਾ ਚੁਕ ਲਿਆ। ਮੁਗ਼ਲ ਫ਼ੌਜਾਂ ਨੇ ਸਾਂਦਲ ਬਾਰ ਵਲ ਕੂਚ ਕਰ ਦਿੱਤਾ।

*ਚੜ੍ਹਿਆ ਸੀ ਮਿਰਜ਼ਾ ਨਜ਼ਾਮਦੀਨ*
*ਹਾਥੀਆਂ ਨੂੰ ਮੱਦਾਂ ਸੀ ਪਿਆਈਆਂ।*
*ਭਰ ਕੇ ਦਾਰੂ ਦੀਆਂ ਬੋਤਲਾਂ ਲਿਆਂਵਦੇ*
*ਹਾਥੀਆਂ ਦੇ ਸੁੰਡਾਂ ਵਿਚ ਪਾਈਆਂ।*
*ਜਦੋਂ ਹਾਥੀਆਂ ਨੂੰ ਚੜ੍ਹੀਆਂ ਲੋਰੀਆਂ*
*ਮਾਰਨ ਚੀਕਾਂ ਤੇ ਖਾਣ ਕਰਲਾਈਆਂ।*
*ਹੌਲ਼ੀ-ਹੌਲ਼ੀ ਪਿੰਡੀ ਵਿਚ ਜਾ ਵੜੇ*
*ਟੱਕਰਾਂ ਦਰਸ਼ਨੀ ਦਰਵਾਜ਼ਿਆਂ ਨੂੰ ਲਾਈਆਂ।*
*ਸਾਰੇ ਬੈਠਕਾਂ ਦੀਵਾਨਖ਼ਾਨੇ ਢਾਹ ਸੁੱਟੇ*
*ਇੱਟਾਂ ਬਣਾਂ ਦੇ ਵਿਚ ਖਿੰਡਾਈਆਂ।*
*ਟਕੇ ਟਕੇ ਦੇ ਸਿਪਾਹੀ ਅੰਦਰ ਜਾ ਵੜੇ*
*ਮਾਰਨ ਛਮਕਾਂ ਤੇ ਕਰਨ ਕਰੜਾਈਆਂ।*

*(ਪਾਲੀ ਸਿੰਘ)*

ਮੁਗ਼ਲ ਫ਼ੌਜਾਂ ਨੇ ਪਿੰਡੀ ਨੂੰ ਜਾ ਘੇਰਿਆ। ਐਡੀ ਭਾਰੀ ਸੈਨਾ ਦਾ ਮੁਕਾਬਲਾ ਕਰਨਾ ਦੁੱਲੇ ਲਈ ਸੁਖੇਰਾ ਨਹੀਂ ਸੀ। ਦੁੱਲੇ ਦੇ ਛੋਟੇ ਭਾਈ ਮਹਿਰੂ ਅਮਲੀ ਨੇ ਪਹਿਲੇ ਦਿਨ ਮੁਗ਼ਲਾਂ ਨਾਲ਼ ਜਾ ਲੜਾਈ ਕੀਤੀ ਤੇ ਉਨ੍ਹਾਂ 'ਚ ਭਾਜੜਾਂ ਪਾ ਦਿੱਤੀਆਂ। ਅਗਲੇ ਦਿਨ ਬੜੀ ਬਹਾਦਰੀ ਨਾਲ਼ ਲੜਦਾ ਹੋਇਆ ਦੁੱਲਾ ਮੁਗ਼ਲ ਫ਼ੌਜ ਦਾ ਘੇਰਾ ਤੋੜ ਕੇ ਮਿਰਜ਼ਾ ਨਿਜ਼ਾਮਉੱਦੀਨ ਦੇ ਗਲ਼ ਜਾ ਪਿਆ।

ਸ਼ਕਤੀਸ਼ਾਲੀ ਹਕੂਮਤ ਵਿਰੁੱਧ ਮੁੱਠੀ ਭਰ ਯੋਧਿਆਂ ਦੀ ਬਗ਼ਾਵਤ ਭਲਾ ਕਿੰਨੇ ਕੁ ਦਿਨ ਕੱਟ ਸਕਦੀ ਸੀ। ਮੁਗ਼ਲ ਫ਼ੌਜ ਨੇ ਦੁੱਲੇ ਨੂੰ ਜਿਉਂਦੇ ਜੀ ਗ੍ਰਿਫ਼ਤਾਰ ਕਰਨ ਦਾ ਯਤਨ ਕੀਤਾ, ਪਰੰਤੂ ਉਹ ਉਨ੍ਹਾਂ ਦੇ ਹੱਥ ਆਉਣ ਵਾਲ਼ਾ ਕਿੱਥੇ ਸੀ? ਆਖ਼ਰ ਦੁੱਲਾ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਾ ਹੋਇਆ ਸ਼ਹੀਦ ਹੋ ਗਿਆ। ਉਸ ਨੇ ਮੁਗ਼ਲਾਂ ਦੀ ਈਨ ਨਾ ਮੰਨੀ, ਪਰੰਤੂ ਸ਼ਹਾਦਤ ਦਾ ਜਾਮ

ਪੀ ਕੇ ਅਮਰ ਹੋ ਗਿਆ। ਦੁੱਲੇ ਦੇ ਅੰਤ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਲੜਾਈ ਵਿਚ ਦੁੱਲੇ ਨੇ ਮਿਰਜ਼ਾ ਨਿਜ਼ਾਮਉੱਦੀਨ ਦੇ ਛੱਕੇ ਛੁਡਾ ਕੇ ਉਹਨੂੰ ਬੰਦੀ ਬਣਾ ਲਿਆ, ਪਰੰਤੂ ਮਿਰਜ਼ੇ ਨੇ ਲੱਧੀ ਦੇ ਤਰਲੇ ਮਿੰਨਤਾਂ ਕਰ ਕੇ ਆਪਣੀ ਜਾਨ ਬਖ਼ਸ਼ਾ ਲਈ ਤੇ ਦੁੱਲੇ ਨੂੰ ਸ਼ੇਖ਼ੂ ਨਾਲ਼ ਮੁਲਾਕਾਤ ਕਰਾਉਣ ਦੇ ਬਹਾਨੇ ਆਪਣੇ ਨਾਲ਼ ਲੈ ਗਿਆ ਅਤੇ ਧੋਖੇ ਨਾਲ਼ ਸ਼ਰਾਬ ਪਿਆ ਕੇ ਉਸ ਨੂੰ ਕੈਦ ਕਰ ਲਿਆ। ਹੋਸ਼ ਆਉਣ 'ਤੇ ਦੁੱਲੇ ਨੇ ਕੈਦਖ਼ਾਨੇ ਵਿਚ ਟੱਕਰਾਂ ਮਾਰ-ਮਾਰ ਆਪਣੀ ਜਾਨ ਦੇ ਦਿੱਤੀ ਤੇ ਮੁਗ਼ਲਾਂ ਅੱਗੇ ਸਿਰ ਨਾ ਝੁਕਾਇਆ।

ਭਾਵੇਂ ਪੰਜਾਬ ਦਾ ਅਣਖੀਲਾ ਸੂਰਬੀਰ ਦੁੱਲਾ ਜੰਗ ਦੇ ਮੈਦਾਨ ਵਿਚ ਮਾਤ ਖਾ ਗਿਆ ਪਰੰਤੂ ਉਹ ਅੱਜ ਵੀ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਦਾ ਹੈ...। ਉਸ ਦੀ ਬਹਾਦਰੀ ਦੇ ਕਿੱਸੇ ਪੰਜਾਬੀ ਬੜੀਆਂ ਲਟਕਾਂ ਨਾਲ਼ ਪੜ੍ਹਦੇ ਤੇ ਗਾਉਂਦੇ ਹਨ। ਦੁੱਲੇ ਦੀ ਜੀਵਨ ਗਾਥਾ ਨੂੰ ਪੰਜਾਬ ਦੇ ਕਿੱਸਾਕਾਰਾਂ ਨੇ ਬੜੇ ਅਨੂਠੇ ਅੰਦਾਜ਼ ਵਿਚ ਗਾਂਵਿਆ ਹੈ। ਕਿਸ਼ਨ ਸਿੰਘ ਆਰਿਫ਼ ਰਚਿਤ 'ਕਿੱਸਾ ਦੁੱਲਾ ਭੱਟੀ' ਅਤੇ ਪਾਲੀ ਸਿੰਘ ਕਵੀਸ਼ਰ ਰਚਿਤ 'ਆਵਾਜ਼ਾਂ ਦੁੱਲਾ ਭੱਟੀ' ਪੰਜਾਬੀਆਂ ਦੇ ਹਰਮਨ ਪਿਆਰੇ ਕਿੱਸੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਉਹ ਦੁੱਲਾ ਭੱਟੀ ਨੂੰ ਬਾਰਮ-ਬਾਰ ਸਿਜਦਾ ਕਰਦੇ ਹਨ।

•

# ਸੁੱਚਾ ਸਿੰਘ ਸੂਰਮਾ

ਸੁੱਚਾ ਸਿੰਘ ਸੂਰਮਾ ਪੰਜਾਬ ਦੇ ਮਾਲਵੇ ਦੇ ਇਲਾਕੇ ਦਾ ਪ੍ਰਸਿੱਧ ਡਾਕੂ ਹੋਇਆ ਹੈ ਜਿਸ ਨੂੰ ਹਾਲਾਤ ਨੇ ਡਾਕੇ ਮਾਰਨ ਲਈ ਮਜਬੂਰ ਕਰ ਦਿੱਤਾ ਸੀ। ਉਹ ਬੜਾ ਬਹਾਦਰ, ਨਿਰਭੈਅ, ਗਊ-ਗ਼ਰੀਬ ਦੀ ਰੱਖਿਆ ਕਰਨ ਵਾਲ਼ਾ ਅਤੇ ਅਣਖ-ਸਵੈਮਾਨ ਲਈ ਜਾਨ ਹੂਲਣ ਵਾਲ਼ਾ ਗੱਭਰੂ ਸੀ ਜਿਸ ਦੀਆਂ ਵਾਰਾਂ ਪੰਜਾਬੀ ਬੜੇ ਉਤਸ਼ਾਹ ਨਾਲ਼ ਗਾਉਂਦੇ ਹਨ:

*ਵਿਚ ਸਮਾਹਾਂ ਦੇ ਜਨਮਿਆ ਸੁੱਚਾ ਸਿੰਘ ਜੁਆਨ*
*ਕੱਟ ਗਿਆ ਦਿਨ ਚਾਰ ਜੋ ਜਾਣੇ ਕੁੱਲ ਜਹਾਨ*

ਗੱਲ ਅੰਗਰੇਜ਼ਾਂ ਦੇ ਰਾਜ ਵੇਲੇ ਦੀ ਹੈ। ਰਿਆਸਤ ਪਟਿਆਲਾ ਦੇ ਪਿੰਡ ਸਮਾਂਹ (ਸਮਾਓਂ, ਜ਼ਿਲ੍ਹਾ ਮਾਨਸਾ) ਵਿਚ ਅਤਰ ਸਿੰਘ ਦੇ ਘਰ ਸੁੱਚੇ ਦਾ ਜਨਮ ਹੋਇਆ। ਬਚਪਨ ਵਿਚ ਹੀ ਉਹਦੇ ਮਾਂ-ਬਾਪ ਮਰ ਗਏ। ਉਹਦੇ ਵੱਡੇ ਭਰਾ ਨਰੈਣੇ ਨੇ ਉਹਦੀ ਪਾਲਣਾ ਪੋਸ਼ਣਾ ਕੀਤੀ। ਉਹ ਬਹੁਤ ਥੋੜ੍ਹੀ ਜ਼ਮੀਨ ਦੇ ਮਾਲਕ ਸਨ। ਗੁਜ਼ਾਰਾ ਬੜੀ ਮੁਸ਼ਕਲ ਨਾਲ਼ ਹੋ ਰਿਹਾ ਸੀ। ਰੁਲ਼-ਖੁਲ਼ ਕੇ ਪਲ਼ਦਾ ਸੁੱਚਾ ਜਵਾਨੀ ਦੀਆਂ ਬਰੂਹਾਂ 'ਤੇ ਪੁੱਜ ਗਿਆ... ਗੁੰਦਵਾਂ ਤੇ ਛਾਂਟਵਾਂ ਸਰੀਰ, ਚੋ-ਚੋ ਪੈਂਦਾ ਗੁਲਾਬੀ ਭਾਅ ਮਾਰਦਾ ਰੰਗ ਰਾਹ ਜਾਂਦਿਆਂ ਦੇ ਦਿਲ ਧੂਹ ਕੇ ਲੈ ਜਾਂਦਾ।

*ਛੈਲ ਛਬੀਲਾ ਨਿਕਲਿਆ ਸੁੱਚਾ, ਭਰਿਆ ਨਾਲ਼ ਜਵਾਨੀ,*
*ਸੋਹਣਾ ਰੂਪ ਸੁੰਦਰ ਸੀ ਵਸਦਾ, ਨੈਣ ਭਰੇ ਮਸਤਾਨੀ,*
*ਨਿਕਲਿਆ ਬਾਂਕਾ ਸੂਰਮਾ ਸੁੱਚਾ,*
*ਪਿੰਡ ਵਿਚ ਨਹੀਂ ਕੋਈ ਸਾਨੀਂ,*
*ਹੱਥ ਵਿਚ ਖੂੰਡਾ ਮਾਝੇ ਵਾਲਾ,*
*ਦਿੱਸੇ ਬੜਾ ਸੁਹਾਨੀ,*
*ਸੁੱਚੇ ਸੂਰਮੇ ਦੀ,*
*ਕਰਾਂ ਕੀ ਸਿਫ਼ਤ ਜ਼ੁਬਾਨੀ।*

*(ਗੁਰਮੁਖ ਸਿੰਘ ਬੇਦੀ)*

ਸਮਾਂਹ ਵਿਚ ਘੁੱਕਰ ਨਾਂ ਦਾ ਵੈਲੀ ਪਹਿਲਵਾਨ ਸੀ ਜਿਸ ਦੀ ਸੁੱਚੇ ਨਾਲ਼ ਦੋਸਤੀ ਹੋ ਗਈ। ਦੋਨੋਂ ਇਕੱਠੇ ਕਸਰਤ ਕਰਦੇ, ਘੋਲ ਘੁਲਦੇ। ਘੁੱਕਰ ਨੇ ਸੁੱਚੇ ਨੂੰ ਆਪਣਾ ਪੱਗ-ਵੱਟ ਭਰਾ ਬਣਾ ਲਿਆ। ਉਹ ਅਕਸਰ ਸੁੱਚੇ ਦੇ ਘਰ ਆਉਣ ਲੱਗਾ। ਸੁੱਚੇ ਦੇ ਵੱਡੇ ਭਰਾ ਨਰੈਣੇ ਦੀ ਭਰ ਜੋਬਨ ਮੁਟਿਆਰ ਵਹੁਟੀ ਬੀਰੋ ਦੀ ਮਸ਼ਾਲ ਵਾਂਗ ਲਟ ਲਟ ਬਲਦੀ ਅੱਖ ਜਦੋਂ ਘੁੱਕਰ ਨਾਲ਼ ਲੜੀ ਤਾਂ ਉਹ ਵਿਨ੍ਹਿਆ ਗਿਆ। ਬੀਰੋ ਨੂੰ ਪਾਉਣ ਲਈ ਉਹ ਵਿਉਂਤਾਂ ਬਣਾਉਣ ਲੱਗਾ। ਉਸ ਦਾ ਮਨ ਬੇਈਮਾਨ ਹੋ ਗਿਆ। ਉਸ ਦੇ ਲਈ ਸੁੱਚਾ ਰਾਹ ਦਾ ਰੋੜਾ ਬਣਿਆ ਖਲੋਤਾ ਸੀ। ਰੋੜਾ ਕਿਵੇਂ ਦੂਰ ਹੋਵੇ... ਮੰਦਵਾੜੇ ਦੇ ਦਿਨ ਸਨ, ਘੁੱਕਰ ਸੁੱਚੇ ਨੂੰ ਵਰਗਲ਼ਾ ਕੇ ਫ਼ੌਜ ਵਿਚ ਭਰਤੀ ਹੋਣ ਲਈ ਫ਼ਿਰੋਜ਼ਪੁਰ ਛਾਉਣੀ ਲੈ ਵੜਿਆ। ਸੁੱਚਾ ਤਾਂ ਭਰਤੀ ਹੋ ਗਿਆ ਪਰੰਤੂ ਘੁੱਕਰ ਬਹਾਨਾ ਘੜ ਕੇ ਵਾਪਸ ਪਿੰਡ ਆ ਗਿਆ।

*ਧੋਖਾ ਕਰਿਆ ਮੱਲ ਨੇ ਸੁੱਚੇ ਦੇ ਨਾਲ਼ ਜੀ*
*ਦੇ ਕੇ ਦਲਾਸਾ ਪਹਿਲਾਂ ਲੈ ਗਿਆ ਨਾਲ਼ ਜੀ*
*ਕਿੱਡਾ ਦਗ਼ਾ ਕੀਤਾ ਨਾਲ਼ ਪਾਜੀ ਯਾਰ ਦੇ*
*ਨੌਕਰ ਕਰਾਤਾ ਪਿੱਛੇ ਬੀਰੋ ਨਾਰ ਦੇ*

*(ਗੇਠਾ ਦੀਨ)*

ਓਧਰ ਸੁੱਚਾ ਫ਼ੌਜ ਵਿਚ ਭਰਤੀ ਹੋ ਕੇ ਦੂਰ ਚਲਿਆ ਗਿਆ। ਏਧਰ ਘੁੱਕਰ ਨੇ ਅਤਿ ਚੁੱਕ ਲਈ। ਉਸ ਦੇ ਵੈਲਪੁਣੇ ਕਾਰਨ ਪਿੰਡ ਵਿਚ ਉਹਦੇ ਸਾਹਮਣੇ ਕੋਈ ਕੁਸਕਦਾ ਨਹੀਂ ਸੀ। ਉਹਨੇ ਨਰੈਣੇ ਦੀ ਪਰਵਾਹ ਨਾ ਕਰਦਿਆਂ ਬੀਰੋ ਨੂੰ ਅਜਿਹਾ ਫੁਸਲਾਇਆ ਕਿ ਉਹ ਸ਼ਰੇਆਮ ਘੁੱਕਰ ਦੇ ਘਰ ਆਉਣ ਜਾਣ ਲੱਗੀ। ਸਾਰੇ ਪਿੰਡ ਵਿਚ ਤੋਏ-ਤੋਏ ਹੋ ਰਹੀ ਸੀ। ਨਰੈਣੇ ਨੇ ਘੁੱਕਰ ਦੇ ਲੱਖ ਵਾਸਤੇ ਪਾਏ, ਸੁੱਚੇ ਦੀ ਵਟਾਈ ਪੱਗ ਦੀ ਲਾਜ ਪਾਲਣ ਲਈ ਆਖਿਆ। ਉਹਨੇ ਬੀਰੋ ਨੂੰ ਵੀ ਵੱਖ ਸਮਝਾਇਆ, ਘੂਰਿਆ-ਘਪਿਆ ਪਰ ਹੰਕਾਰਿਆ ਘੁੱਕਰ ਸਗੋਂ ਹੋਰ ਮਸਤ ਗਿਆ:

*ਆਖਦਾ ਘੁੱਕਰ ਮੇਰੀ ਸੁਣੋ ਗੱਲ ਜੋ*
*ਬੋਲਿਆ ਜਾਂ ਇਹਨੂੰ ਤੇਰੀ ਲਾਹਦੂੰ ਖੱਲ ਜੋ*
*ਤੂੰ ਕੀ ਦੱਸ ਲਗਦਾ ਹੈਂ ਬੀਰੋ ਨਾਰ ਦਾ*
*ਆਖਦਾ ਘੁੱਕਰ ਭਰਿਆ ਹੰਕਾਰ ਦਾ*
*ਦੋਹਾਂ ਦਾ ਮੈਂ ਕੁੱਟ ਕੇ ਬਣਾ ਦੂੰ ਚੂਰਮਾ*
*ਉਹਨੂੰ ਵੀ ਸੱਦਾ ਲੈ ਜੋ ਕਹਾਵੇ ਸੂਰਮਾ*

*ਪੀਊਂ ਥੋੜੀ ਰੱਤ ਖੜ੍ਹਾ ਲਲਕਾਰਦਾ*
*ਆਖਦਾ ਘੁੱਕਰ ਭਰਿਆ ਹੰਕਾਰ ਦਾ*

*(ਗੀਠਾ ਦੀਨ)*

ਘੁੱਕਰ ਨੇ ਵਟਾਈ ਪੱਗ ਦੀ ਲਾਜ ਨਾ ਰੱਖੀ। ਨਰੈਣੇ ਦਾ ਜੀਣਾ ਹਰਾਮ ਹੋ ਗਿਆ। ਸ਼ਰੇਆਮ ਉਹਦੀ ਵਹੁਟੀ ਘੁੱਕਰ ਦੇ ਘਰ ਵਸਦੀ ਪਈ ਸੀ। ਸੱਥ ਵਿਚ ਰੁਲ਼ਦੀ ਪੱਗ ਉਸ ਤੋਂ ਸਹਾਰੀ ਨਾ ਗਈ। ਉਸ ਨੇ ਆਪਣੇ ਛੋਟੇ ਵੀਰ ਸੁੱਚੇ ਨੂੰ ਖ਼ਤ ਲ਼ਿਖ ਕੇ ਸਾਰੇ ਹਾਲਾਤ ਤੋਂ ਜਾਣੂੰ ਕਰਵਾ ਦਿੱਤਾ।

ਸੁੱਚਾ ਨਰੈਣੇ ਦੀ ਚਿੱਠੀ ਪੜ੍ਹਦੇ ਸਾਰ ਹੀ ਤੜਫ਼ ਉੱਠਿਆ। ਉਹਦੀ ਅਣਖ ਜਾਗ ਪਈ ਤੇ ਖ਼ੂਨ ਉਬਾਲੇ ਖਾਣ ਲੱਗਾ। ਉਹਨੇ ਆਪਣੇ ਅੰਗਰੇਜ਼ ਅਫ਼ਸਰ ਕੋਲ਼ ਜਾ ਅਰਜ਼ ਗੁਜ਼ਾਰੀ। ਅਜੇ ਕੁਝ ਦਿਨ ਪਹਿਲਾਂ ਹੀ ਸੁੱਚੇ ਨੇ ਸਾਹਿਬ ਦੇ ਬੰਗਲੇ ਨੂੰ ਜਦੋਂ ਅੱਗ ਲੱਗੀ ਹੋਈ ਸੀ, ਮੇਮ ਤੇ ਉਹਦੇ ਦੋ ਬੱਚਿਆਂ ਨੂੰ ਬਲਦੀਆਂ ਲਾਟਾਂ ਵਿਚੋਂ ਕੱਢ ਕੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਦੀ ਜਾਨ ਬਚਾਈ ਸੀ...। ਸਾਹਿਬ ਉਹਦੀ ਬਹਾਦਰੀ 'ਤੇ ਅਸ਼-ਅਸ਼ ਕਰ ਉੱਠਿਆ ਸੀ। ਉਸ ਨੇ ਸੁੱਚੇ ਨੂੰ ਸ਼ੁਕਰਾਨੇ ਵਜੋਂ ਇਕ ਰਾਈਫ਼ਲ ਤੇ 500 ਰੁਪਏ ਨਕਦ ਇਨਾਮ ਦੇ ਦਿੱਤੇ ਸਨ।

ਸਾਹਿਬ ਨੇ ਸੁੱਚੇ ਦੀ ਛੁੱਟੀ ਮਨਜ਼ੂਰ ਕਰ ਦਿੱਤੀ। ਉਹਨੇ ਰਾਈਫ਼ਲ ਤੇ ਕਾਰਤੂਸ ਆਪਣੇ ਬਿਸਤਰੇ 'ਚ ਬੰਨ੍ਹੇ ਤੇ ਸਮਾਂਹ ਨੂੰ ਚੱਲ ਪਿਆ। ਇਕ ਜਵਾਲਾ ਉਹਦੇ ਸੀਨੇ 'ਚ ਭੜਕ ਰਹੀ ਸੀ, ਅੱਖੀਆਂ ਅੰਗਿਆਰ ਵਰ੍ਹਾ ਰਹੀਆਂ ਸਨ।

ਕਈ ਦਿਨਾਂ ਦੇ ਸਫ਼ਰ ਮਗਰੋਂ ਸੁੱਚਾ ਸਮਾਂਹ ਪੁੱਜ ਗਿਆ। ਨਰੈਣੇ ਨੇ ਧਾ ਗਲਵੱਕੜੀ ਪਾਈ:

*ਰੋ ਕੇ ਪਾ ਲਈ ਨਰੈਣੇ ਨੇ ਭਰਾ ਨੂੰ ਜਫੜੀ*
*ਖ਼ੁਸ਼ਕੀ ਸੇ ਹੋ ਗਈ ਐ ਪਿੰਡੇ 'ਤੇ ਧਫੜੀ*
*ਮਰ ਗਿਆ ਸੁੱਚਾ ਸਿੰਘਾ ਪਾ ਦੇ ਠੰਢ ਵੀਰਨਾ*
*ਆ ਗਿਆ ਸਬੱਬੀਂ ਦੁੱਖ ਵੰਡ ਵੀਰਨਾ*

*(ਰਜਬ ਅਲੀ)*

ਨਰੈਣੇ ਨੇ ਦਿਲ ਦੀਆਂ ਖੋਲ੍ਹ ਸੁਣਾਈਆਂ। ਬੀਰੋ ਉਪਰੋਂ ਉਪਰੋਂ ਸੁੱਚੇ ਦੁਆਲੇ ਅਸ਼ਨੇ ਪਸ਼ਨੇ ਕਰਦੀ ਫਿਰਦੀ ਸੀ। ਕਈ ਦਿਨ ਲੰਘ ਗਏ। ਸੁੱਚਾ ਅੰਦਰੋਂ ਅੰਦਰ ਵਿਸ ਘੋਲ਼ ਰਿਹਾ ਸੀ। ਘੁੱਕਰ ਤੇ ਉਸ ਦਾ ਸਾਥੀ ਭਾਗ ਉਹਦੀਆਂ ਅੱਖੀਆਂ 'ਚ ਰੜਕ ਰਹੇ ਸਨ। ਕੋਈ ਸਬੱਬ ਨਹੀਂ ਸੀ ਬਣ ਰਿਹਾ।

ਆਖ਼ਰ ਇਕ ਦਿਨ ਸਬੱਬ ਬਣ ਹੀ ਗਿਆ। ਪਿੰਡ ਵਿਚ ਗਾਉਣ ਲੱਗਿਆ ਹੋਇਆ ਸੀ। ਘੁੱਕਰ ਹੋਰੀਂ ਸ਼ਰਾਬ ਵਿਚ ਮਸਤ ਹੋਏ ਚਾਂਭੜਾਂ ਪਾ ਰਹੇ ਸਨ। ਸੁੱਚਾ ਅਖਾੜੇ ਵਿਚ ਖੇਸ ਦੀ ਬੁੱਕਲ ਮਾਰ ਰਾਈਫ਼ਲ ਲਕੋਈ ਬੈਠਾ ਸੀ। ਬੱਕਰੇ ਬੁਲਾਉਂਦੇ ਘੁੱਕਰ ਨੂੰ ਵੇਖਦੇ ਸਾਰ ਹੀ ਸੁੱਚੇ ਨੇ ਖੇਸੀ ਪਰ੍ਹੇ ਵਗਾਹ ਮਾਰੀ ਤੇ ਰਾਈਫ਼ਲ ਨਾਲ਼ ਫ਼ਾਇਰ ਕਰ ਦਿੱਤਾ। ਅਖਾੜੇ ਵਿਚ ਹਫ਼ੜਾ-ਦਫ਼ੜੀ ਪੈ ਗਈ ਤੇ ਉਹਨੇ ਘੁੱਕਰ ਨੂੰ ਜਾ ਘੇਰਿਆ:

*ਰਾਤ ਦਿਨ ਭੋਗ ਕੇ ਪਰਾਈਆਂ ਤੀਵੀਆਂ*
*ਸੁਰਮਾ ਸਦਾਮੇਂ ਅੱਖਾਂ ਪਾਵੇਂ ਨੀਵੀਆਂ*
*ਪਾਈ ਨਾ ਕਦਰ ਲਾਲ ਦੀ ਪਰਖ ਕੇ*
*ਲਾਲ ਸੂਹਾ ਹੋ ਗਿਆ ਸੁਰਮਾ ਹਰਖ ਕੇ*
*ਮੋਢੇ ਨਾਲ਼ ਲਾਵੇ ਚੱਕ ਕੇ ਮਸ਼ੀਨ ਨੂੰ*
*ਪੇਚ ਨੂੰ ਨਕਾਲ਼ ਭਰੇ ਮੈਗ਼ਜ਼ੀਨ ਨੂੰ*
*ਮੱਲ ਵੰਨੀ ਛੱਡੇ ਜੋੜ ਜੋੜ ਸ਼ਿਸ਼ਤਾਂ*
*ਦੇਰ ਨਾ ਲਗਾਵੇ ਤਾਰ ਦੇਵੇ ਕਿਸ਼ਤਾਂ*
*ਰਜਬ ਅਲੀ ਘੜੀ ਵਿਚ ਉਡਾਤੀ ਗਰਦ ਐ*
*ਆਖ਼ਰ ਸ਼ਰਮ ਜੀਹਦੇ ਜਾਣੋਂ ਮਰਦ ਐ*

*(ਰਜਬ ਅਲੀ)*

ਘੁੱਕਰ ਮੱਲ ਨੂੰ ਗੋਲੀਆਂ ਨਾਲ਼ ਭੁੰਨ ਕੇ ਸੁੱਚੇ ਨੇ ਭਾਗ ਨੂੰ ਆ ਘੇਰਿਆ ਤੇ ਉਸ ਦੇ ਗੋਲੀ ਮਾਰ ਦਿੱਤੀ। ਇਸ ਮਗਰੋਂ ਉਹਨੇ ਘਰੋਂ ਜਾ ਕੇ ਬੀਰੋ ਨੂੰ ਧੂਹ ਲਿਆਂਦਾ ਤੇ ਦੋਹਾਂ ਲੋਥਾਂ ਕੋਲ਼ ਲਿਆ ਕੇ ਉਹਨੂੰ ਵੀ ਪਾਰ ਬੁਲਾ ਦਿੱਤਾ। ਤਿੰਨਾਂ ਨੂੰ ਮਾਰਨ ਮਗਰੋਂ ਸੁੱਚਾ ਬੱਕਰੇ ਬੁਲਾਉਂਦਾ ਹੋਇਆ ਬੋਤੇ 'ਤੇ ਸਵਾਰ ਹੋ ਕੇ ਫਰਾਰ ਹੋ ਗਿਆ। ਸਾਰੇ ਇਲਾਕੇ ਵਿਚ 'ਸੁੱਚਾ' 'ਸੁੱਚਾ' ਹੋਣ ਲੱਗੀ। ਇਕ ਪਠਾਣ ਉਹਦਾ ਪਿੱਛਾ ਕਰਦਾ ਹੋਇਆ ਆਪਣੀ ਜਾਨ ਗੰਵਾ ਬੈਠਾ। ਪੁਲਿਸ ਦੇ ਉਹ ਹੱਥ ਨਾ ਲੱਗਾ ਤੇ ਬੀਕਾਨੇਰ ਦੇ ਇਲਾਕੇ ਵਿਚ ਡਾਕੂਆਂ ਨਾਲ਼ ਜਾ ਰਲ਼ਿਆ। ਡਾਕੂ ਦੇ ਰੂਪ ਵਿਚ ਉਹਦੀ ਧਾਂਕ ਪੈ ਗਈ। ਕਈ ਰੱਜੇ ਪੁੱਜੇ ਸੂਦਖ਼ੋਰ ਸ਼ਾਹੂਕਾਰ ਉਹਨੇ ਲੁੱਟੇ। ਉਹ ਗ਼ਰੀਬ ਦਾ ਦਰਦੀ ਸੀ, ਲੁੱਟ ਦਾ ਮਾਲ ਉਹ ਗ਼ਰੀਬਾਂ ਵਿਚ ਵੰਡ ਦਿੰਦਾ। ਉਹਦੀ ਬਹਾਦਰੀ ਦੀਆਂ ਧੁੰਮਾਂ ਪਈਆਂ ਹੋਈਆਂ ਸਨ ਜਿਸ ਕਰਕੇ ਪੁਲਿਸ ਉਹਦੇ ਨਾਲ਼ ਟਾਕਰਾ ਕਰਨੋਂ ਕੰਨੀਂ ਕਤਰਾਉਂਦੀ ਸੀ। ਉਹ ਆਮ ਲੋਕਾਂ ਦੇ ਘਰੀਂ ਜਾ ਲੁਕਦਾ। ਇਕ ਦਿਲ ਉਹਨੇ ਇਕ ਮਾਈ ਦੇ ਆਖਣ 'ਤੇ ਪੰਜ ਬੁੱਚੜਾਂ ਨੂੰ ਮਾਰ ਕੇ ਕਈ ਗਊਆਂ ਦੀ ਜਾਨ

ਬਚਾਈ। ਸਾਰੇ ਇਲਾਕੇ ਵਿਚ ਸੁੱਚੇ ਦੀ ਬੱਲੇ-ਬੱਲੇ ਸੀ। ਉਹ ਲੁਕਵੇਂ ਰੂਪ ਵਿਚ ਆਪਣੇ ਇਲਾਕੇ ਵਿਚ ਗੇੜਾ ਮਾਰਦਾ। ਇਕ ਦਿਨ ਉਹਦੇ ਚਾਚੇ ਦੇ ਪੁੱਤ ਬਸੰਤ ਨੇ ਜੋ ਗਹਿਰੀ ਦਾ ਰਹਿਣ ਵਾਲ਼ਾ ਸੀ, ਸੁੱਚੇ ਅੱਗੇ ਆ ਦੁੱਖ ਰੋਇਆ ਕਿ ਉਹਦੀ ਚਾਚੀ ਰਾਜੋ ਉਸੇ ਪਿੰਡ ਦੇ ਇਕ ਵੈਲੀ ਜੱਟ ਗੱਜਣ ਨੇ ਧੱਕੇ ਨਾਲ਼ ਸਾਂਭੀ ਹੋਈ ਹੈ। ਗਹਿਰੀ ਜਾ ਕੇ ਸੁੱਚੇ ਨੇ ਖੇਤਾਂ ਵਿਚ ਹਾੜ੍ਹੀ ਵੱਢਦੇ ਗੱਜਣ ਨੂੰ ਜਾ ਗੋਲੀ ਮਾਰੀ ਤੇ ਮਗਰੋਂ ਰਾਜੋ ਨੂੰ ਵੀ ਗੋਲੀਆਂ ਨਾਲ਼ ਭੁੰਨ ਦਿੱਤਾ।

ਅਣਖੀਲੇ ਸੂਰਮੇ ਸੁੱਚਾ ਸਿੰਘ ਦੀ ਬਹਾਦਰੀ ਦੇ ਚਰਚੇ ਸਾਰੇ ਇਲਾਕੇ ਵਿਚ ਹੋ ਰਹੇ ਸਨ। ਨਮੋਸ਼ੀ ਦੀ ਮਾਰੀ ਪੁਲਿਸ ਉਸ ਨੂੰ ਫੜਨੋਂ ਅਸਮਰਥ ਸੀ। ਸਰਕਾਰ ਨੇ ਸੁੱਚੇ ਨੂੰ ਫੜਾਉਣ ਲਈ ਇਨਾਮ ਵੀ ਐਲਾਨਿਆ ਹੋਇਆ ਸੀ।

ਲਾਲਚ ਮਿੱਤਰਾਂ ਨੂੰ ਭੁਲ੍ਹਾ ਦਿੰਦਾ ਹੈ। ਆਖ਼ਰ ਇਕ ਦਿਨ ਲਾਲਚ-ਵੱਸ ਸੁੱਚੇ ਦੇ ਮਿੱਤਰ ਮਹਾਂ ਸਿੰਘ ਨੇ, ਜਦੋਂ ਉਹ ਸੰਗਤਪੁਰੇ ਉਹਦੇ ਘਰ ਸੁੱਤਾ ਹੋਇਆ ਸੀ, ਪੁਲਿਸ ਨੂੰ ਬੁਲਾ ਕੇ ਉਹਨੂੰ ਫੜਾ ਦਿੱਤਾ। ਨਿਹੱਥਾ ਸੂਰਮਾ ਕਚੀਚੀਆਂ ਵੱਟਦਾ ਰਹਿ ਗਿਆ।

ਮੁਕੱਦਮਾ ਚੱਲਿਆ। ਪਟਿਆਲੇ ਦੇ ਰਾਜੇ ਨੇ ਉਸ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ। ਪੰਜਾਬ ਦਾ ਅਣਖੀਲਾ ਗੱਭਰੂ ਹੱਸਦਾ ਹੱਸਦਾ ਫ਼ਾਂਸੀ 'ਤੇ ਲਟਕ ਗਿਆ ਤੇ ਲੋਕ-ਕਵੀਆਂ ਨੇ ਇਸ ਸੂਰਮੇ ਦੀ ਜੀਵਨ ਕਹਾਣੀ ਨੂੰ ਕਿੱਸਿਆਂ ਦੇ ਰੂਪ ਵਿਚ ਸਾਂਭ ਲਿਆ। ਗੀਠਾ ਦੀਨ, ਰਜਬ ਅਲੀ, ਗੁਰਮੁਖ ਸਿੰਘ ਬੇਦੀ, ਸ਼ਿਆਮ ਸਿੰਘ ਤੇ ਛੱਜੂ ਸਿੰਘ ਨੇ ਸੁੱਚਾ ਸਿੰਘ ਸੂਰਮੇ ਬਾਰੇ ਕਿੱਸੇ ਰਚੇ ਹਨ ਜਿਨ੍ਹਾਂ ਨੂੰ ਅੱਜ ਵੀ ਪੰਜਾਬ ਦੇ ਲੋਕ ਬੜੇ ਚਾਵਾਂ ਨਾਲ਼ ਪੜ੍ਹ ਕੇ ਆਨੰਦ ਮਾਣਦੇ ਹਨ ਅਤੇ ਅਣਖੀ ਸੂਰਮੇ ਨੂੰ ਸੈਆਂ ਸਲਾਮਾਂ ਕਰਦੇ ਹਨ।

•

# ਜੀਊਣਾ ਮੌੜ

ਪੰਜਾਬ ਦੀ ਧਰਤੀ ਸੂਰਬੀਰਾਂ, ਯੋਧਿਆਂ, ਸੰਤਾਂ ਅਤੇ ਗੁਰੂਆਂ ਦੀ ਧਰਤੀ ਹੈ, ਇਹ ਯੋਧੇ ਤੇ ਗੁਰੂ-ਪੀਰ ਪੰਜਾਬ ਦੇ ਲੋਕ ਮਾਨਸ ਨੂੰ ਸਦਾ ਟੁੰਭਦੇ ਰਹੇ ਹਨ। ਇਹ ਪੰਜਾਬ ਦੀ ਅਣਖ, ਗ਼ੈਰਤ ਅਤੇ ਸਵੈਮਾਨ ਦੇ ਪ੍ਰਤੀਕ ਹਨ, ਜਿਨ੍ਹਾਂ ਤੋਂ ਪੰਜਾਬੀ ਸਦਾ ਪ੍ਰੇਰਨਾ ਲੈਂਦੇ ਰਹੇ ਹਨ।

ਮਾਲਵੇ ਦਾ ਇਲਾਕਾ ਜਿਸ ਨੂੰ ਜੰਗਲ ਦਾ ਇਲਾਕਾ ਵੀ ਆਖਦੇ ਹਨ ਇਕ ਅਜਿਹਾ ਖਿੱਤਾ ਹੈ ਜਿਸ ਨੇ ਅਣਖ ਅਤੇ ਸਵੈਮਾਨ ਦੀ ਰਾਖੀ ਕਰਨ ਵਾਲ਼ੇ ਅਜਿਹੇ ਸੂਰਮੇ ਪੈਦਾ ਕੀਤੇ ਹਨ ਜੋ ਡਾਕੂਆਂ ਦੇ ਰੂਪ ਵਿਚ ਵਿਚਰਦੇ ਹੋਏ ਵੀ ਪੰਜਾਬ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਰਹੇ ਹਨ ਅਤੇ ਅੱਜ ਵੀ ਪੰਜਾਬੀ ਉਨ੍ਹਾਂ ਦੀਆਂ ਵਾਰਾਂ ਗਾ ਕੇ ਅਥਾਹ ਖ਼ੁਸ਼ੀ ਪ੍ਰਾਪਤ ਕਰਦੇ ਹਨ। ਸੁੱਚਾ ਸਿੰਘ ਸੂਰਮਾ ਅਤੇ ਜੀਊਣਾ ਮੌੜ ਅਜਿਹੇ ਦੋ ਮਲਵਈ ਲੋਕ ਨਾਇਕ ਹਨ, ਜਿਨ੍ਹਾਂ ਦਾ ਨਾਂ ਸੁਣ ਕੇ ਪੰਜਾਬੀ ਗੱਭਰੂਆਂ ਦੇ ਡੌਲ਼ੇ ਫਰਕਣ ਲੱਗ ਜਾਂਦੇ ਹਨ ਅਤੇ ਅੱਖਾਂ ਵਿਚ ਅਨੂਠੀ ਚਮਕ ਡਲ੍ਹਕਾਂ ਮਾਰਨ ਲੱਗਦੀ ਹੈ।

ਜ਼ਿਲ੍ਹਾ ਸੰਗਰੂਰ ਦੇ ਪਿੰਡ ਮੌੜ ਦਾ ਜੰਮਪਲ ਸਧਾਰਨ ਜੱਟ ਪਰਿਵਾਰ ਦੇ ਖੜਗ ਸਿੰਘ ਦਾ ਪੁੱਤਰ ਜੀਊਣਾ ਬੜਾ ਸਾਊ ਤੇ ਨਿਮਰ ਨੌਜਵਾਨ ਸੀ ਜਿਸ ਨੂੰ ਸਮੇਂ ਦੀਆਂ ਪ੍ਰਸਥਿਤੀਆਂ ਨੇ ਡਾਕੇ ਮਾਰਨ ਲਈ ਮਜਬੂਰ ਕਰ ਦਿੱਤਾ।

ਗੱਲ ਇਸ ਤਰ੍ਹਾਂ ਹੋਈ ਕਿ ਇਕ ਦਿਨ ਆਥਣ ਵੇਲੇ ਜੀਊਣ ਸਿੰਘ, ਜਿਸ ਨੂੰ ਆਮ ਕਰਕੇ ਜੀਊਣਾ ਕਹਿ ਕੇ ਬੁਲਾਉਂਦੇ ਸਨ ਆਪਣੇ ਡੰਗਰਾਂ ਦੇ ਵਾੜੇ ਵਿਚ ਇਕੱਲਾ ਬੈਠਾ ਸੀ ਕਿ ਇਕ ਅੱਧਖੜ ਉਮਰ ਦਾ ਓਪਰਾ ਬੰਦਾ ਉਨ੍ਹਾਂ ਦੇ ਘਰ ਦਾ ਪਤਾ ਪੁੱਛਦਾ, ਪੁਛਾਉਂਦਾ ਉਹਦੇ ਕੋਲ਼ ਆਇਆ। ਓਸ ਓਪਰੇ ਪੁਰਸ਼ ਦਾ ਆਦਰ-ਮਾਣ ਕਰਦਿਆਂ ਜੀਊਣੇ ਨੇ ਉਸ ਨੂੰ ਆਪਣੇ ਮੰਜੇ 'ਤੇ ਬਿਠਾ ਲਿਆ। ਓਪਰਾ ਬੰਦਾ ਆਖਣ ਲੱਗਾ, "ਭਤੀਜ ਮੈਂ ਕਾਲ਼ੇ ਪਾਣੀ ਤੋਂ ਆਇਆਂ ਤੇਰੇ ਵੱਡੇ ਭਾਈ ਕਿਸ਼ਨੇ ਕੋਲ਼ੋਂ। ਉਹਦਾ ਸੁਨੇਹਾ ਲੈ ਕੇ, ਸਿੱਧਾ ਥੋਡੇ ਕੋਲ਼ ਆਇਆਂ। ਫੇਰ ਆਪਣੇ ਪਿੰਡ ਜਾਊਂਗਾ। ਉਹਨੇ ਕਿਹੈ ਬਈ ਜੇ ਤੂੰ ਉਹਦਾ ਭਾਈ ਐਂ ਤੇ ਮਾਂ ਦਾ ਸੀਰ ਚੁੰਘਿਐ ਤਾਂ ਡਸਕੇ ਆਲ਼ੇ ਡੋਗਰ ਤੋਂ ਬਦਲਾ ਲੈ ਲੈ ਉਹਨੂੰ ਮਾਰ ਕੇ, ਜੀਹਨੇ ਤੇਰੇ ਭਰਾ ਕਿਸ਼ਨੇ ਨੂੰ ਧੋਖੇ ਨਾਲ਼ ਪੁਲਿਸ ਨੂੰ ਫੜਾ ਕੇ, ਕਾਲ਼ੇ ਪਾਣੀ ਦੀ ਸਜ਼ਾ ਦੁਆਈ ਐ...

ਭਤੀਜ ਬੰਦਾ ਕਾਹਦੈ ਜੀਹਨੇ ਭਾਈ ਦਾ ਬਦਲਾ ਨੀ ਲਿਆ... ਡੋਗਰ ਮੌਜਾਂ ਕਰਦੈ ਤੇ ਭਾਈ ਕਾਲ਼ੇ ਪਾਣੀ ਨਰਕ ਭੋਗਦੈ...।"

ਕਿਸ਼ਨਾ ਜੀਊਣੇ ਤੋਂ ਕੁਝ ਵਰ੍ਹੇ ਵੱਡਾ ਸੀ। ਛੈਲ ਛਬੀਲਾ ਗੱਭਰੂ ਮੌਜ ਮਸਤੀ ਕਰਨ ਵਾਲ਼ਾ। ਨਵਾਂ ਨਵਾਂ ਵੈਲੀ ਬਣਿਆਂ। ਕਿਸ਼ਨੇ ਕੋਲ਼ ਓਪਰੇ ਬੰਦੇ ਆਉਣ ਲੱਗੇ। ਘਰ ਦੀ ਕੱਢੀ ਰੂੜੀ ਮਾਰਕਾ ਸ਼ਰਾਬ ਤੇ ਮੁਰਗੇ ਛੱਕ ਕੇ ਓਪਰੇ ਬੰਦੇ ਉਨ੍ਹਾਂ ਦੇ ਖੂਹ 'ਤੇ ਖੜਦੁੰਮ ਮਚਾਉਂਦੇ। ਉਸ ਦੇ ਬਾਪੂ ਨੂੰ ਇਹ ਸਭ ਕੁਝ ਪਸੰਦ ਨਹੀਂ ਸੀ। ਇਸ ਲਈ ਉਸ ਨੇ ਕਿਸ਼ਨੇ ਨੂੰ ਟੋਕਣਾ ਸ਼ੁਰੂ ਕਰ ਦਿੱਤਾ। ਨਿੱਤ ਦਾ ਕਲੇਸ਼ ਰਹਿਣ ਲੱਗਾ ਜਿਸ ਕਰਕੇ ਕਿਸ਼ਨਾ ਘਰੋਂ ਭੱਜ ਕੇ ਡਸਕੇ ਦੇ ਡੋਗਰ ਅਤੇ ਖੜਿਆਲ ਦੇ ਜੈਮਲ ਨਾਲ਼ ਰਲ਼ ਕੇ ਲੁੱਟਾਂ-ਖੋਹਾਂ ਕਰਨ ਲੱਗਾ। ਤਿੰਨੋਂ ਗੂੜ੍ਹੇ ਮਿੱਤਰ ਬਣ ਗਏ।

ਉਨ੍ਹਾਂ ਵੇਲ਼ਿਆਂ ਵਿਚ ਅੱਜ ਵਾਂਗ ਸੜਕਾਂ ਨਹੀਂ ਸਨ, ਆਵਾਜਾਈ ਦੇ ਸਾਧਨ ਘੋੜੇ, ਘੋੜੀਆਂ, ਊਠ ਸਨ। ਪੈਦਲ ਸਫ਼ਰ ਕਰਨਾ ਪੈਂਦਾ ਸੀ ਤੇ ਰਾਹ ਆਮ ਤੌਰ 'ਤੇ ਜੰਗਲਾਂ, ਬੇਲਿਆਂ ਵਿਚੋਂ ਹੋ ਕੇ ਜਾਂਦੇ ਸਨ। ਆਮ ਆਦਮੀ ਲਈ ਸਫ਼ਰ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਡਾਕੂ ਆਮ ਸਨ ਜੋ ਜੰਗਲਾਂ 'ਚ ਫਿਰਦੇ ਰਾਹ ਗੁਜ਼ਰੂਆਂ ਨੂੰ ਲੁੱਟ ਲੈਂਦੇ ਸਨ। ਬਰਾਤਾਂ ਆਮ ਲੁੱਟੀਆਂ ਜਾਂਦੀਆਂ ਸਨ। ਕਿਸ਼ਨੇ ਹੋਰਾਂ ਨੇ ਵੀ ਲੁੱਟਾਂ, ਖੋਹਾਂ ਦਾ ਧੰਦਾ ਅਪਣਾ ਲਿਆ। ਕਿਸ਼ਨੇ ਦੇ ਬਾਪ ਤੇ ਭਰਾ ਜੀਊਣੇ ਨੂੰ ਇਹ ਗੱਲਾਂ ਪਸੰਦ ਨਹੀਂ ਸਨ ਪਰੰਤੂ ਕਿਸ਼ਨਾ ਉਨ੍ਹਾਂ ਦੀ ਕਿੱਥੋਂ ਮੰਨਣ ਵਾਲ਼ਾ ਸੀ। ਉਸ ਦੇ ਮੂੰਹ ਨੂੰ ਤਾਂ ਖ਼ੂਨ ਲੱਗ ਚੁੱਕਾ ਸੀ।

ਇਕ ਦਿਨ ਕੀ ਹੋਇਆ ਕਿਸ਼ਨੇ ਹੋਰਾਂ ਨੇ ਆਪਣੇ ਹੀ ਪਿੰਡ ਦੇ ਬਾਣੀਆਂ ਦੀ ਬਰਾਤ ਲੁੱਟ ਲਈ। ਬਰਾਤੀਆਂ 'ਚੋਂ ਕਿਸੇ ਨੇ ਕਿਸ਼ਨੇ ਨੂੰ ਪਛਾਣ ਲਿਆ। ਸਾਰਾ ਪਿੰਡ ਕਿਸ਼ਨੇ ਦੀ ਇਸ ਵਾਰ-ਦਾਤ 'ਤੇ ਤੋਏ-ਤੋਏ ਕਰਨ ਲੱਗਾ ਤੇ ਉਸ ਦੇ ਬਾਪ ਨੂੰ ਫਿਟ-ਲਾਅਣਤਾਂ ਪਾਈਆਂ। ਉਹਦਾ ਬਾਪ ਪਰ੍ਹੇ 'ਚ ਬੈਠਾ ਸ਼ਰਮਸਾਰ ਹੋ ਰਿਹਾ ਸੀ। ਪਿੰਡ ਦੇ ਖਾਂਦੇ-ਪੀਂਦੇ ਮੋਹਰੀ ਵਾਸਦੇਵ ਨੇ ਕਿਸ਼ਨੇ ਦੇ ਨਾਂ 'ਤੇ ਪੁਲਿਸ ਥਾਣੇ ਰਿਪੋਰਟ ਲਿਖਵਾ ਦਿੱਤੀ। ਇਸ ਗੱਲ ਦਾ ਪਤਾ ਕਿਸ਼ਨੇ ਨੂੰ ਵੀ ਲੱਗ ਗਿਆ। ਉਹ ਕੁਝ ਦਿਨਾਂ ਮਗਰੋਂ ਮੌੜੀਂ ਆ ਕੇ ਵਾਸਦੇਵ ਨੂੰ ਗੋਲੀਆਂ ਨਾਲ਼ ਭੁੰਨ ਗਿਆ।

ਪੁਲਿਸ ਆਈ, ਕਿਸ਼ਨੇ ਦੇ ਬਾਪ ਅਤੇ ਭਰਾ ਜੀਊਣੇ ਨੂੰ ਫੜ ਲਿਆ ਗਿਆ। ਕਿਸ਼ਨੇ ਦਾ ਥਹੁ ਪਤਾ ਪੁੱਛਣ ਲਈ ਤਸੀਹੇ ਦਿੱਤੇ ਗਏ... ਘਰ-ਬਾਰ ਉਜਾੜ ਦਿਤਾ। ਉਹ ਭਲਾ ਕਿੱਥੋਂ ਕਿਸ਼ਨੇ ਨੂੰ ਲੱਭ ਕੇ ਲਿਆਉਂਦੇ।

ਕਿਸ਼ਨੇ ਦੀ ਕਿਹੜਾ ਘਰਦਿਆਂ ਨਾਲ਼ ਬਣਦੀ ਸੀ, ਉਹ ਲੁੱਟਾਂ-ਖੋਹਾਂ ਦਾ ਮਾਲ ਜੈਮਲ ਦੇ ਘਰ ਹੀ ਰੱਖਦਾ ਸੀ। ਕਿਸ਼ਨੇ ਦੇ ਗਲ਼ ਖ਼ੂਨ ਪੈਣ ਦੀ ਖ਼ਬਰ ਨੇ ਜੈਮਲ ਨੂੰ ਸੁਚੇਤ ਕਰ ਦਿੱਤਾ। ਕਿਸ਼ਨਾ ਉਹਦੇ ਕੋਲ਼ ਚਲਿਆ ਗਿਆ। ਉਹਨੇ ਜੈਮਲ ਨੂੰ ਆਖਿਆ, "ਯਾਰਾ ਤੂੰ ਈ ਕੋਈ ਓਹੜ ਪੋਹੜ ਕਰ। ਪੁਲਿਸ ਨੂੰ ਕੁਛ ਦੇ ਦਵਾ ਕੇ

ਮੇਰਾ ਨਾਂ ਖ਼ੂਨ 'ਚੋਂ ਕਢਵਾ।"

ਜੈਮਲ ਝਟ ਪੈਂਤਰਾ ਬਦਲ ਗਿਆ। ਉਹਦਾ ਮਨ ਬੇਈਮਾਨ ਹੋ ਗਿਆ। "ਖ਼ੂਨ 'ਚ ਫਸਿਆ ਕਿਸ਼ਨਾ ਉਹਦਾ ਕੀ ਵਿਗਾੜ ਲੂਗਾ" ਉਹਨੇ ਸੋਚਿਆ ਤੇ ਕਿਹਾ, "ਕਿਸ਼ਨਿਆਂ ਤੇਰਾ ਤਾਂ ਮੇਰੇ ਕੋਲ਼ ਕੁਛ ਨੀ। ਤੂੰ ਸਾਰਾ ਮਾਲ ਵੰਡਾ ਕੇ ਲੈ ਗਿਆ ਸੀ।"

ਕਿਸ਼ਨੇ ਨੂੰ ਐਨੀ ਆਸ ਨਹੀਂ ਸੀ ਕਿ ਉਹਦਾ ਯਾਰ ਜੈਮਲ ਉਹਦੇ ਨਾਲ਼ ਈ ਮਿੱਤਰ ਮਾਰ ਕਰੇਗਾ। ਉਹ ਸਬਰ ਦਾ ਘੁੱਟ ਭਰ ਕੇ ਬਹਿ ਗਿਆ। ਉਹ ਉਥੋਂ ਚੁੱਪ ਚੁਪੀਤਾ ਕਿਸੇ ਹੋਰ ਥਾਂ ਚਲਿਆ ਗਿਆ।

ਕੁਝ ਦਿਨਾਂ ਮਗਰੋਂ ਕਿਸ਼ਨਾ ਫੇਰ ਜੈਮਲ ਕੋਲ਼ ਆਇਆ ਤੇ ਇਕ ਬਰਾਤ ਲੁੱਟਣ ਲਈ ਦੱਸ ਪਾਈ। ਬਰਾਤ ਲੁੱਟਣ ਦੇ ਲਾਲਚ ਵਸ ਜੈਮਲ ਕਿਸ਼ਨੇ ਨਾਲ਼ ਜੰਗਲ ਵਿਚ ਚਲਿਆ ਗਿਆ। ਲੱਗੇ ਬਰਾਤ ਉਡੀਕਣ। ਬਰਾਤ ਕਿੱਥੋਂ ਆਉਣੀ ਸੀ। ਇਹ ਤਾਂ ਕਿਸ਼ਨੇ ਨੇ ਜੈਮਲ ਨੂੰ ਸੱਦਣ ਦਾ ਬਹਾਨਾ ਹੀ ਘੜਿਆ ਸੀ। ਕਿਸ਼ਨੇ ਨੇ ਜੈਮਲ ਨੂੰ ਲਲਕਾਰਿਆ, "ਬੇਈਮਾਨਾ ਭੱਜ ਲੈ ਜਿੱਥੇ ਭੱਜਣੈ। ਤੈਂ ਮੇਰੇ ਹਿੱਸੇ ਦਾ ਮਾਲ ਹੜੱਪ ਕੇ ਮੇਰੇ ਨਾਲ਼ ਮਿੱਤਰਮਾਰ ਕੀਤੀ ਐ।"

ਤੜਾਕ-ਤੜਾਕ ਗੋਲੀਆਂ ਚੱਲੀਆਂ ਤੇ ਜੈਮਲ ਧਰਤ 'ਤੇ ਚੁਫ਼ਾਲ ਢੇਰੀ ਹੋ ਗਿਆ। ਕਿਸ਼ਨੇ ਨੇ ਜੈਮਲ ਦੀ ਪਤਨੀ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਆਪਣੇ ਬੇਈਮਾਨ ਪਤੀ ਦੀ ਲਾਸ਼ ਚੁੱਕ ਲਜਾਵੇ।

ਜੈਮਲ ਡੋਗਰ ਹੁਰਾਂ ਦਾ ਲੰਗੋਟੀਆ ਯਾਰ ਸੀ। ਕੱਠਿਆਂ ਡਾਕੇ ਮਾਰੇ ਸਨ, ਜੰਞਾਂ ਲੁੱਟੀਆਂ ਸਨ। ਜੈਮਲ ਦਾ ਕਿਸ਼ਨੇ ਹੱਥੋਂ ਮਾਰਿਆ ਜਾਣਾ ਉਸ ਤੋਂ ਬਰਦਾਸ਼ਤ ਨਾ ਹੋਇਆ... ਕਿਸ਼ਨੇ ਨੇ ਯਾਰ ਮਾਰ ਕਰਕੇ ਚੰਗਾ ਨਹੀਂ ਕੀਤਾ... ਪਾਪ ਕਮਾਇਐ... ਹੁਣ ਉਹਤੇ ਵਿਸਾਹ ਕਰਨਾ ਠੀਕ ਨੀ!

ਡੋਗਰ ਨੇ ਕਿਸ਼ਨੇ ਦਾ ਬਚਾਓ ਕਰਨ ਦੇ ਪੱਜ ਉਹਨੂੰ ਸੁਨੇਹਾ ਭੇਜ ਕੇ ਡਸਕੇ ਸੱਦ ਲਿਆ। ਰਾਤ ਨੂੰ ਖ਼ੂਬ ਸੇਵਾ ਕੀਤੀ। ਨਸ਼ੇ ਵਿਚ ਚੂਰ ਹੋਇਆ ਕਿਸ਼ਨਾ ਬੇਸੁਰਤ ਹੋ ਕੇ ਮੰਜੇ 'ਤੇ ਸੌਂ ਗਿਆ। ਓਧਰ ਧੋਖੇਬਾਜ਼ ਡੋਗਰ ਨੇ ਘਰ ਨੂੰ ਬਾਹਰੋਂ ਜਿੰਦਰਾ ਮਾਰ ਕੇ ਬੁਡਲਾਢੇ ਦੇ ਥਾਣੇ ਜਾ ਖ਼ਬਰ ਦਿੱਤੀ... ਅਣਗਿਣਤ ਪੁਲਿਸ ਦੇ ਸਿਪਾਹੀਆਂ ਨੇ ਸੁੱਤੇ ਪਏ ਕਿਸ਼ਨੇ ਨੂੰ ਆਣ ਦਬੋਚਿਆ!

ਓਦੋਂ ਅੰਗਰੇਜ਼ਾਂ ਦਾ ਰਾਜ ਸੀ।

ਮੁਕੱਦਮਾ ਚੱਲਿਆ। ਮਲਕਾ ਨੇ ਕਿਸ਼ਨੇ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਕਾਲ਼ੇ ਪਾਣੀ ਦੀ ਜੇਲ੍ਹ ਵਿਚ ਭੇਜ ਦਿੱਤਾ।

ਡੋਗਰ ਨੇ ਧੋਖੇ ਨਾਲ਼ ਮਿੱਤਰ ਮਾਰ ਕਰਕੇ ਆਪਣੇ ਯਾਰ ਕਿਸ਼ਨੇ ਨੂੰ ਕਾਲ਼ੇ ਪਾਣੀ ਦੀ ਸਜ਼ਾ ਕਰਵਾ ਦਿੱਤੀ ਸੀ। ਕਿਸ਼ਨਾ ਕਾਲ਼ੇ ਪਾਣੀ ਸਜ਼ਾ ਭੁਗਤ ਰਿਹਾ

ਡੋਗਰ ਦੇ ਸੀਰਮੇ ਪੀਣ ਲਈ ਕਚੀਚੀਆਂ ਵੱਟ ਰਿਹਾ ਸੀ ਤੇ ਬਦਲਾ ਲੈਣ ਲਈ ਉਹਨੇ ਜੀਊਣੇ ਨੂੰ ਸੁਨੇਹਾ ਭੇਜਿਆ ਸੀ।

ਆਪਣੇ ਵੱਡੇ ਭਰਾ ਕਿਸ਼ਨੇ ਦਾ ਸੁਨੇਹਾ ਸੁਣਦੇ ਸਾਰ ਹੀ ਜੀਊਣਾ ਝੰਜੋੜਿਆ ਗਿਆ। ਇਕ ਆਹ ਸੀਨਿਓਂ ਪਾਰ ਹੋ ਗਈ... ਓਪਰਾ ਬੰਦਾ ਜਲ ਪਾਣੀ ਛਕ ਕੇ ਆਪਣੇ ਰਾਹ ਪਿਆ ਤੇ ਜੀਊਣੇ ਦੇ ਚਿੱਤ ਨੂੰ ਚਿਤਮਣੀ ਲਗ ਗਈ। ਉਹ ਅਜੀਬ ਬੇਚੈਨੀ ਦਾ ਸ਼ਿਕਾਰ ਹੋ ਗਿਆ।

*ਜੀਊਣੇ ਮੌੜ ਸੁਣੀ ਗੱਲ ਲੱਗੀ ਕਾਲਜੇ ਨੂੰ ਸੱਲ,*
*ਅੱਜ ਕਲ੍ਹ ਲਵਾਂ ਵੈਰ ਐਨ ਫੇਰ ਖਾਵਾਂ ਰੱਜ ਕੇ।*
*ਏਹੋ ਆਉਂਦੀ ਦਲੇਰੀ ਜਗ ਜਮਣਾ ਨਾ ਦੂਜੀ ਵੇਰੀ,*
*ਮੇਰੀ ਹੈ ਸਲਾਹ ਮਾਰਾਂ ਅਹਿਮਦ ਨੂੰ ਭੱਜ ਕੇ।*

*(ਭਗਵਾਨ ਸਿੰਘ)*

ਇਕ ਜਵਾਲਾ ਜੀਊਣੇ ਦੀ ਸੀਨੇ 'ਚ ਮਘ ਰਹੀ ਸੀ। ਉਹਨੇ ਘਰੋਂ ਗੰਡਾਸੀ ਚੁੱਕੀ ਅਤੇ ਚੁੱਪਚਾਪ ਆਪਣੇ ਖੇੜੇ ਨੂੰ ਸਿਰ ਨਿਵਾ ਕੇ, ਜੰਗਲ ਵੱਲ ਨੂੰ ਤੁਰ ਪਿਆ। ਅਗਾਂਹ ਉਹਨੂੰ ਜੰਗਲ 'ਚ ਸ਼ਿਕਾਰ ਖੇਡਦਾ ਇਕ ਅੰਗਰੇਜ਼ ਟੱਕਰਿਆ ਜਿਸ ਪਾਸੋਂ ਉਹਨੇ ਝਪਟਾ ਮਾਰ ਕੇ ਉਹਦੀ ਰਫ਼ਲ ਖੋਹ ਲਈ ਤੇ ਉਸ ਨੂੰ ਭਜਾ ਦਿੱਤਾ।

ਅਗਾਂਹ ਡਾਕੂਆਂ ਦੀ ਇਕ ਟੋਲੀ ਟੱਕਰ ਗਈ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਬਈ ਜੀਊਣਾ ਕਿਸ਼ਨੇ ਦਾ ਭਰਾ ਐ ਤਾਂ ਖ਼ੁਸ਼ੀ-ਖ਼ੁਸ਼ੀ ਉਹਨੂੰ ਆਪਣਾ ਭਾਈਵਾਲ ਬਣਾ ਲਿਆ।

ਜੀਊਣਾ ਡਾਕੇ ਮਾਰਨ ਲੱਗਾ। ਇਕ ਸ਼ਰਤ ਇਹ ਲਾਈ-ਕਿਸੇ ਦੀ ਨੂੰਹ-ਧੀ ਨੂੰ ਮੈਲ਼ੀ ਅੱਖ ਨਾਲ਼ ਨਹੀਂ ਵੇਖਣਾ, ਨਾ ਹੀ ਮੌੜੀਂ ਜਾ ਕੇ ਡਾਕਾ ਮਾਰਨਾ ਹੈ। ਗ਼ਰੀਬ ਗੁਰਬੇ ਦੀ ਮਦਦ ਕਰਨੀ ਐ...।

ਆਏ ਦਿਨ ਜੀਊਣੇ ਮੌੜ ਦੀਆਂ ਲੁੱਟਾਂ-ਖੋਹਾਂ, ਮਾਰ-ਧਾੜ, ਬਰਾਤਾਂ ਡੱਕਣ, ਸੂਦਖੋਰਾਂ ਤੇ ਸੁਨਿਆਰਾਂ ਨੂੰ ਲੁੱਟਣ ਦੀਆਂ ਖ਼ਬਰਾਂ ਆਉਣ ਲੱਗੀਆਂ। ਪੁਲਿਸ ਉਹਦਾ ਪਿੱਛਾ ਕਰਦੀ। ਜੀਊਣਾ ਡਾਹ ਨਾ ਦੇਂਦਾ। ਪੁਲਿਸ ਨਮੋਸ਼ੀ ਦੀ ਮਾਰੀ ਪਈ ਸੀ। ਸਾਰੇ ਇਲਾਕੇ ਵਿਚ ਜੀਊਣੇ ਦੀ ਬੱਲੇ-ਬੱਲੇ ਸੀ। ਪੁਲਿਸ ਉਹਦੀ ਸੂਰਮਤਾਈ ਤੋਂ ਡਰਦੀ ਉਹਨੂੰ ਹੱਥ ਨਹੀਂ ਸੀ ਪਾਉਂਦੀ। ਉਸ ਨੂੰ ਫੜਨ ਲਈ ਉਹਦੇ ਸਿਰ ਦਾ ਇਨਾਮ ਸਰਕਾਰ ਨੇ ਐਲਾਨਿਆ ਹੋਇਆ ਸੀ। ਧੀ-ਭੈਣ ਦੀ ਇੱਜ਼ਤ ਦਾ ਸਾਂਝੀਵਾਲ ਹੋਣ ਕਾਰਨ ਤੇ ਗਊ ਗ਼ਰੀਬ ਦਾ ਰੱਖਿਅਕ ਹੋਣ ਕਰਕੇ ਪਿੰਡ ਦੇ ਲੋਕ ਉਸ ਨੂੰ ਹੱਥੀਂ ਛਾਵਾਂ ਕਰਦੇ ਸਨ। ਪੁਲਿਸ ਆਈ ਤੇ ਉਹ ਕਿਸੇ ਦੇ ਵੀ ਘਰ ਲੁੱਕ ਸਕਦਾ ਸੀ।

ਕਈ ਦਿਲਚਸਪ ਤੇ ਅਲੋਕਾਰ ਘਟਨਾਵਾਂ ਤੇ ਕਹਾਣੀਆਂ ਉਸ ਦੇ ਨਾਂ ਨਾਲ਼ ਜੁੜੀਆਂ ਹੋਈਆਂ ਹਨ।

ਉਹ ਆਪਣੀ ਮਾਰ-ਧਾੜ ਦਾ ਲੁੱਟਿਆ ਮਾਲ ਕੰਡਿਆਲ ਪਿੰਡ ਦੇ ਕਾਂਸ਼ੀ ਰਾਮ ਬਾਣੀਏਂ ਕੋਲ਼ ਰੱਖਿਆ ਕਰਦਾ ਸੀ। ਇਕ ਦਿਨ ਬਾਣੀਏਂ ਦਾ ਦਿਲ ਬੇਈਮਾਨ ਹੋ ਗਿਆ, ਉਸ ਨੇ ਜੀਊਣੇ ਨੂੰ ਫੜਾ ਕੇ ਉਹਦਾ ਮਾਲ ਹੜੱਪ ਕਰਨ ਬਾਰੇ ਮਨ ਬਣਾ ਲਿਆ ਤੇ ਪੁਲਿਸ ਨੂੰ ਖ਼ਬਰ ਦੇ ਦਿੱਤੀ ਬਈ ਭਲਕੇ ਜੀਊਣੇ ਨੇ ਆਉਣੈ। ਪੁਲਿਸ ਆ ਗਈ! ਜੀਊਣਾ ਅਜੇ ਆਇਆ ਨਹੀਂ ਸੀ। ਇਕ ਬੁੱਢੀ ਨੱਸੀ-ਨੱਸੀ ਗਈ ਤੇ ਪਿੰਡੋਂ ਬਾਹਰ ਹੀ ਜੀਊਣੇ ਨੂੰ ਬਾਣੀਏਂ ਦੀ ਕਰਤੂਤ ਬਾਰੇ ਦੱਸ ਦਿੱਤਾ। ਉਹ ਉਸੇ ਪਲ ਪਿਛਾਂਹ ਮੁੜ ਗਿਆ। ਜਦੋਂ ਪੁਲਿਸ ਚਲੀ ਗਈ, ਜੀਊਣੇ ਨੇ ਆ ਕੇ ਕਾਂਸ਼ੀ ਰਾਮ ਦਾ ਖ਼ੂਬ ਬੜ੍ਹਾਂਗਾ ਕੀਤਾ। ਬਾਣੀਏਂ ਨੇ ਮਸੀਂ ਮਿੰਨਤਾਂ, ਤਰਲੇ ਕਰਕੇ ਆਪਣੀ ਜਾਨ ਬਖ਼ਸ਼ਾਈ ਤੇ ਅਗਾਂਹ ਤੋਂ ਬੇਈਮਾਨੀ ਕਰਨ ਤੋਂ ਤੋਬਾ ਕੀਤੀ।

ਸਾਉਣ ਦਾ ਮਹੀਨਾ ਸੀ। ਲੌਂਗੋਵਾਲ ਦੇ ਗੋਰੇ ਤੀਆਂ ਪੈ ਰਹੀਆਂ ਸਨ... ਜੀਊਣੇ ਮੌੜ ਦੀ ਟੋਲੀ ਓਥੇ ਆ ਪੁੱਜੀ। ਜੀਊਣੇ ਨੇ ਜ਼ਮੀਨ 'ਤੇ ਚਾਦਰਾ ਵਛਾ ਕੇ ਆਖਿਆ, "ਕੁੜੀਓ ਆਪਣੀਆਂ ਟੂੰਮਾਂ ਲਾਹ ਦੋ।" ਡਰਦੀਆਂ ਮਾਰੀਆਂ ਕੁੜੀਆਂ-ਬਹੂਆਂ ਆਪਣੀਆਂ ਟੂੰਮਾਂ ਲਾਹ-ਲਾਹ ਚਾਦਰੇ 'ਤੇ ਸੁੱਟੀ ਜਾਣ। ਉਹ ਚਾਦਰਾ ਵਲ੍ਹੇਟਣ ਹੀ ਲੱਗਾ ਸੀ ਕਿ ਇਕ ਕੁੜੀ ਹੌਸਲਾ ਕਰਕੇ ਬੋਲੀ, "ਵੇ ਵੀਰਿਆ ਮੇਰੇ ਤਾਂ ਸਹੁਰੇ ਬੜੇ ਅਵੈੜੇ ਐ ਉਹ ਤਾਂ ਮੇਰੇ ਹੱਡਾਂ 'ਚੋਂ ਟੂੰਮਾਂ ਕੱਢ ਲੈਣਗੇ। ਮੇਰੇ ਪਿਉਕੇ ਬੜੇ ਗ਼ਰੀਬ ਐ। ਉਨ੍ਹਾਂ ਮਸੀਂ ਮੇਰਾ ਵਿਆਹ ਕੀਤੈ ਜ਼ਮੀਨ ਧਰ ਕੇ। ਉਨ੍ਹਾਂ 'ਚ ਦੁਬਾਰਾ ਟੂੰਮਾਂ ਘੜਾਉਣ ਦੀ ਪਰੋਖੋਂ ਨੀ। ਵੇ ਵੀਰਾ ਮੈਂ ਤੇਰੀ ਭੈਣ ਵਰਗੀ ਆਂ!"

ਕੁੜੀ ਦਾ ਤਰਲਾ ਹੀ ਅਜਿਹਾ ਸੀ ਕਿ ਜੀਊਣੇ ਦਾ ਦਿਲ ਪਸੀਜ ਗਿਆ- ਉਹਨੇ ਝੱਟ ਚਾਦਰੇ ਦੀ ਗੰਢ ਖੋਲ੍ਹ ਦਿੱਤੀ ਤੇ ਆਖਿਆ, "ਕੁੜੀਓ ਲੈ ਜੋ ਆਪੋ ਆਪਣੀਆਂ ਟੂੰਮਾਂ।"

ਤੇ ਚਾਦਰਾ ਝਾੜ ਕੇ ਅਗਾਂਹ ਤੁਰ ਗਿਆ। ਇਸ ਘਟਨਾ ਤੋਂ ਮਗਰੋਂ ਉਹਨੇ ਆਪਣੇ ਸਾਥੀਆਂ ਨੂੰ ਤੀਆਂ ਲੁੱਟਣ ਤੋਂ ਸਦਾ ਲਈ ਵਰਜ ਦਿੱਤਾ।

ਇਕ ਦਿਨ ਰਾਹ ਜਾਂਦਿਆਂ ਜੀਊਣੇ ਨੂੰ ਭੁੱਖ ਲੱਗ ਗਈ। ਉਸ ਵੇਖਿਆ ਇਕ ਕੁੜੀ ਖੇਤ ਨੂੰ ਭੱਤਾ ਲਈ ਜਾਂਦੀ ਹੈ। ਉਹਨੇ ਕੁੜੀ ਨੂੰ ਰੋਕ ਕੇ ਆਖਿਆ, "ਭੈਣੇਂ ਰੋਟੀ ਖੁਆਏਂਗੀ ?"

"ਆਹੋ ਵੀਰ" ਆਖ ਕੁੜੀ ਨੇ ਸਿਰ ਤੋਂ ਛਿੱਕੂ ਲਾਹ ਕੇ, ਲੱਸੀ ਦੀ ਝੱਕਰੀ ਧਰਤੀ 'ਤੇ ਰੱਖੀ ਤੇ ਪੋਣੇ 'ਚੋਂ ਦੋ ਮਿੱਸੀਆਂ ਰੋਟੀਆਂ ਕੱਢ ਕੇ, ਉੱਤੇ ਅੰਬ ਦੇ ਆਚਾਰ ਦੀ ਫਾੜੀ ਤੇ ਗੰਢਾ ਧਰ ਕੇ ਉਹਦੇ ਹੱਥ ਫੜਾ ਦਿੱਤੀਆਂ।

ਜੀਊਣੇ ਨੇ ਰੋਟੀ ਖਾ ਕੇ ਕੁੜੀ ਦੇ ਹੱਥ 25 ਰੁਪਏ ਰੱਖ ਕੇ ਉਹਦਾ ਸਿਰ

ਪਲੋਸਿਆ ਤੇ ਅਗਾਂਹ ਟੁਰ ਗਿਆ।

ਕੁਝ ਦਿਨਾਂ ਮਗਰੋਂ ਜੀਊਣੇ ਮੌੜ ਨੇ ਦੌਲੇਆਲ ਪਿੰਡ ਵਿਚੋਂ ਇਕ ਵਧੀਆ ਨਸਲ ਦਾ ਘੋੜਾ ਜਾ ਖੋਲ੍ਹਿਆ, ਪਿਛਾੜੀ ਖਿੱਚੀ ਜਾਣ ਕਰਕੇ ਕਿੱਲਾ ਉਖੜ ਕੇ ਉਹਦੇ ਨੱਕ 'ਤੇ ਜਾ ਵੱਜਾ ਤੇ ਨਿਸ਼ਾਨ ਪੈ ਗਿਆ।

ਜੀਊਣੇ ਮੌੜ ਦੇ ਸਖੀਪਣੇ ਅਤੇ ਸੂਰਮਤਾਈ ਦੀਆਂ ਕਈ ਹੋਰ ਵੀ ਕਹਾਣੀਆਂ ਹਨ।

ਇਕ ਵਾਰ ਉਨ੍ਹਾਂ ਨੇ ਇਕ ਝੜੀ ਵਿਚ ਇਕ ਬਰਾਤ ਰੋਕ ਲਈ ਤੇ ਬਹੂ ਦੇ ਸਾਰੇ ਗਹਿਣੇ ਲੁਹਾ ਕੇ ਜਾਂਜੀਆਂ ਦੇ ਖੀਸੇ ਵੀ ਖ਼ਾਲੀ ਕਰਵਾ ਲਏ। ਉਹਦੇ ਨੱਕ ਦੇ ਨਿਸ਼ਾਨ ਤੋਂ ਜੱਟ ਨੇ ਪਛਾਣ ਲਿਆ ਬਈ ਇਹ ਜੀਊਣਾ ਮੌੜ ਐ। ਉਹਨੇ ਜੀਊਣੇ ਅੱਗੇ ਹੱਥ ਜੋੜ ਕੇ ਆਖਿਆ:

*"ਭੋਇੰ ਧਰ ਕੇ ਇਕ ਮੁੰਡਾ ਵਿਆਹਿਆ*
*ਬਹੂ ਨੂੰ ਟੂਮ ਛੱਲਾ ਮੰਗ ਕੇ ਪਾਇਆ*
*ਵਾਸਤਾ ਈ ਰੱਬ ਦਾ ਤੂੰ ਸਾਡਾ ਜੱਟ ਭਾਈ*
*ਲੁੱਟ ਸ਼ਾਹੂਕਾਰਾਂ ਨੂੰ ਜਿਨ੍ਹਾਂ ਲੁੱਟ ਮਚਾਈ।"*

*(ਭਗਵਾਨ ਸਿੰਘ)*

ਜੀਊਣੇ ਨੇ ਸਾਰਾ ਟੂਮ ਟੱਲਾ ਮੋੜ ਕੇ, ਪਲਿਓਂ ਹੋਰ ਹਜ਼ਾਰ ਰੁਪਿਆ ਪਾ ਕੇ ਬਰਾਤ ਅਗਾਂਹ ਤੋਰ ਦਿੱਤੀ।

ਜੀਊਣੇ ਮੌੜ ਦੀ ਸਾਰੇ ਇਲਾਕੇ ਵਿਚ ਦਹਿਸ਼ਤ ਹੀ ਐਨੀ ਸੀ ਕਿ ਕਈ ਬਦਮਾਸ਼ ਆਪਣੇ ਆਪ ਨੂੰ ਜੀਊਣਾ ਮੌੜ ਦੱਸ ਕੇ ਲੁੱਟਮਾਰ ਕਰਨ ਲੱਗ ਪਏ ਸਨ। ਇਕ ਵਾਰੀ ਇਕ ਬ੍ਰਾਹਮਣ ਆਪਣੀ ਧੀ ਨੂੰ ਸਹੁਰਿਆਂ ਤੋਂ ਲਈ ਆ ਰਿਹਾ ਸੀ। ਰਾਹ ਜੰਗਲ ਵਿਚੋਂ ਹੋ ਕੇ ਜਾਂਦਾ ਸੀ। ਜਦੋਂ ਉਹ ਜੰਗਲ 'ਚ ਵੜੇ ਅੱਗੋਂ ਬਦਮਾਸ਼ਾਂ ਨੇ ਉਨ੍ਹਾਂ ਨੂੰ ਘੇਰ ਲਿਆ। ਬ੍ਰਾਹਮਣ ਥਰ-ਥਰ ਕੰਬ ਰਿਹਾ ਸੀ ਅਤੇ ਕੁੜੀ ਦੀਆਂ ਲੇਰਾਂ ਨਿਕਲ ਰਹੀਆਂ ਸਨ। ਅਚਾਨਕ ਜੀਊਣਾ ਮੌੜ ਉਧਰੋਂ ਆ ਨਿਕਲਿਆ। ਉਸ ਨੇ ਆਉਂਦੇ ਸਾਰ ਹੀ ਬਦਮਾਸ਼ਾਂ ਨੂੰ ਲਲਕਾਰਾ ਮਾਰਿਆ।

"ਤੂੰ ਕੌਣ ਹੁਨੈ ਸਾਨੂੰ ਰੋਕਣ ਵਾਲ਼ਾ ?" ਇਕ ਮਾੜਕੂ ਜਿਹਾ ਬਦਮਾਸ਼ ਬੋਲਿਆ।

"ਮੈਂ ਆਂ ਥੋਡੀ ਧੀ ਦਾ ਖਸਮ, ਥੋਡਾ ਜਮਾਈ ਜੀਊਣਾ ਮੌੜ।"

ਜੀਊਣਾ ਮੌੜ ਦਾ ਨਾਂ ਸੁਣਦੇ ਸਾਰ ਹੀ ਬਰਸਾਤੀ ਬਦਮਾਸ਼ਾਂ ਦੇ ਹੋਸ਼ ਉੱਡ ਗਏ। ਜੀਊਣੇ ਨੇ ਜੁੱਤੀਆਂ ਮਾਰ-ਮਾਰ ਉਨ੍ਹਾਂ ਨੂੰ ਭਜਾ ਦਿੱਤਾ ਅਤੇ ਮਗਰੋਂ ਆਪ

ਜਾ ਕੇ ਬ੍ਰਾਹਮਣ ਤੇ ਉਹਦੀ ਧੀ ਨੂੰ ਉਹਦੇ ਘਰ ਛੱਡ ਕੇ ਆਇਆ।

ਬ੍ਰਾਹਮਣ ਜੀਊਣੇ ਮੌੜ ਨੂੰ ਅਸੀਸਾਂ ਦੇਂਦਾ ਨਹੀਂ ਸੀ ਥੱਕਦਾ!

ਕਹਿੰਦੇ ਨੇ ਸੰਗਰੂਰ ਕੋਲ਼ ਇਕ ਪਿੰਡ ਗੋਡੀ ਕਰਦੇ ਇਕ ਗ਼ਰੀਬ ਜੱਟ ਕੋਲ਼ ਉਹਦੀ ਮੁਟਿਆਰ ਧੀ ਰੋਟੀ ਲੈ ਕੇ ਆਈ। ਦੇਵਨੇਤ ਨਾਲ਼ ਘੁੰਮਦਾ ਘੁਮਾਉਂਦਾ ਜੀਊਣਾ ਮੌੜ ਵੀ ਉਥੇ ਆ ਗਿਆ। ਵਿਆਹੁਣ ਯੋਗ ਕੁੜੀ ਵੱਲ ਵੇਖ ਕੇ ਜੀਊਣੇ ਨੇ ਜੱਟ ਨੂੰ ਪੁੱਛਿਆ, "ਬਈ ਸਰਦਾਰਾ ਧੀ ਕਿਤੇ ਮੰਗੀ ਵਿਆਹੀ ਬੀ ਹੋਈ ਐ।"

ਜੱਟ ਨੇ ਮਸੋਸਿਆ ਜਿਹਾ ਮੂੰਹ ਕਰਕੇ ਕਿਹਾ, "ਜੀਊਣ ਸਿਆਂ, ਅਸੀਂ ਧੀ ਵਿਆਹੁਣ ਜੋਗੇ ਕਿੱਥੇ ਆਂ, ਮਸੀਂ ਗੁਜ਼ਾਰਾ ਤੁਰਦੈ-ਸਾਰੀ ਪੈਲੀ ਮਾਰੂ ਆ।"

ਜੀਊਣੇ ਮੌੜ ਨੇ ਉਸੇ ਵੇਲੇ ਆਪਣੇ ਲੱਕ ਨਾਲੋਂ ਖੋਲ੍ਹ ਕੇ ਸੌ-ਸੌ ਦੀਆਂ ਪੰਜ ਵਾਸਣੀਆਂ ਜੱਟ ਦੇ ਹਵਾਲੇ ਕਰਕੇ ਆਖਿਆ, "ਕਰ ਧੀ ਦਾ ਨਾਤਾ ਗੱਜ ਵੱਜ ਕੇ... ਦੇਖੀਂ ਕਿਤੇ ਹੋਰ ਪਾਸੇ ਵਰਤ ਲਏਂ।"

ਅੱਜ ਦੇ ਸਮੇਂ ਇਹ ਹਜ਼ਾਰਾਂ ਦੀ ਰਾਸ਼ੀ ਸੀ। ਜੱਟ ਜੀਊਣੇ ਮੌੜ ਦੀ ਸਖ਼ਾਵਤ ਦੇ ਵਾਰੇ-ਵਾਰੇ ਜਾ ਰਿਹਾ ਸੀ।

ਹੋਰ ਵੀ ਅਨੇਕਾਂ ਕਿੱਸੇ ਜੀਊਣੇ ਮੌੜ ਦੇ ਨਾਂ ਨਾਲ਼ ਜੁੜੇ ਹੋਏ ਹਨ। ਉਸ ਦੀ ਬਹਾਦਰੀ, ਸੂਰਮਗਤੀ, ਦਰਿਆ ਦਿਲੀ ਅਤੇ ਸਖ਼ਾਵਤ ਦਾ ਜ਼ਿਕਰ ਲੋਕ ਕਵੀਆਂ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਕੀਤਾ ਹੈ

*ਜੀਊਣਾ ਮੌੜ ਸਾਧ ਗਊ ਗ਼ਰੀਬ ਦੀ ਕਰੇ ਸੇਵਾ,*
*ਖੱਬੀ ਖਾਨਾਂ ਦੀ ਅਲਖ ਮੁਕਾਉਂਦਾ ਜੀ।*
*ਜੇਹੜੇ ਬਾਦਸ਼ਾਹ ਦੇ ਘਰ ਕਰੇ ਚੋਰੀ,*
*ਪਰਚਾ ਛਾਪ ਕੇ ਪਹਿਲਾਂ ਲਗਾਉਂਦਾ ਜੀ।*
*ਸ਼ੀਹਣੀ ਮਾਂ ਨੇ ਜੰਮਿਆ ਸ਼ੇਰ ਜੀਊਣਾ,*
*ਨਹੀਂ ਲੁੱਕ ਕੇ ਵ਼ਕਤ ਲੰਘਾਉਂਦਾ ਜੀ।*

*(ਭਗਵਾਨ ਸਿੰਘ)*

ਜਿਸ ਮਕਸਦ ਲਈ ਜੀਊਣਾ ਡਾਕੂ ਬਣਿਆਂ ਸੀ ਉਹ ਅਜੇ ਪੂਰਾ ਨਹੀਂ ਸੀ ਹੋਇਆ। ਡੋਗਰ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈਣ ਦਾ ਨਿਸ਼ਾਨਾ ਉਹਦੇ ਸਾਹਮਣੇ ਸੀ। ਨਿਸ਼ਾਨਾ ਪੂਰਾ ਹੋਣ 'ਤੇ ਹੀ ਉਹਦੇ ਕਲੇਜੇ ਠੰਢ ਪੈਣੀ ਸੀ।

ਇਕ ਦਿਨ ਘੋੜੀ 'ਤੇ ਸਵਾਰ ਹੋ ਕੇ ਜੀਊਣਾ ਮੌੜ ਅਹਿਮਦ ਡੋਗਰ ਦੇ ਪਿੰਡ ਡਸਕੇ ਜਾ ਪੁੱਜਾ। ਉਹਨੇ ਪਾਲੀ ਹੱਥ ਡੋਗਰ ਨੂੰ ਸੁਨੇਹਾ ਭੇਜਿਆ, "ਤੇਰਾ ਜਮਾਈ ਆਪਣੇ ਭਰਾ ਕਿਸ਼ਨੇ ਦਾ ਬਦਲਾ ਲੈਣ ਆਇਐ... ਤੈਂ ਮੇਰੇ ਭਾਈ ਨੂੰ ਧੋਖੇ

ਨਾਲ਼ ਫੜਾਇਆ ਸੀ... ਜੇ ਤੂੰ ਅਸਲੀ ਬਾਪ ਦਾ ਤੁਖ਼ਮ ਐਂ ਤਾਂ ਸਾਹਮਣੇ ਆ ਜਾ। ਪਾਜੀਆ ਫੇਰ ਨਾ ਆਖੀਂ।"

ਜੀਊਣੇ ਮੌੜ ਦਾ ਸੁਨੇਹਾ ਸੁਣਦੇ ਸਾਰ ਹੀ ਡੋਗਰ ਦੀਆਂ ਅੱਖਾਂ ਵਿਚ ਲਾਲ ਸੂਹੇ ਡੋਰੇ ਡਲ੍ਹਕ ਪਏ। ਉਹਨੇ ਕਾਰਤੂਸਾਂ ਦੀ ਪੇਟੀ ਆਪਣੇ ਮੋਢੇ ਨਾਲ਼ ਲਮਕਾਈ ਤੇ ਹੱਥ 'ਚ ਰਫ਼ਲ ਫੜ ਕੇ ਘੋੜੇ 'ਤੇ ਸਵਾਰ ਹੁੰਦਾ ਬੋਲਿਆ, "ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਉਹ ਨਿਆਈਆਂ ਵੱਲ ਨੂੰ ਭੱਜਦੈ। ਅੱਜ ਵੱਡਾ ਸੂਰਮਾ ਜੀਊਣਾ ਮੇਰੇ ਕੋਲ਼ੋਂ ਬਚ ਕੇ ਨੀ ਜਾ ਸਕਦਾ।"

ਡੋਗਰ ਦੀ ਘਰ ਵਾਲ਼ੀ ਨੇ ਉਸ ਨੂੰ ਰੋਕਿਆ ਵੀ ਪਰ ਡੋਗਰ ਦੇ ਸਿਰ ਖ਼ੂਨ ਸਵਾਰ ਹੋਇਆ ਹੋਇਆ ਸੀ। ਉਹ ਪਿੰਡੋਂ ਬਾਹਰ ਮੈਦਾਨ ਵਿਚ ਜਾ ਪੁੱਜਾ ਜਿੱਥੇ ਖੜ੍ਹਾ ਜੀਊਣਾ ਮੌੜ ਖੌਰੂ ਪਾ ਰਿਹਾ ਸੀ।

ਜੀਊਣੇ ਨੇ ਡੋਗਰ ਨੂੰ ਲਲਕਾਰਿਆ, "ਡੋਗਰਾ ਮੈਂ ਤੇਰੇ ਅਰਗਾ ਪਾਜੀ ਨੀ। ਸੂਰਮਾ ਕਿਸੇ ਨੂੰ ਧੋਖੇ ਨਾਲ਼ ਨੀ ਮਾਰਦਾ। ਪਹਿਲਾ ਵਾਰ ਤੇਰੈ।"

ਡੋਗਰ ਨੇ ਪਹਿਲਾ ਫ਼ਾਇਰ ਕੀਤਾ। ਜੀਊਣੇ ਦੀ ਘੋੜੀ ਧਰਤੀ 'ਤੇ ਨਿਮ ਗਈ। ਗੋਲ਼ੀ ਉਪਰੋਂ ਲੰਘ ਗਈ। ਦੂਜਾ ਫ਼ਾਇਰ ਵੀ ਫੋਕਾ ਹੀ ਗਿਆ। ਜੀਊਣੇ ਮੌੜ ਨੇ ਅਜਿਹੀ ਸਿਸਤ ਬੰਨ੍ਹੀਂ ਕਿ ਪਹਿਲੇ ਫ਼ਾਇਰ ਨਾਲ਼ ਹੀ ਡੋਗਰ ਨੂੰ ਪਾਰ ਬੁਲਾ ਦਿੱਤਾ।

ਡੋਗਰ ਦੀ ਲਾਸ਼ ਧਰਤੀ 'ਤੇ ਤੜਪ ਰਹੀ ਸੀ। ਡੋਗਰ ਦੇ ਘਰ ਹਾਹਾਕਾਰ ਮੱਚ ਗਈ।

ਕਿਸੇ ਮੌੜੀਂ ਜਾ ਦੱਸਿਆ "ਜੀਊਣੇ ਨੇ ਡੋਗਰ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈ ਲਿਐ।" ਸਾਰਾ ਪਿੰਡ ਉਸ ਦੇ ਬਲਿਹਾਰੇ ਜਾ ਰਿਹਾ ਸੀ।

ਡੋਗਰ ਦੇ ਮਾਰਨ ਦੀ ਖ਼ਬਰ ਸਾਰੇ ਇਲਾਕੇ ਵਿਚ ਅੱਗ ਵਾਂਗ ਫੈਲ ਗਈ... ਘਰ-ਘਰ ਜੀਊਣੇ ਮੌੜ ਦੀਆਂ ਗੱਲਾਂ ਹੋ ਰਹੀਆਂ ਸਨ... ਹਰ ਕੋਈ ਉਸ ਅਣਖੀ ਸੂਰਮੇ ਦੀਆਂ ਗੱਲਾਂ ਕਰ ਰਿਹਾ ਸੀ।

*ਘਰ ਘਰ ਪੁੱਤ ਜੰਮਦੇ*
*ਜੀਊਣਾ ਮੌੜ ਨੀ ਕਿਸੇ ਬਣ ਜਾਣਾ*

ਬੁਡਲਾਢੇ ਦੀ ਪੁਲਿਸ ਨੇ ਜੀਊਣੇ ਮੌੜ ਨੂੰ ਫੜਨ ਦੀ ਸਿਰਤੋੜ ਕੋਸ਼ਿਸ਼ ਕੀਤੀ ਪਰੰਤੂ ਉਹ ਉਨ੍ਹਾਂ ਦੇ ਹੱਥ ਆਉਣ ਵਾਲ਼ਾ ਕਿੱਥੇ ਸੀ। ਪੁਲਿਸ ਤਾਂ ਉਸ ਪਾਸੋਂ ਥਰ-ਥਰ ਕੰਬਦੀ ਸੀ। ਉਹਦੇ ਸਾਹਮਣੇ ਹੋਣ ਦਾ ਹੌਸਲਾ ਨਹੀਂ ਸੀ ਕਰਦੀ। ਪੂਰੀ ਸ਼ਾਨ ਨਾਲ਼ ਜੀਊਣਾ ਮੌੜ ਆਪਣੇ ਇਲਾਕੇ ਵਿਚ ਵਿਚਰ ਰਿਹਾ ਸੀ।

ਜੀਊਣਾ ਅਲਬੇਲੇ ਸੁਭਾਅ ਦਾ ਮਾਲਕ ਸੀ, ਅੱਲੋਕਾਰ ਗੱਲਾਂ ਕਰਨ ਵਾਲਾ। ਇਕ ਵਾਰ ਉਸ ਨੂੰ ਕੀ ਸੁਝੀ- ਉਹਨੇ ਨਾਭੇ ਦੇ ਰਾਜੇ ਹੀਰਾ ਸਿੰਘ ਦੇ ਅਸਤਬਲ ਵਿਚੋਂ ਜਾ ਕੇ ਘੋੜੀ ਖੋਲ੍ਹ ਲਈ। ਰਫ਼ਲ ਸਿੰਨ੍ਹ ਕੇ ਸੰਤਰੀ ਨੂੰ ਆਖਿਆ, "ਕਹਿ ਦੀਂ ਆਪਣੇ ਰਾਜੇ ਨੂੰ ਜੀਊਣਾ ਮੌੜ ਲੈ ਗਿਆ ਤੇਰੀ ਘੋੜੀ।"

ਲੋਕੀਂ ਵਾਰੇ-ਵਾਰੇ ਜਾ ਰਹੇ ਸਨ ਜੀਊਣੇ ਮੌੜ ਦੇ, ਜਿਸ ਨੇ ਰਾਜੇ ਦੀ ਘੋੜੀ ਖੋਲ੍ਹ ਲਈ ਸੀ। ਰਾਜੇ ਨੇ ਆਪਣੀ ਪੁਲਿਸ ਉਹਦੇ ਮਗਰ ਲਾ ਦਿੱਤੀ। ਆਖ਼ਰ ਸੁਤਾ ਪਿਆ ਜੀਊਣਾ ਮੌੜ ਫੜਿਆ ਗਿਆ, ਕਹਿੰਦਾ, "ਮੈਂ ਤਾਂ ਚਾਲ ਵੇਖਣ ਲਈ ਹੀ ਚੁਰਾਈ ਸੀ।"

ਉਸ ਨੂੰ ਨਾਭਾ ਜੇਲ੍ਹ ਵਿਚ ਡੱਕ ਦਿੱਤਾ ਗਿਆ ਪਰੰਤੂ ਉਹ ਅਗਲੀ ਰਾਤ ਹੀ ਜੇਲ੍ਹ ਭੰਨ ਕੇ ਨਸ ਆਇਆ...

ਜੀਊਣਾ ਮੌੜ ਨੈਣਾਂ ਦੇਵੀ ਦਾ ਸ਼ਰਧਾਲੂ ਸੀ। ਉਸ ਨੂੰ ਵਿਸ਼ਵਾਸ ਸੀ ਕਿ ਉਹ ਉਸ ਦੀ ਹਰ ਪਲ ਰੱਖਿਆ ਕਰਦੀ ਹੈ। ਉਹਨੇ ਨੈਣਾਂ ਦੇਵੀ ਦੇ ਮੰਦਿਰ 'ਤੇ ਜਾ ਕੇ ਸੋਨੇ ਦਾ ਛਤਰ ਚੜ੍ਹਾਉਣ ਦਾ ਐਲਾਨ ਕਰ ਦਿੱਤਾ:

*ਉਸ ਨੇ ਖ਼ਬਰਾਂ ਭੇਜੀਆਂ ਸਾਰੇ ਰਾਜਿਆਂ ਨੂੰ,*
*ਨੈਣਾਂ ਦੇਵੀ ਦੇ ਮੰਦਰ 'ਤੇ ਜਾਊਂਗਾ ਮੈਂ।*
*ਜੀਹਦੇ ਆਸਰੇ ਫ਼ੌਜਾਂ ਦੇ ਨੱਕ ਮੋੜੇ,*
*ਛਤਰ ਸੋਨੇ ਦਾ ਚਾੜ੍ਹ ਕੇ ਆਊਂਗਾ ਮੈਂ।*
*ਜ਼ੋਰ ਲਾ ਕੇ ਆਜਿਓ ਫੜਨ ਮੈਨੂੰ,*
*ਨਹੀਂ ਮਰਨ ਤੋਂ ਮੁੱਖ ਭਵਾਊਂਗਾ ਮੈਂ।*

ਨੈਣਾਂ ਦੇਵੀ ਦੇ ਦਰਸ਼ਨਾਂ ਨੂੰ ਜਾਂਦਿਆਂ ਜੀਊਣੇ ਮੌੜ ਨੇ ਪਟਿਆਲਾ ਸ਼ਹਿਰ ਵਿਚ ਜਾ ਕੇ ਪੁਲਿਸ ਦੇ ਹੌਲ਼ਦਾਰ ਦਾ ਭੇਸ ਧਾਰ ਕੇ ਕਿਲ੍ਹਾ ਮੁਬਾਰਕ ਦੀ ਕੰਧ ਉੱਤੇ ਲਿਖ ਕੇ ਕਾਗਜ਼ ਲਾ ਦਿੱਤਾ, "ਜੀਊਣਾ ਮੌੜ ਅਦਾਲਤ ਬਾਜ਼ਾਰ 'ਚ ਫਿਰਦੈ, ਫੜ ਲਓ, ਆਥਣੇ ਸੱਤ ਵਜੇ ਉਹ ਨੈਣਾਂ ਦੇਵੀ ਨੂੰ ਜਾਣ ਖ਼ਾਤਰ ਗੱਡੀ ਚੜ੍ਹੂਗਾ।"

ਥਾਂ-ਥਾਂ ਪੁਲਿਸ ਟੱਕਰਾਂ ਮਾਰਦੀ ਰਹੀ ਪਰੰਤੂ ਜੀਊਣਾ ਮੌੜ ਸਾਧੂ ਦਾ ਭੇਸ ਧਾਰ ਕੇ ਨੈਣਾਂ ਦੇਵੀ ਲਈ ਗੱਡੀ 'ਚ ਸਵਾਰ ਹੋ ਗਿਆ। ਰੇਲ ਦੇ ਕੱਲੇ-ਕੱਲੇ ਡੱਬੇ 'ਚ ਭਾਲ਼ ਕੀਤੀ ਗਈ ਪਰੰਤੂ ਸਾਧ ਬਣਿਆਂ ਜੀਊਣਾ ਮੌੜ ਕਿਸੇ ਤੋਂ ਪਛਾਣ ਨਾ ਹੋਇਆ।

ਜੀਊਣਾ ਮੌੜ ਸਾਧ ਦੇ ਭੇਸ ਵਿਚ ਨੈਣਾਂ ਦੇਵੀ ਦੇ ਦਰਸ਼ਨਾਂ ਲਈ ਨੈਣਾਂ ਦੇਵੀ ਦੇ ਮੰਦਿਰ ਪੁੱਜ ਗਿਆ। ਪੁਲਿਸ ਭੇਸ ਬਦਲ ਕੇ ਮੰਦਿਰ ਦੇ ਅੰਦਰ-ਬਾਹਰ

ਸਤਰੱਕ ਖੜੋਤੀ ਹੋਈ ਸੀ। ਜੀਊਣੇ ਮੌੜ ਨੇ ਸਾਧੂ ਦੇ ਭੇਸ ਵਿਚ ਨੈਣਾਂ ਦੇਵੀ ਦੇ ਖੁੱਲ੍ਹੇ ਦੀਦਾਰ ਕੀਤੇ ਤੇ ਸ਼ਰਧਾ ਨਾਲ਼ ਸੋਨੇ ਦਾ ਛਤਰ ਦੇਵੀ ਦੀ ਮੂਰਤੀ 'ਤੇ ਚੜ੍ਹਾ ਆਂਦਾ। ਜੀਊਣੇ ਮੌੜ ਨੇ ਛਤਰ ਚੜ੍ਹਾਇਆ ਹੀ ਸੀ ਕਿ ਇਕ ਸਿਪਾਹੀ ਨੇ ਉਸ ਨੂੰ ਉਹਦੇ ਨੱਕ ਦੇ ਨਿਸ਼ਾਨ ਤੋਂ ਪਛਾਣ ਲਿਆ। ਪੁਲਿਸ ਨੇ ਘੇਰਾ ਤੰਗ ਕਰਕੇ ਉਸ ਨੂੰ ਘੇਰ ਲਿਆ। ਨਿਹੱਥਾ ਹਥਿਆਰ ਬੰਦ ਪੁਲਿਸ ਦਾ ਮੁਕਾਬਲਾ ਉਹ ਕਦੋਂ ਤਕ ਕਰਦਾ। ਆਖ਼ਰ ਜੀਊਣਾ ਮੌੜ ਪੁਲਿਸ ਦੇ ਕਾਬੂ ਆ ਗਿਆ। ਬੇਵੱਸ ਸ਼ੇਰ ਚੰਘਾੜਦਾ ਰਿਹਾ।

ਨੈਣਾਂ ਦੇਵੀ ਦੇ ਸ਼ਰਧਾਲੂਆਂ ਦਾ ਮੱਤ ਹੈ ਕਿ ਜੀਊਣਾ ਮੌੜ ਪੁਲਿਸ ਦੇ ਹੱਥ ਨਹੀਂ ਸੀ ਲੱਗਾ। ਉਸ ਨੇ ਪਹਾੜੀ ਤੋਂ ਛਲਾਂਗ ਲਗਾ ਕੇ ਜਾਨ ਦੇ ਦਿੱਤੀ ਸੀ। ਉਨ੍ਹਾਂ ਨੇ ਓਥੇ ਉਹਦੀ ਸਮਾਧ ਵੀ ਬਣਾਈ ਹੋਈ ਹੈ ਪਰੰਤੂ ਅਸਲੀਅਤ ਤਾਂ ਇਹ ਹੈ ਕਿ ਜੀਊਣੇ ਮੌੜ ਨੂੰ ਫ਼ਿਰੋਜ਼ਪੁਰ ਦੀ ਜੇਲ੍ਹ ਵਿਚ ਡੱਕ ਦਿੱਤਾ ਗਿਆ। ਮੁਕੱਦਮਾ ਚੱਲਿਆ। ਵਲਾਇਤ ਦੀ ਮਲਕਾ ਨੇ ਉਸ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ। ਪੰਜਾਬ ਦਾ ਇਹ ਸੂਰਬੀਰ ਅਣਖੀਲਾ ਯੋਧਾ ਅਣਖ ਅਤੇ ਗ਼ੈਰਤ ਲਈ ਆਪਣੀ ਜਿੰਦੜੀ ਘੋਲ ਘੁਮਾ ਗਿਆ। ਉਹ ਹੱਸਦਿਆਂ-ਹੱਸਦਿਆਂ ਫ਼ਾਂਸੀ ਦੇ ਤਖ਼ਤੇ 'ਤੇ ਝੂਲ ਗਿਆ। ਪੰਜਾਬ ਦੇ ਲੋਕ ਕਵੀਆਂ ਨੇ ਉਹਦੀ ਜੀਵਨ ਕਹਾਣੀ ਨੂੰ ਆਪਣੇ ਸ਼ਬਦਾਂ ਦੀਆਂ ਲੜੀਆਂ 'ਚ ਪਰੋਇਆ ਹੈ ਤੇ ਪੰਜਾਬ ਦਾ ਲੋਕ ਮਾਣਸ ਉਸ ਦੀਆਂ ਪਾਈਆਂ ਪੈੜਾਂ ਨੂੰ ਬਾਰਮ-ਬਾਰ ਪ੍ਰਣਾਮ ਕਰਦਾ ਹੈ...

•

# ਰੂਪ ਬਸੰਤ

ਰੂਪ ਬਸੰਤ ਦੀ ਲੋਕ ਗਾਥਾ ਸਦੀਆਂ ਪੁਰਾਣੀ ਏ। ਇਤਿਹਾਸ ਦੀਆਂ ਪੈੜਾਂ ਇਸ ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਉੱਚਾ ਪਿੰਡ ਸੰਘੋਲ ਨਾਲ਼ ਜਾ ਜੋੜਦੀਆਂ ਹਨ। ਇਸ ਪਿੰਡ ਦੇ ਨਾਂ ਨਾਲ਼ ਕਈ ਦੰਦ ਕਥਾਵਾਂ ਜੁੜੀਆਂ ਹੋਈਆਂ ਹਨ। ਕਹਿੰਦੇ ਨੇ ਹਜ਼ਾਰਾਂ ਵਰ੍ਹੇ ਪਹਿਲਾਂ ਸੰਘੋਲ ਇਕ ਘੁਗ ਵਸਦਾ ਸ਼ਹਿਰ ਸੀ ਜਿਸ ਦਾ ਨਾਂ ਸੀ ਸੰਗਲਾਦੀਪ- ਰੂਪ ਬਸੰਤ ਦੇ ਪਿਤਾ ਰਾਜਾ ਖੜਗ ਸੈਨ ਦੀ ਰਾਜਧਾਨੀ।

ਰਾਜਾ ਖੜਗ ਸੈਨ ਇਕ ਨੇਕ ਦਿਲ, ਧਰਮੀ ਅਤੇ ਅਦਲੀ ਰਾਜੇ ਦੇ ਨਾਂ ਨਾਲ਼ ਪ੍ਰਸਿੱਧ ਸੀ। ਉਸ ਦੇ ਰਾਜ ਵਿਚ ਪਰਜਾ ਬਹੁਤ ਸੁਖੀ ਸੀ। ਸਾਰੇ ਉਸ ਨੂੰ ਬੜਾ ਆਦਰ ਮਾਣ ਦੇਂਦੇ ਸਨ। ਕਿਸੇ ਗੱਲ ਦੀ ਉਸ ਨੂੰ ਤੋਟ ਨਹੀਂ ਸੀ- ਔਲਾਦ ਵਲੋਂ ਵੀ ਉਹ ਸੰਤੁਸ਼ਟ ਸੀ। ਉਸ ਦੇ ਦੋ ਪਿਆਰੇ ਪੁੱਤਰ ਸਨ ਰੂਪ ਤੇ ਬਸੰਤ, ਜਿਨ੍ਹਾਂ ਨੂੰ ਵੇਖਿਆਂ ਭੁੱਖ ਲਹਿੰਦੀ ਸੀ- ਅੱਖੀਆਂ ਰੱਜ ਰੱਜ ਜਾਂਦੀਆਂ ਸਨ! ਰੂਪ ਵੱਡਾ ਸੀ ਪੰਦਰਾਂ ਵਰ੍ਹਿਆਂ ਦਾ ਤੇ ਬਸੰਤ ਰੂਪ ਤੋਂ ਦੋ ਸਾਲ ਛੋਟਾ ਸੀ ਪਰੰਤੂ ਖੜਗ ਸੈਨ ਆਪਣੀ ਪਿਆਰੀ ਰਾਣੀ ਰੂਪਵਤੀ ਵਲੋਂ ਫ਼ਿਕਰਮੰਦ ਸੀ। ਰੂਪਵਤੀ ਕੁਝ ਸਮੇਂ ਤੋਂ ਬਿਮਾਰ ਸੀ। ਰਾਜ ਦੇ ਹਕੀਮਾਂ ਨੇ ਉਹਦਾ ਬਹੁਤੇਰਾ ਇਲਾਜ ਕੀਤਾ ਪਰੰਤੂ ਉਹ ਅਜਿਹੀ ਮੰਜੇ 'ਤੇ ਪਈ ਕਿ ਉਠ ਨਾ ਸਕੀ। ਉਹ ਮੰਜੇ 'ਤੇ ਪਈ ਸੋਚਾਂ 'ਚ ਡੁੱਬੀ ਹੋਈ ਸੀ ਕਿ ਅਚਾਨਕ ਉਹਦੀ ਨਿਗਾਹ ਕਮਰੇ ਦੀ ਛੱਤ ਦੀਆਂ ਕੜੀਆਂ 'ਤੇ ਜਾ ਪਈ ਜਿੱਥੇ ਇਕ ਚਿੜਾ-ਚਿੜੀ ਆਪਣੇ ਆਲ੍ਹਣੇ ਵਿਚ ਪਏ ਦੋ ਨਿੱਕੇ-ਨਿੱਕੇ ਬੋਟਾਂ ਨੂੰ ਚੋਗਾ ਖਲ੍ਹਾ ਰਹੇ ਸਨ- ਦੋਨੋਂ ਵਾਰੀ-ਵਾਰੀ ਜਾਂਦੇ ਬਾਹਰੋਂ ਆਪਣੀ ਚੁੰਝ ਵਿਚ ਚੋਗਾ ਲਿਆ ਕੇ ਆਪਣੇ ਬੱਚਿਆਂ ਦੇ ਮੂੰਹਾਂ 'ਚ ਪਾ ਦੇਂਦੇ। ਰਾਣੀ ਕਈ ਦਿਨ ਲਗਾਤਾਰ ਚਿੜੀ-ਚਿੜੇ ਦੀ ਖੇਡ ਵੇਖਦੀ ਰਹੀ।

ਇਕ ਦਿਨ ਕੀ ਹੋਇਆ ਰਾਣੀ ਦੇ ਵੇਂਹਦਿਆਂ-ਵੇਂਹਦਿਆਂ ਚਿੜੀ ਇਕ ਦਮ ਫ਼ਰਸ਼ 'ਤੇ ਡਿੱਗ ਪਈ ਤੇ ਡਿਗਦੇ ਸਾਰ ਹੀ ਉਹਦੀ ਮੌਤ ਹੋ ਗਈ। ਰਾਣੀ ਨੂੰ ਚਿੜੀ ਦੀ ਮੌਤ ਨੇ ਸੋਚਾਂ 'ਚ ਡੁਬੋ ਦਿੱਤਾ... ਨਿੱਕੇ-ਨਿੱਕੇ ਬੋਟ ਭਲਾ ਮਾਂ ਦੇ ਨਿੱਘ ਤੋਂ ਬਿਨਾਂ ਕਿਵੇਂ ਪਲਣਗੇ। ਰਾਣੀ ਦੀਆਂ ਅੱਖਾਂ 'ਚੋਂ ਹੰਝੂ ਟਪਕ ਪਏ ਤੇ ਉਹਨੇ ਠੰਢਾ ਹੌਕਾ ਭਰਿਆ। ਉਹਦੀ ਸੁਰਤ ਹੁਣ ਹਰ ਪਲ ਆਲ੍ਹਣੇ 'ਤੇ ਹੀ ਟਿਕੀ ਹੋਈ ਸੀ। ਉਹਨੇ ਵੇਖਿਆ ਚਿੜੇ ਨਾਲ਼ ਇਕ ਹੋਰ ਚਿੜੀ ਆ ਕੇ ਰਹਿਣ ਲੱਗ ਪਈ ਹੈ... ਜਦੋਂ

ਚਿੜਾ ਬਾਹਰ ਜਾਂਦਾ ਤਾਂ ਉਹ ਬੱਚਿਆਂ ਨੂੰ ਆਪਣੀ ਚੁੰਝ ਨਾਲ਼ ਮਾਰਨ ਲਗਦੀ ਅਤੇ ਭੋਜਨ ਦੀ ਥਾਂ ਭਖੜਾ ਅਤੇ ਪੱਥਰ ਦੇ ਬਰੀਕ ਟੋਟੇ ਉਨ੍ਹਾਂ ਦੇ ਮੂੰਹ ਵਿਚ ਪਾ ਦੇਂਦੀ- ਭੋਖੜੇ ਦੇ ਕਾਰਨ ਦੋਨੋਂ ਬੱਚੇ ਦਿਨਾਂ ਵਿਚ ਹੀ ਮਰ ਗਏ... ਇਸ ਘਟਨਾ ਨੇ ਰਾਣੀ ਨੂੰ ਸਿਰ ਤੋਂ ਪੈਰਾਂ ਤਕ ਝੰਜੋੜ ਕੇ ਰੱਖ ਦਿੱਤਾ।

ਇਕ ਸ਼ਾਮ ਰਾਜਾ ਖੜਗ ਸੈਨ ਜਦੋਂ ਮਹਿਲੀਂ ਆਇਆ ਤਾਂ ਰੂਪਵਤੀ ਦੇ ਮੁਰਝਾਏ ਚਿਹਰੇ ਨੂੰ ਵੇਖ ਕੇ ਘਬਰਾ ਗਿਆ! ਉਸ ਨੇ ਉਸ ਨੂੰ ਸਨੇਹ ਭਰੀਆਂ ਨਜ਼ਰਾਂ ਨਾਲ਼ ਵੇਖਿਆ ਤੇ ਬੋਲਿਆ, "ਰਾਣੀ ਕਿਉਂ ਹੌਸਲਾ ਹਾਰ ਰਹੀ ਏਂ ? ਤਕੜੀ ਹੋ- ਸੁਖ ਨਾਲ਼ ਆਪਣੇ ਰੂਪ ਬਸੰਤ ਜਵਾਨ ਹੋ ਰਹੇ ਨੇ- ਆਪਾਂ ਇਨ੍ਹਾਂ ਦੇ ਵਿਆਹ ਵੀ ਕਰਨੇ ਨੇ।"

"ਰਾਜਨ! ਹੁਣ ਮੈਂ ਨਹੀਂ ਬਚਣਾ! ਕੁਝ ਦਿਨਾਂ ਦੀ ਹੀ ਪ੍ਰਾਹੁਣੀ ਆਂ! ਮੇਰੀ ਇਕ ਮੰਗ ਐ..." ਰੂਪਵਤੀ ਨੇ ਲੇਲ੍ਹੜੀ ਕੱਢਦਿਆਂ ਆਖਿਆ।

ਖੜਗ ਸੈਨ ਦੀਆਂ ਅੱਖਾਂ ਨਮ ਹੋ ਗਈਆਂ। ਉਹਦਾ ਗਲ਼ਾ ਭਰ ਆਇਆ ਪਰੰਤੂ ਉਸ ਰੂਪਵਤੀ ਨੂੰ ਆਪਣੀ ਬੁੱਕਲ 'ਚ ਲੈ ਕੇ ਹੌਸਲਾ ਦਿੱਤਾ, "ਹੈ ਕਮਲ਼ੀ! ਕਿਧਰੇ ਨੀ ਤੈਨੂੰ ਜਾਣ ਦੇਂਦੇ ਅਸੀਂ... ਤੇਰੇ ਹੱਥੀਂ ਕਾਜ ਕਰਾਉਣੇ ਨੇ... ਇਕ ਮੰਗ ਕੀ ਸੈਆਂ ਮੰਗਾਂ ਪੂਰੀਆਂ ਕਰਾਂਗਾ!"

"ਰਾਜਨ! ਮੇਰੀ ਇਕੋ ਮੰਗ ਐ- ਬਚਨ ਦੇਵੋ ਕਿ ਤੁਸੀਂ ਮੇਰੀ ਮੌਤ ਤੋਂ ਮਗਰੋਂ ਦੂਜੀ ਸ਼ਾਦੀ ਨਹੀਂ ਕਰਵਾਓਗੇ- ਮੇਰੇ ਬੱਚਿਆਂ ਨੂੰ ਮਤਰੇਈ ਮਾਂ ਦੇ ਵਸ ਨਹੀਂ ਪਾਓਗੇ।"

"ਮੇਰੀ ਰਾਣੀ ਅਜਿਹਾ ਨਹੀਂ ਹੋਵੇਗਾ, ਬਚਨ ਰਿਹਾ। ਇਸ ਗੱਲੋਂ ਨਿਸਚਿੰਤ ਹੋ ਜਾ!"

ਰਾਜੇ ਪਾਸੋਂ ਬਚਨ ਲੈ ਕੇ ਰੂਪਵਤੀ ਚਿੰਤਾਮੁਕਤ ਹੋ ਗਈ ਤੇ ਮੰਜੇ 'ਤੇ ਘੂਕ ਸੌਂ ਗਈ!

ਸ਼ਾਹੀ ਹਕੀਮ ਵਲੋਂ ਉਸ ਦਾ ਇਲਾਜ ਚਲਦਾ ਰਿਹਾ ਪਰੰਤੂ ਉਹ ਕੁਝ ਦਿਨਾਂ ਮਗਰੋਂ ਸਵਰਗ ਸਿਧਾਰ ਗਈ।

ਰਾਣੀ ਦੀ ਮੌਤ ਕਾਰਨ ਸਾਰੇ ਰਾਜ ਵਿਚ ਸੋਗ ਦੀ ਲਹਿਰ ਦੌੜ ਗਈ। ਰੂਪ ਬਸੰਤ ਆਪਣੀ ਮਾਂ ਦੇ ਵਿਯੋਗ ਵਿਚ ਬਹੁਤ ਰੁੰਨੇ... ਉਨ੍ਹਾਂ ਦਾ ਰੋਣ ਝੱਲਿਆ ਨਹੀਂ ਸੀ ਜਾਂਦਾ। ਖੜਗ ਸੈਨ ਆਪ ਹਾਲੋਂ ਬੇਹਾਲ ਹੋਇਆ ਪਿਆ ਸੀ। ਉਸ ਨੂੰ ਸੁਝ ਨਹੀਂ ਸੀ ਰਿਹਾ ਕਿ ਕਿਵੇਂ ਆਪਣੇ ਆਪ 'ਤੇ ਕਾਬੂ ਪਾਵੇ। ਰਾਜ ਦੇ ਅਹਿਲਕਾਰਾਂ ਤੇ ਦਰਬਾਰੀਆਂ ਨੇ ਉਨ੍ਹਾਂ ਦੇ ਗ਼ਮ ਨੂੰ ਭੁਲਾਉਣ ਲਈ ਸੈਆਂ ਦਿਲਬਰੀਆਂ ਦਿੱਤੀਆਂ ਤੇ ਢਾਰਸਾਂ ਬੰਨ੍ਹਾਈਆਂ।

ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਰੂਪ ਬਸੰਤ ਜਵਾਨੀ ਦੀਆਂ ਬਰੂਹਾਂ 'ਤੇ

ਪੁਜ ਚੁੱਕੇ ਸਨ... ਉਨ੍ਹਾਂ ਦੇ ਆਪਣੇ ਸ਼ੌਕ ਸਨ- ਰੂਪ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ ਤੇ ਬਸੰਤ ਕਬੂਤਰ ਉਡਾਣ ਦਾ ਸ਼ੌਂਕੀ ਸੀ! ਅੱਲੜ੍ਹ ਜਵਾਨੀ ਆਪਣੇ ਸ਼ੌਕਾਂ 'ਚ ਮਸਤ ਸੀ। ਖੜਗ ਸੈਨ ਨੂੰ ਰਾਜ ਦਰਬਾਰ ਦੇ ਕੰਮਾਂ-ਕਾਜਾਂ ਤੋਂ ਵਿਹਲ ਨਹੀਂ ਸੀ ਮਿਲਦੀ। ਇਨ੍ਹਾਂ ਰੁਝੇਵਿਆਂ ਕਰਕੇ ਉਹ ਰਾਣੀ ਦੇ ਵਿਯੋਗ ਨੂੰ ਭੁੱਲਣ ਲੱਗੇ।

ਖੜਗ ਸੈਨ ਨੂੰ ਆਪਣੀ ਰਾਣੀ ਰੂਪਵਤੀ ਨਾਲ਼ ਬਹੁਤ ਮੁਹੱਬਤ ਸੀ। ਉਹਦੇ ਵਿਛੋੜੇ ਦਾ ਉਹਦੇ ਮਨ ਅਤੇ ਸਰੀਰ 'ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਸੀ। ਖੜਗ ਸੈਨ ਰਾਜ ਦਰਬਾਰ ਵਿਚੋਂ ਜਦੋਂ ਆਪਣੇ ਮਹਿਲਾਂ ਨੂੰ ਆਉਂਦਾ ਉਹਨੂੰ ਡੋਬੂ ਪੈਣ ਲੱਗ ਜਾਂਦੇ- ਰਾਣੀ ਬਿਨਾਂ ਸੁੰਨਾ ਮਹਿਲ ਵੱਢ ਖਾਣ ਨੂੰ ਆਉਂਦਾ। ਦੋ ਢਾਈ ਵਰ੍ਹੇ ਇਸੇ ਅਵਸਥਾ ਵਿਚ ਲੰਘ ਗਏ। ਆਖ਼ਰ ਉਹਦੇ ਅਮੀਰਾਂ-ਵਜ਼ੀਰਾਂ ਨੇ ਉਹਨੂੰ ਦੂਜੀ ਸ਼ਾਦੀ ਕਰਵਾਉਣ ਲਈ ਮਨਾ ਲਿਆ। ਰਾਜਿਆਂ ਨੂੰ ਭਲਾ ਸ਼ਾਦੀਆਂ ਦਾ ਕੀ ਘਾਟਾ! ਸੰਗਲਾਦੀਪ ਦੇ ਰਾਜਪੂਤ ਸਰਦਾਰ ਇੰਦਰ ਸੈਨ ਨੇ ਆਪਣੀ ਸੋਲਾਂ ਸਤਾਰਾਂ ਵਰ੍ਹੇ ਦੀ ਪਰੀਆਂ ਵਰਗੀ ਮਲੂਕ ਧੀ ਚੰਦਰਵਤੀ ਅਧਖੜ ਉਮਰ ਦੇ ਰਾਜਾ ਖੜਗ ਸੈਨ ਨਾਲ਼ ਵਿਆਹ ਦਿੱਤੀ! ਮਹਿਲਾਂ ਵਿਚ ਮੁੜ ਰੌਣਕਾਂ ਆ ਗਈਆਂ।

ਚੰਦਰਵਤੀ ਦੀ ਮਹਿਕਾਂ ਭਰੀ ਜਵਾਨੀ ਨੇ ਅਧਖੜ ਉਮਰ ਦੇ ਖੜਗ ਸੈਨ ਨੂੰ ਕੀਲ ਲਿਆ... ਮਾਂਗਵੀਂ ਜਵਾਨੀ ਨੂੰ ਉਹ ਭਲਾ ਕਿੰਨਾ ਕੁ ਸਮਾਂ ਹੰਢਾਉਂਦਾ। ਚੰਦਰਵਤੀ ਦੀ ਜਵਾਨੀ ਉਹਦੇ ਮਖ਼ਮਲੀ ਤੇ ਰੇਸ਼ਮੀ ਕਪੜਿਆਂ ਵਿਚ ਮਿਆਉਂਦੀ ਨਹੀਂ ਸੀ ਤੇ ਨਾ ਹੀ ਉਹਦਾ ਅਧਖੜ ਉਮਰ ਦਾ ਪਤੀ ਉਹਦੀਆਂ ਅੰਦਰੂਨੀ ਭਾਵਿਕ ਤੇ ਕਾਮੁਕ ਭਾਵਨਾਵਾਂ ਨੂੰ ਸੰਤੁਸ਼ਟੀ ਪ੍ਰਦਾਨ ਕਰਨ ਦੇ ਸਮਰੱਥ ਸੀ... ਹੀਰੇ ਜਵਾਹਰਾਤ ਤੇ ਹਾਰ ਸ਼ਿੰਗਾਰ ਉਹਦੀ ਭਾਵੁਕ ਤ੍ਰਿਸ਼ਨਾ ਨੂੰ ਤ੍ਰਿਪਤ ਨਹੀਂ ਸੀ ਕਰ ਰਹੇ। ਜਦੋਂ ਕਦੀ ਉਹ ਆਪਣੇ ਸੌਂਕਣ ਦੇ ਪੁੱਤਰਾਂ ਰੂਪ ਤੇ ਬਸੰਤ ਵਲ ਵੇਖਦੀ ਤਾਂ ਇਕ ਅਗੰਮੀ ਖ਼ੁਸ਼ੀ ਉਹਦੇ ਅੰਦਰ ਝਰਨਾਟਾਂ ਛੇੜ ਦੇਂਦੀ.. ਰੂਪ ਤੇ ਬਸੰਤ ਲੋਹੜੇ ਦੇ ਹੁਸੀਨ ਸਨ ਤੇ ਅਜੇ ਜਵਾਨੀ ਦੀਆਂ ਬਰੂਹਾਂ 'ਤੇ ਕਦਮ ਰੱਖ ਰਹੇ ਸਨ... ਉਹਦਾ ਦਿਲ ਕਰਦਾ ਉਹ ਉਨ੍ਹਾਂ ਨਾਲ਼ ਹੱਸੇ, ਖੇਡੇ, ਅਠਖੇਲੀਆਂ ਕਰੇ... ਉਹਦੇ ਅੰਦਰ ਇਕ ਖ਼ਾਹਸ਼ ਬੜੀ ਤੀਬਰਤਾ ਨਾਲ਼ ਮਚਲ ਰਹੀ ਸੀ ਜਿਹੜੀ ਉਸ ਨੂੰ ਸਦੀਵੀਂ ਖ਼ੁਸ਼ੀ ਤੇ ਸੰਤੁਸ਼ਟਤਾ ਪ੍ਰਦਾਨ ਕਰ ਸਕਦੀ ਸੀ।

ਇਕ ਦਿਨ ਕੀ ਹੋਇਆ ਖੜਗ ਸੈਨ ਆਪਣੇ ਰਾਜ ਦਰਬਾਰ ਵਿਚ ਗਿਆ ਹੋਇਆ ਸੀ ਤੇ ਚੰਦਰਵਤੀ ਕੱਲਮ ਕੱਲੀ ਆਪਣੇ ਮਹਿਲ ਦੀ ਖਿੜਕੀ ਵਿਚ ਬੈਠੀ ਹੋਈ ਬਾਹਰ ਦਾ ਨਜ਼ਾਰਾ ਮਾਣ ਰਹੀ ਸੀ। ਬਸੰਤ ਆਪਣੇ ਕਬੂਤਰਾਂ ਨਾਲ਼ ਖੇਡ ਰਿਹਾ ਸੀ ਕਿ ਇਕ ਚੀਨਾ ਕਬੂਤਰ ਉਡ ਕੇ ਚੰਦਰਵਤੀ ਦੀ ਬਾਰੀ ਵਿਚ ਆਣ ਵੜਿਆ ਜਿਸ ਨੂੰ ਉਸ ਨੇ ਮਲਕੜੇ ਜਿਹੇ ਫੜ ਕੇ ਇਕ ਟੋਕਰੀ ਥੱਲੇ ਲਕੋ ਦਿੱਤਾ।

ਬਸੰਤ ਮਹਿਲ ਵਿਚ ਆਇਆ। ਉਸ ਨੂੰ ਵੇਖ ਕੇ ਚੰਦਰਵਤੀ ਗੁਲਾਬ ਦੇ

ਫੁੱਲ ਵਾਂਗ ਖਿੜ ਗਈ। ਉਹ ਉਹਨੂੰ ਕਬੂਤਰ ਦੇਣ ਦੇ ਪੱਜ ਆਪਣੇ ਵਿਸ਼ਰਾਮ ਭਵਨ ਵਿਚ ਲੈ ਗਈ ਤੇ ਆਪਣੇ ਕੋਲ਼ ਪਲੰਘ 'ਤੇ ਬਿਠਾ ਲਿਆ ਅਤੇ ਉਹਦੇ ਹੱਥਾਂ ਨੂੰ ਪੋਲੇ-ਪੋਲੇ ਪਲੋਸਦਿਆਂ ਸ਼ਹਿਦ ਭਰੇ ਮਿੱਠੇ ਬੋਲ ਬੋਲਦਿਆਂ ਬੋਲੀ, "ਵੇ ਬਸੰਤ ਤੈਨੂੰ ਕਬੂਤਰਾਂ ਨਾਲ਼ ਖੇਡਣ ਦਾ ਸ਼ੌਕ ਐ। ਤੂੰ ਕਿੰਨਾ ਖ਼ੂਬਸੂਰਤ ਏਂ ਸੁਹਣਿਆਂ! ਮੈਂ ਤੇਰੇ 'ਤੇ ਵਾਰੀ ਜਾਨੀ ਆਂ। ਜਦ ਮੈਂ ਤੈਨੂੰ ਵੇਖਦੀ ਆਂ, ਮੇਰੀ ਜਾਨ ਈ ਕੱਢ ਲੈਨੈਂ! ਆਪਾਂ ਦੋਨੋਂ ਹਾਣ ਪਰਵਾਨ ਦੇ ਆਂ... ਮੈਨੂੰ ਆਪਣੀ ਕਬੂਤਰੀ ਬਣਾ ਲੈ ਸੁਹਣਿਆਂ! ਸਾਰੀ ਜ਼ਿੰਦਗੀ ਤੇਰੀ ਬਣ ਕੇ ਰਹਾਂਗੀ!"

ਬਸੰਤ ਦੇ ਚਿਤ ਚੇਤੇ ਵੀ ਨਹੀਂ ਸੀ ਕਿ ਰਾਣੀ ਉਹਦੇ ਨਾਲ਼ ਇਸ ਤਰ੍ਹਾਂ ਦਾ ਵਰਤਾਓ ਕਰੇਗੀ!

"ਮਾਤਾ ਜੀ ਇਹ ਕਿਵੇਂ ਹੋ ਸਕਦੈ... ਮੈਂ ਤੁਹਾਡਾ ਪੁੱਤਰ ਆਂ। ਧਰਤ ਅਸਮਾਨ ਫਟ ਨੀ ਜਾਣਗੇ- ਪੁੱਤਰ ਮਾਂ ਦਾ ਰੂਪ ਹੰਢਾਵੇ।"

"ਸੁਹਣਿਆਂ ਨਾ ਮੈਂ ਤੈਨੂੰ ਜਨਮ ਦਿੱਤੈ ਤੇ ਨਾ ਗੋਦ ਖਿਡਾਇਐ। ਮੈਂ ਤੇਰੀ ਮਾਂ ਨਹੀਂ ਤੇਰੀ ਹਾਨਣ ਆਂ... ਮੇਰੀ ਜਵਾਨੀ ਵਲ ਵੇਖ ਤੇ ਮੈਨੂੰ ਆਪਣੀ ਬਣਾ ਲੈ ਮੇਰੇ ਦਿਲ ਜਾਨੀਆਂ। ਮੈਂ ਚਰੋਕਣੀ ਤੇਰੇ ਦੀਦਾਰ ਨੂੰ ਤਰਸਦੀ ਪਈ ਆਂ।"

"ਮਾਂ ਮੈਨੂੰ ਅਜਿਹੀਆਂ ਗੱਲਾਂ ਨਾਲ਼ ਭੁਚਲਾ ਨਾ... ਸਮਾਜਕ ਰਿਸ਼ਤੇ ਤੇ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਸਾਡੇ ਸਮਾਜ ਨੂੰ ਕਿਧਰ ਲੈ ਤੁਰੇਗਾ?"

"ਮੇਰੀ ਰੂਹ ਦੇ ਹਾਣੀਆ- ਸਮਾਜ ਨੇ ਭਲਾ ਮੈਨੂੰ ਕੀ ਦਿੱਤੈ? ਕੱਚੀ ਕੈਲ ਨੂੰ ਅਧਖੜ ਬੁਢੜੇ ਦੇ ਲੜ ਲਾ ਕੇ ਮੇਰੀ ਜਵਾਨੀ ਰੋਲ਼ ਦਿੱਤੀ ਐ... ਮੋਤੀ, ਹੀਰੇ, ਧੰਨੇ ਮੇਰੇ ਲਈ ਕਾਣੀ ਕੌਡੀ ਦੇ ਸਮਾਨ ਨੇ... ਤੂੰ ਮੇਰੀ ਬਾਂਹ ਫੜ ਕੇ ਪਾਰ ਲੰਘਾ ਦੇ ਸੁਹਣਿਆਂ!"

"ਹੋਸ਼ ਤੋਂ ਕੰਮ ਲੈ ਮਾਤਾ ਮੇਰੀਏ! ਇਹ ਰਿਸ਼ਤਾ ਮੈਂ ਨਿਭਾ ਨਹੀਂ ਸਕਦਾ।"

"ਅਜੇ ਵੀ ਸੋਚ ਲੈ... ਜੇ ਤੂੰ ਮੇਰੀ ਗੱਲ ਨਹੀਂ ਮੰਨਣੀ ਤਾਂ ਇਸ ਦੇ ਮਾੜੇ ਨਤੀਜੇ ਭੁਗਤਣ ਲਈਂ ਤਿਆਰ ਹੋ ਜਾ!"

"ਮਾਤਾ ਮੈਂ ਹਰ ਸਜ਼ਾ ਭੁਗਤਣ ਲਈ ਤਿਆਰ ਹਾਂ! ਆਪਣੇ ਬਾਪ ਦੀ ਦਾਹੜੀ ਦੀ ਲਾਜ ਰੱਖਾਂਗਾ।"

ਐਨਾ ਆਖ ਬਸੰਤ ਇਕਦਮ ਮਹਿਲਾਂ ਤੋਂ ਬਾਹਰ ਹੋ ਗਿਆ।

ਚੰਦਰਵਤੀ ਪਲੰਘ 'ਤੇ ਪਈ ਬਿਨਾਂ ਪਾਣੀਓਂ-ਮੱਛੀ ਵਾਂਗ ਤੜਪਣ ਲੱਗੀ।

ਬਸੰਤ ਨੇ ਰੂਪ ਨੂੰ ਆ ਕੇ ਸਾਰੀ ਹੋਈ ਬੀਤੀ ਸੁਣਾ ਦਿੱਤੀ! ਦੋਨੋਂ ਚਿੰਤਾ ਦੇ ਸਾਗਰ ਵਿਚ ਡੁੱਬ ਗਏ।

ਆਥਣ ਪਸਰੀ। ਹਨ੍ਹੇਰਾ ਗੂੜ੍ਹਾ ਹੋਇਆ। ਖੜਗ ਸੈਨ ਆਪਣੇ ਮਹਿਲਾਂ

ਨੂੰ ਪਰਤਿਆ– ਸਾਰੇ ਸ਼ਮ੍ਹਾਦਾਨ ਗੁੱਲ– ਨਾ ਦੀਵਾ ਨਾ ਬੱਤੀ! ਉਹ ਅੰਦਰ ਵੜਿਆ– ਚੰਦਰਵਤੀ ਸਿਰ ਮੂੰਹ ਲਪੇਟੀ ਖਣਪੱਟੀ ਲਈ ਪਲੰਘ 'ਤੇ ਪਈ ਐ। ਕਮਰੇ ਦੀਆਂ ਵਸਤਾਂ ਐਧਰ ਓਧਰ ਖਿੰਡੀਆਂ ਪਈਆਂ... ਰਾਜਾ ਭਮੱਤਰ ਗਿਆ। ਉਹਨੇ ਰਾਣੀ ਦੇ ਮੂੰਹ ਤੋਂ ਪੱਲਾ ਖਿੱਚ ਕੇ ਪਰ੍ਹੇ ਕੀਤਾ– ਰਾਣੀ ਦੇ ਚਿਹਰੇ 'ਤੇ ਘਰੂਟਾਂ ਦੇ ਨਿਸ਼ਾਨ... ਸਿਰ ਦੇ ਵਾਲ਼ ਖਿੰਡੇ ਪੁੰਡੇ ਜਿਵੇਂ ਕਿਸੇ ਨਾਲ਼ ਹੱਥੋਪਾਈ ਕੀਤੀ ਹੋਵੇ... ਰਾਣੀ ਨੇ ਉਠਦੀ ਸਾਰ ਹੀ ਹਟਕੋਰਿਆਂ ਅਤੇ ਹੰਝੂਆਂ ਦੀ ਝੜੀ ਲਾ ਦਿੱਤੀ।

"ਰਾਜਨ! ਕੀ ਦੱਸਾਂ ਕੀ ਨਾ ਦੱਸਾਂ। ਲੋਹੜਾ ਮਾਰਿਐ ਤੁਹਾਡੇ ਲਾਡਲੇ ਪੁੱਤਰ ਬਸੰਤ ਨੇ! ਅੱਜ ਮਹਿਲੀਂ ਆਇਆ ਸੀ। ਕੱਲੀ ਵੇਖ ਉਹਨੇ ਮੇਰੇ ਨਾਲ਼ ਹੱਥੋਪਾਈ ਕੀਤੀ ਐ... ਮੈਂ ਬੁਰਛੇ ਕੋਲ਼ੋਂ ਆਪਣੀ ਪੱਤ ਨੂੰ ਮਸੀਂ ਬਚਾਇਐ...।" ਚੰਦਰਵਤੀ ਨੇ ਤ੍ਰੀਆ ਚਲਿੱਤਰ ਦਾ ਅਜਿਹਾ ਬਾਣ ਚਲਾਇਆ ਕਿ ਖੜਗ ਸੈਨ ਸੋਚੀਂ ਪੈ ਗਿਆ।

"ਇਹ ਕਿਵੇਂ ਹੋ ਸਕਦੈ ਮੇਰੀ ਰਾਣੀਏਂ... ਬਸੰਤ ਅਜਿਹਾ ਨਹੀਂ ਕਰ ਸਕਦਾ... ਸੱਚੋ ਸੱਚ ਦੱਸ?"

"ਰਾਜਨ ਬਸੰਤ ਤੁਹਾਡਾ ਪੁੱਤਰ ਐ ਨਾ ਇਸ ਲਈ ਮੇਰੀ ਗੱਲ ਦਾ ਆਪ ਨੂੰ ਇਤਬਾਰ ਨਹੀਂ..." ਐਨਾ ਆਖ ਚੰਦਰਵਤੀ ਜ਼ਾਰੋ ਜ਼ਾਰ ਰੋਣ ਲੱਗ ਪਈ! ਰਾਜਾ ਉਹਦੇ ਭਾਵਾਂ ਦੇ ਵਾਰ ਨੂੰ ਸਹਿ ਨਾ ਸਕਿਆ। ਉਹ ਧੁਰ ਅੰਦਰ ਤਕ ਤੜਪ ਉਠਿਆ। ਉਹਨੇ ਰਾਣੀ ਨੂੰ ਆਪਣੀ ਬੁੱਕਲ 'ਚ ਲੈਂਦਿਆਂ ਕਿਹਾ, "ਮੇਰੀਏ ਰਾਣੀਏਂ ਮੈਨੂੰ ਤੇਰੇ 'ਤੇ ਪੂਰਾ ਭਰੋਸੈ, ਜਿਹੜਾ ਕੁਕਰਮ ਬਸੰਤ ਨੇ ਤੇਰੇ ਨਾਲ਼ ਕੀਤੈ ਉਹ ਮੁਆਫ਼ ਕਰਨ ਵਾਲ਼ਾ ਨਹੀਂ। ਉਸ ਨੂੰ ਅਜਿਹੀ ਸਜ਼ਾ ਦਿਆਂਗਾ ਕਿ ਲੋਕੀ ਰਹਿੰਦੀ ਦੁਨੀਆਂ ਤਕ ਯਾਦ ਰੱਖਣਗੇ।"

ਰਾਜੇ ਦੇ ਇਹ ਬਚਨ ਸੁਣ ਕੇ ਰਾਣੀ ਦੇ ਧੁਰ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ ਤੇ ਉਹ ਉਸ ਨੂੰ ਰੁਝਾਉਣ ਲਈ ਆਪਣਾ ਹਾਰ ਸ਼ਿੰਗਾਰ ਕਰਨ ਲੱਗੀ।

ਅਗਲੀ ਸਵੇਰ ਖੜਗ ਸੈਨ ਨੇ ਬਸੰਤ ਨੂੰ ਭਰੇ ਦਰਬਾਰ ਵਿਚ ਤਲਬ ਕਰ ਲਿਆ ਤੇ ਉਸ ਦਾ ਪੱਖ ਸੁਣੇ ਬਗ਼ੈਰ ਹੀ ਉਹਨੂੰ ਦੇਸ ਨਿਕਾਲੇ ਦਾ ਹੁਕਮ ਸੁਣਾ ਦਿੱਤਾ।

ਸਾਰੇ ਦਰਬਾਰ ਵਿਚ ਸੱਨਾਟਾ ਛਾ ਗਿਆ। ਕਿਸੇ ਦੀ ਜੁਰੱਅਤ ਨਹੀਂ ਸੀ ਰਾਜੇ ਦੇ ਹੁਕਮ ਨੂੰ ਮੋੜਨ ਦੀ। ਸਾਰੇ ਦਰਬਾਰੀ ਜਾਣਦੇ ਸਨ ਕਿ ਬਸੰਤ ਬੇਕਸੂਰ ਏ... ਰੂਪ ਨੇ ਵੀ ਆਪਣੇ ਪਿਤਾ ਅੱਗੇ ਬੇਨਤੀ ਕੀਤੀ ਪਰੰਤੂ ਬਸੰਤ ਤਾਂ ਉਹਦੀਆਂ ਨਜ਼ਰਾਂ ਵਿਚ ਕਸੂਰਵਾਰ ਸੀ ਅਤੇ ਉਹ ਬਸੰਤ ਨੂੰ ਦੇਸ ਨਿਕਾਲੇ ਦੀ ਸਜ਼ਾ ਦੇ ਕੇ ਆਪਣੇ ਅਦਲੀ ਰਾਜਾ ਹੋਣ ਦਾ ਧਰਮ ਨਿਭਾ ਰਿਹਾ ਸੀ।

ਬਸੰਤ ਨੂੰ ਆਸ ਨਹੀਂ ਸੀ ਕਿ ਉਹਦਾ ਪਿਤਾ ਉਹਦਾ ਪੱਖ ਜਾਣੇ ਬਿਨਾਂ

ਐਨੀ ਸਜ਼ਾ ਸੁਣਾ ਦੇਵੇਗਾ। ਉਹ ਆਪਣੇ ਦਿਲ 'ਤੇ ਪੱਥਰ ਰੱਖ ਕੇ ਬੈਠ ਗਿਆ। ਉਹਨੂੰ ਵਿਛੜੀ ਮਾਂ ਦੀ ਯਾਦ ਅਈ ਤੇ ਉਹਦਾ ਗੱਚ ਭਰ ਆਇਆ। ਉਹ ਭਰੇ ਨੈਣਾਂ ਨਾਲ਼ ਆਪਣੇ ਸ਼ਹਿਰ ਨੂੰ ਨਮਸਕਾਰ ਕਰਕੇ ਘੋੜੇ 'ਤੇ ਅਸਵਾਰ ਹੋ ਕੇ ਤੁਰ ਪਿਆ। ਅਜੇ ਉਹ ਕੁਝ ਕਦਮਾਂ 'ਤੇ ਹੀ ਗਿਆ ਸੀ ਕਿ ਰੂਪ ਵੀ ਘੋੜੇ ਸਮੇਤ ਉਹਦੇ ਨਾਲ਼ ਜਾ ਰਲ਼ਿਆ ਤੇ ਬੋਲਿਆ, "ਵੀਰੇ ਮੈਂ ਤੇਰੇ ਬਗ਼ੈਰ ਕੱਲਾ ਕਿਵੇਂ ਰਹਿ ਸਕਦਾਂ... ਤੇਰੇ ਨਾਲ਼ ਹੀ ਚੱਲਾਂਗਾ।"

"ਨਾ ਰੂਪ ਵੀਰੇ ਤੂੰ ਕਿਉਂ ਕਸ਼ਟ ਝੱਲਣੇ ਨੇ ਜੋ ਮੇਰੇ ਕਰਮਾਂ 'ਚ ਲਿਖਿਐ ਉਹ ਤਾਂ ਮੈਂ ਭੋਗਣੈ ਹੀ ਐ... ਜਾਹ, ਪਿਛਾਂਹ ਮੁੜ ਜਾ ਵੀਰੇ।"

ਤੇ ਰੂਪ ਜ਼ਿਦ ਕਰਕੇ ਬਸੰਤ ਦੇ ਨਾਲ਼ ਹੀ ਜੰਗਲ ਬੀਆ-ਬਾਨਾਂ ਨੂੰ ਤੁਰ ਪਿਆ। ਉਨ੍ਹਾਂ ਆਪਣੇ ਦੇਸ ਦੀ ਹੱਦ ਪਾਰ ਕਰ ਲਈ ਤੇ ਗੁਆਂਢੀ ਰਾਜ ਦੇ ਜੰਗਲ ਬੇਲਿਆਂ ਵਿਚ ਜਾ ਵੜੇ, ਜੋ ਕੰਦ ਮੂਲ ਮਿਲਦਾ ਖਾ ਕੇ ਗੁਜ਼ਾਰਾ ਕਰ ਲੈਂਦੇ। ਰਾਤ ਨੂੰ ਕਿਸੇ ਦਰੱਖ਼ਤ ਥੱਲੇ ਟਿਕ ਜਾਂਦੇ। ਜੰਗਲੀ ਜੀਆ ਜੰਤ ਤੋਂ ਬਚਣ ਲਈ ਅੱਧੀ ਰਾਤ ਤਕ ਇਕ ਜਣਾ ਜਾਗਦਾ ਦੂਜਾ ਸੌਂਦਾ। ਇਸ ਤਰ੍ਹਾਂ ਵਾਰੋ ਵਾਰੀ ਜਾਗਦੇ ਸੌਂਦੇ! ਇਕ ਸਾਲ ਤੋਂ ਵੀ ਵਧ ਸਮਾਂ ਉਹ ਇਸੇ ਭਟਕਣਾ ਵਿਚ ਭਟਕਦੇ ਰਹੇ ਉਨ੍ਹਾਂ ਕਈ ਨਦੀਆਂ, ਦਰਿਆ, ਘਾਟੀਆਂ ਤੇ ਪਹਾੜ ਪਾਰ ਕੀਤੇ ਅਤੇ ਕਈ ਰਾਜਾਂ 'ਚੋਂ ਵਿਚਰਦੇ ਹੋਏ ਮਿਸਰ ਦੀ ਧਰਤੀ 'ਤੇ ਪੁਜ ਗਏ। ਇਕ ਦਿਨ ਕੀ ਭਾਣਾ ਵਾਪਰਿਆ। ਰਾਤ ਸਮੇਂ ਰੂਪ ਸੁੱਤਾ ਪਿਆ ਸੀ ਤੇ ਬਸੰਤ ਜਾਗਦਾ ਸੀ! ਜਦੋਂ ਰੂਪ ਦੀ ਜਾਗ ਖੁਲ੍ਹੀ ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਬਸੰਤ ਤਾਂ ਮਰਿਆ ਪਿਆ ਹੈ। ਉਹਨੇ ਉਹਨੂੰ ਹਿਲਾਇਆ ਜੁਲਾਇਆ ਵੀ ਪਰੰਤੂ ਬਸੰਤ ਟਸ ਤੋਂ ਮਸ ਨਾ ਹੋਇਆ... ਰੂਪ ਸੋਚੀਂ ਪੈ ਗਿਆ ਕਰੇ ਤਾਂ ਕੀ ਕਰੇ... ਜੰਗਲ ਬੀਆਬਾਨ... ਪਰਾਇਆ ਦੇਸ ਕੋਈ ਮਦਦਗਾਰ ਨਹੀਂ... ਉਹ ਕੱਫਣ ਦਾ ਪ੍ਰਬੰਧ ਕਰਨ ਲਈ ਬਸੰਤ ਦੀ ਲਾਸ਼ ਨੂੰ ਦਰੱਖ਼ਤ ਥੱਲੇ ਹੀ ਛੱਡ ਕੇ ਨੇੜੇ ਦੇ ਸ਼ਹਿਰ ਨੂੰ ਤੁਰ ਪਿਆ... ਤੁਰਦਿਆਂ-ਤੁਰਦਿਆਂ ਰੂਪ ਮਿਸਰ ਨਾਮੀਂ ਸ਼ਹਿਰ ਪੁਜ ਗਿਆ। ਸ਼ਹਿਰ ਦੇ ਆਲ਼ੇ-ਦੁਆਲ਼ੇ ਬਹੁਤ ਵੱਡੀ ਫਸੀਲ ਸੀ ਤੇ ਅੰਦਰ ਜਾਣ ਲਈ ਕੇਵਲ ਇਕੋ ਇਕ ਦਰਵਾਜ਼ਾ ਸੀ... ਉਹ ਦਰਵਾਜ਼ੇ ਰਾਹੀਂ ਅੰਦਰ ਵੜਨ ਹੀ ਲੱਗਾ ਸੀ ਕਿ ਚੌਕੀਦਾਰ ਨੇ ਉਸ ਨੂੰ ਰੋਕ ਲਿਆ। ਐਨੇ ਨੂੰ ਉਥੇ ਹੋਰ ਬਹੁਤ ਸਾਰੇ ਸ਼ਾਹੀ ਦਰਬਾਰੀ ਆ ਗਏ। ਉਨ੍ਹਾਂ ਰੂਪ ਨੂੰ ਕਿਹਾ, "ਹੇ ਪ੍ਰਦੇਸੀ ਨੌਜਵਾਨਾ ਕਲ੍ਹ ਸਾਡੇ ਦੇਸ ਦਾ ਰਾਜਾ ਸੁਰਗਵਾਸ ਹੋ ਗਿਐ। ਪਰੰਪਰਾਗਤ ਰੀਤ ਅਨੁਸਾਰ ਸਾਰੇ ਅਧਿਕਾਰੀਆਂ ਅਤੇ ਦਰਬਾਰੀਆਂ ਨੇ ਫ਼ੈਸਲਾ ਕੀਤੈ ਕਿ ਜਿਹੜਾ ਵੀ ਪਹਿਲਾ ਯਾਤਰੀ ਅੱਜ ਸਵੇਰੇ ਸ਼ਹਿਰ ਵਿਚ ਵੜੇਗਾ ਉਹਨੂੰ ਰਾਜ ਸਿੰਘਾਸਣ 'ਤੇ ਬਿਠਾ ਦਿੱਤਾ ਜਾਵੇਗਾ। ਤੁਸੀਂ ਸ਼ਹਿਰ ਵਿਚ ਪ੍ਰਵੇਸ਼ ਕਰਨ ਵਾਲ਼ੇ ਪਹਿਲੇ ਪੁਰਸ਼ ਹੋ ਇਸ ਕਰਕੇ ਹੁਣ ਤੁਸੀਂ ਸਾਡੇ ਰਾਜਾ ਹੋ।" ਐਨਾ ਆਖ ਉਨ੍ਹਾਂ ਰੂਪ ਨੂੰ ਸ਼ਾਹੀ ਬਸਤਰ

ਪਹਿਨਾ ਕੇ ਵਿਧੀਵਤ ਰਸਮਾਂ ਨਾਲ਼ ਰਾਜ ਸਿੰਘਾਸਣ 'ਤੇ ਬਿਰਾਜਮਾਨ ਕਰ ਦਿੱਤਾ। ਰੂਪ ਹੁਣ ਮਿਸਰ ਦਾ ਰਾਜਾ ਬਣ ਗਿਆ ਸੀ ਤੇ ਉਸ ਨੂੰ ਰਾਜ ਦਰਬਾਰੀਆਂ ਨੇ ਐਨਾ ਵਿਅਸਤ ਕਰ ਦਿੱਤਾ ਕਿ ਉਹ ਕੁਝ ਪਲਾਂ ਲਈ ਬਸੰਤ ਨੂੰ ਵੀ ਭੁੱਲ ਗਿਆ। ਉਹ ਕੁਝ ਦਿਨਾਂ ਬਾਅਦ ਉਸ ਥਾਂ 'ਤੇ ਵੀ ਗਿਆ ਜਿੱਥੇ ਬਸੰਤ ਦੀ ਲਾਸ਼ ਪਈ ਸੀ। ਉਸ ਦਰੱਖ਼ਤ ਥੱਲੇ ਲਾਸ਼ ਨਾ ਵੇਖ ਕੇ ਉਹਨੇ ਇਹ ਅਨੁਮਾਨ ਲਾ ਲਿਆ ਕਿ ਉਸ ਦੀ ਲਾਸ਼ ਨੂੰ ਜੰਗਲੀ ਜਾਨਵਰ ਖਾ ਗਏ ਹੋਣਗੇ। ਉਹ ਬਸੰਤ ਦੇ ਗ਼ਮ ਨੂੰ ਆਪਣੇ ਦਿਲ ਵਿਚ ਸਮੋ ਕੇ ਪਰਤ ਆਇਆ ਅਤੇ ਆਪਣੇ ਰਾਜ ਦੇ ਕੰਮਕਾਜ ਚਲਾਉਣ ਲੱਗਾ।

ਏਧਰ ਬਸੰਤ ਦੀ ਹੋਣੀ ਵੇਖੋ... ਜਦੋਂ ਰੂਪ ਉਹਦੇ ਕੱਫਣ ਦੀ ਭਾਲ਼ ਵਿਚ ਉਹਨੂੰ ਛੱਡ ਕੇ ਗਿਆ ਸੀ ਉਹਦੇ ਜਾਣ ਬਾਅਦ ਹੀ ਮੰਗਲ ਨਾਥ ਨਾਂ ਦਾ ਜੋਗੀ ਕਿਧਰੋਂ ਤੁਰਦਾ ਫਿਰਦਾ ਉਸ ਦਰੱਖ਼ਤ ਕੋਲ਼ ਆ ਗਿਆ ਜਿੱਥੇ ਬਸੰਤ ਦੀ ਲੋਥ ਪਈ ਸੀ... ਜੋਗੀ ਨੇ ਉਹਨੂੰ ਹਿਲਾ ਜੁਲਾ ਕੇ ਵੇਖਿਆ- ਉਹਦੀ ਨਬਜ਼ ਵੇਖੀ- ਨਬਜ਼ ਚਲ ਰਹੀ ਸੀ- ਅਸਲ ਵਿਚ ਉਹ ਮਰਿਆ ਨਹੀਂ ਸੀ ਬੇਹੋਸ਼ ਸੀ, ਇਕ ਸਰਾਲ ਨੇ ਉਹਦਾ ਸਾਹ ਪੀ ਕੇ ਉਹਨੂੰ ਬੇਸੁਧ ਕਰ ਦਿੱਤਾ ਸੀ... ਜੋਗੀ ਨੇ ਜੰਗਲੀ ਬੂਟੀਆਂ ਦੀ ਵਰਤੋਂ ਕਰਕੇ ਉਹਨੂੰ ਹੋਸ਼ ਵਿਚ ਲੈ ਆਂਦਾ। ਬਸੰਤ ਨੇ ਜੋਗੀ ਨੂੰ ਆਪਣੀ ਸਾਰੀ ਵਿਥਿਆ ਸੁਣਾਈ। ਜੋਗੀ ਉਸ ਨੂੰ ਆਪਣੀ ਕੁਟੀਆ ਵਿਚ ਲੈ ਆਇਆ ਤੇ ਆਪਣੇ ਕੋਲ਼ ਹੀ ਰੱਖ ਲਿਆ। ਬਸੰਤ ਨੇ ਵੀ ਆਪਣੇ ਜੀਵਨ ਦਾਤੇ ਨੂੰ ਆਪਣਾ ਆਪ ਸਮਰਪਿਤ ਕਰ ਦਿੱਤਾ ਤੇ ਉਹਦੀ ਸੇਵਾ ਵਿਚ ਲੀਨ ਹੋ ਗਿਆ। ਉਸ ਨੂੰ ਰੂਪ ਦੀ ਯਾਦ ਆਉਂਦੀ-ਸੋਚਦਾ ਪਤਾ ਨੀ ਉਸ ਨਾਲ਼ ਕੀ ਬਣੀ ਹੋਵੇਗੀ- ਖ਼ੌਰੇ ਜਿਉਂਦਾ ਵੀ ਹੈ ਕਿ ਜੰਗਲੀ ਜਾਨਵਰਾਂ ਨੇ ਆਪਣਾ ਖਾਜਾ ਬਣਾ ਲਿਐ। ਜੋਗੀ ਕੋਲ਼ ਰਹਿੰਦਿਆਂ ਬਸੰਤ ਨੇ ਸਤ ਵਰ੍ਹੇ ਲੰਘਾ ਦਿੱਤੇ।

ਬਸੰਤ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਬਚਪਨ ਤੋਂ ਹੀ ਸੀ। ਜੋਗੀ ਨੇ ਉਸ ਦੇ ਸ਼ੌਕ ਨੂੰ ਮੱਠਾ ਨਾ ਪੈਣ ਦਿੱਤਾ। ਇਕ ਦਿਨ ਬਸੰਤ ਘੋੜੇ 'ਤੇ ਸਵਾਰ ਇਕ ਸ਼ਿਕਾਰ ਮਗਰ ਲੱਗਿਆ ਬਹੁਤ ਦੂਰ ਨਿਕਲ ਗਿਆ ਤੇ ਅਚਾਨਕ ਆਏ ਹਨ੍ਹੇਰੀ-ਝੱਖੜ ਨੇ ਉਹਦਾ ਰਾਹ ਭੁਲਾ ਦਿੱਤਾ। ਹਨੇਰਾ ਹੋਣ ਕਰਕੇ ਉਹ ਪਿਛਾਂਹ ਜਾਣ ਜੋਗਾ ਵੀ ਨਹੀਂ ਸੀ। ਉਹਨੂੰ ਦੂਰ ਇਕ ਸ਼ਹਿਰ ਨਜ਼ਰ ਆਇਆ- ਇਹ ਰੂਪ ਵਾਲਾ ਹੀ ਸ਼ਹਿਰ ਸੀ ਜਿਥੋਂ ਦਾ ਉਹ ਰਾਜਾ ਸੀ। ਉਹ ਸ਼ਹਿਰ ਦੀ ਫ਼ਸੀਲ ਦੇ ਮੁਖ ਦਰਵਾਜ਼ੇ 'ਤੇ ਪੁਜ ਗਿਆ। ਦਰਵਾਜ਼ਾ ਬੰਦ ਸੀ। ਉਹਨੇ ਦਰਵਾਜ਼ਾ ਖੜਕਾਇਆ। ਅੰਦਰੋਂ ਚੌਕੀਦਾਰ ਨੇ ਦਰਵਾਜ਼ੇ ਦੀ ਮੋਰੀ ਰਾਹੀਂ ਆਖਿਆ, "ਰਾਜੇ ਦਾ ਹੁਕਮ ਐ ਇਹ ਦਰਵਾਜ਼ਾ ਰਾਤ ਨੂੰ ਬੰਦ ਹੋ ਕੇ ਦੋਬਾਰਾ ਨਹੀਂ ਖੁਲ੍ਹ ਸਕਦਾ ਕਿਉਂਕਿ ਰਾਤ ਸਮੇਂ ਏਥੇ ਇਕ ਆਦਮ ਖ਼ੋਰ ਸ਼ੇਰ ਆਉਂਦੈ। ਉਹਨੇ ਪਰਜਾ ਦੇ ਬਹੁਤ ਸਾਰੇ ਬੰਦੇ ਮਾਰ ਦਿੱਤੇ ਨੇ। ਚੰਗਾ ਇਹੀ ਐ ਤੂੰ ਕਿਧਰੇ ਹੋਰ ਚਲਿਆ ਜਾ- ਦਰਵਾਜ਼ਾ ਮੈਂ ਨਹੀਂ ਖੋਹਲਣਾ।"

ਐਨਾ ਆਖ ਚੌਕੀਦਾਰ ਨੇ ਤਾਕੀ ਵੀ ਬੰਦ ਕਰ ਦਿੱਤੀ। ਬਸੰਤ ਹੁਣ ਕੀ ਕਰਦਾ। ਹਨ੍ਹੇਰਾ ਗੂੜ੍ਹਾ ਹੋ ਰਿਹਾ ਸੀ- ਕਾਲ਼ੀ ਬੋਲ਼ੀ ਡਰਾਉਣੀ ਰਾਤ... ਬਸੰਤ ਨੇ ਦਰਵਾਜ਼ੇ ਦੇ ਸਾਹਮਣੇ ਹੀ ਰਾਤ ਕੱਟਣ ਦਾ ਮਨ ਬਣਾ ਲਿਆ। ਅੱਧੀ ਰਾਤ ਲੰਘੀ ਸੀ ਕਿ ਖੂੰਖਾਰ ਸ਼ੇਰ ਨੇ ਆ ਬੋਹੜ ਮਾਰੀ। ਬਸੰਤ ਤਾਂ ਅਜੇ ਜਾਗਦਾ ਹੀ ਪਿਆ ਸੀ- ਉਹਨੇ ਸ਼ਸਤਰ ਸੰਭਾਲੇ ਹੀ ਸਨ ਕਿ ਸ਼ੇਰ ਨੇ ਉਹਦੇ 'ਤੇ ਹਮਲਾ ਕਰ ਦਿੱਤਾ ਪਰੰਤੂ ਬਸੰਤ ਨੇ ਬੜੀ ਫੁਰਤੀ ਨਾਲ਼ ਸ਼ੇਰ 'ਤੇ ਅਜਿਹਾ ਤਲਵਾਰ ਦਾ ਵਾਰ ਕੀਤਾ ਕਿ ਉਹ ਚੁਫ਼ਾਲ ਧਰਤੀ 'ਤੇ ਜਾ ਪਿਆ। ਸ਼ੇਰ ਨੂੰ ਮਾਰ ਮੁਕਾਣ ਉਪਰੰਤ ਬਸੰਤ ਥਕੇਵੇਂ ਕਾਰਨ ਦਰਵਾਜ਼ੇ ਦੇ ਸਾਹਮਣੇ ਹੀ ਘੂਕ ਸੌਂ ਗਿਆ।

ਸਵੇਰ ਹੋਈ ਚੌਕੀਦਾਰ ਨੇ ਸ਼ਹਿਰ ਦਾ ਮੁਖ ਦੁਆਰ ਖੋਹਲਿਆ- ਉਹਨੇ ਵੇਖਿਆ ਸ਼ੇਰ ਮਰਿਆ ਪਿਐ ਤੇ ਨਾਲ਼ ਹੀ ਸ਼ੇਰ ਨੂੰ ਮਾਰਨ ਵਾਲ਼ਾ ਵੀ ਘੂਕ ਸੁੱਤਾ ਪਿਆ ਹੈ। ਉਹਨੇ ਤੁਰੰਤ ਕੋਤਵਾਲ ਨੂੰ ਬੁਲਾਇਆ। ਕੋਤਵਾਲ ਦੇ ਮਨ ਵਿਚ ਅਜਿਹੀ ਖੋਟ ਆਈ ਕਿ ਕਿਉਂ ਨਾ ਉਹ ਸ਼ੇਰ ਨੂੰ ਆਪਣੇ ਵਲੋਂ ਮਾਰਨਾ ਦੱਸ ਕੇ ਰਾਜੇ ਪਾਸੋਂ ਇਨਾਮ ਪ੍ਰਾਪਤ ਕਰ ਲੈਣ। ਉਨ੍ਹਾਂ ਨੇ ਮਤਾ ਪਕਾ ਕੇ ਸੁੱਤੇ ਪਏ ਬਸੰਤ ਨੂੰ ਵੱਢ ਟੁਕ ਕੇ ਬੇਹੋਸ਼ ਕਰ ਦਿੱਤਾ ਤੇ ਉਸ ਨੂੰ ਓਥੋਂ ਚੁੱਕ ਕੇ ਖੇਤਾਨਾਂ ਵਿਚ ਸੁੱਟ ਆਏ।

ਆਦਮ ਖ਼ੋਰ ਸ਼ੇਰ ਦੇ ਮਾਰੇ ਜਾਣ ਦੀ ਖ਼ਬਰ ਸੁਣ ਕੇ ਰਾਜਾ ਰੂਪ ਬਹੁਤ ਖ਼ੁਸ਼ ਹੋਇਆ। ਉਹਨੇ ਚੌਕੀਦਾਰ ਅਤੇ ਕੋਤਵਾਲ ਨੂੰ ਉਨ੍ਹਾਂ ਦੀ ਬਹਾਦਰੀ ਬਦਲੇ ਢੇਰ ਸਾਰੇ ਇਨਾਮ ਦਿੱਤੇ। ਸਾਰੇ ਸ਼ਹਿਰ ਵਿਚ ਕੋਤਵਾਲ ਦੀ ਬਹਾਦਰੀ ਦੇ ਚਰਚੇ ਹੋ ਰਹੇ ਸਨ। ਓਧਰ ਸ਼ੇਰ ਨੂੰ ਮਾਰਨ ਵਾਲ਼ਾ ਬਸੰਤ ਖੇਤਾਨਾਂ ਵਿਚ ਪਿਆ ਕਰਾਹ ਰਿਹਾ ਸੀ! ਕਰਨੀ ਕੁਦਰਤ ਦੀ ਕੋਈ ਤੀਜੇ ਪਹਿਰ ਇਸੇ ਸ਼ਹਿਰ ਦਾ ਕਾਲੂ ਘੁਮਿਆਰ ਮਿੱਟੀ ਲੈਣ ਲਈ ਮਠਿਆਨਿਆਂ ਵਲ ਗਿਆ- ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਇਕ ਨੌਜਵਾਨ ਖ਼ੇਤਾਨਾਂ ਵਿਚ ਵੱਢਿਆ ਟੁੱਕਿਆ ਕਰਾਰ ਰਿਹਾ ਹੈ। ਉਹ ਉਸ ਨੂੰ ਉਸੇ ਵੇਲੇ ਆਪਣੇ ਖੋਤੇ 'ਤੇ ਲੱਦ ਕੇ ਘਰ ਲੈ ਆਇਆ ਤੇ ਉਹਦੀ ਤੀਮਾਰਦਾਰੀ ਕਰਨ ਲੱਗਾ। ਬਸੰਤ ਕੁਝ ਦਿਨਾਂ ਵਿਚ ਹੀ ਨੌਂ-ਬਰ-ਨੌਂ ਹੋ ਗਿਆ। ਘੁਮਾਰ ਤੇ ਘੁਮਾਰੀ ਕੱਲੇ ਹੀ ਘਰ 'ਚ ਰਹਿ ਰਹੇ ਸਨ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਉਨ੍ਹਾਂ ਨੇ ਬਸੰਤ ਨੂੰ ਆਪਣਾ ਪੁੱਤਰ ਬਣਾ ਲਿਆ। ਬਸੰਤ ਉਨ੍ਹਾਂ ਵਲੋਂ ਕੀਤੇ ਉਪਕਾਰ ਨੂੰ ਭੁੱਲਦਾ ਨਹੀਂ ਸੀ। ਉਹ ਵੀ ਸਕੇ ਪੁੱਤਰ ਵਾਂਗ ਉਨ੍ਹਾਂ ਦੇ ਕੰਮ-ਕਾਜ ਵਿਚ ਹੱਥ ਵਟਾਣ ਲੱਗਾ।

ਕਈ ਮਹੀਨੇ ਗੁਜ਼ਰ ਗਏ। ਇਕ ਦਿਨ ਬਸੰਤ ਬਜ਼ਾਰ ਵਿਚ ਘੁੰਮ ਰਿਹਾ ਸੀ ਕਿ ਅਚਾਨਕ ਉਸ ਉਤੇ ਕੋਤਵਾਲ ਦੀ ਨਜ਼ਰ ਜਾ ਪਈ। ਉਹਨੇ ਪਛਾਣ ਲਿਆ ਕਿ ਇਹ ਤਾਂ ਓਹੀ ਨੌਜਵਾਨ ਹੈ ਜਿਸ ਨੇ ਸ਼ੇਰ ਨੂੰ ਮਾਰਿਆ ਸੀ। ਆਪਣੇ ਪਾਜ ਦੇ ਉਧੜਨ ਦੇ ਡਰੋਂ ਉਹਨੇ ਬਸੰਤ ਨੂੰ ਕਿਸੇ ਮਾਮਲੇ ਵਿਚ ਉਲਝਾਉਣ ਦਾ ਮਨ ਬਣਾ

ਲਿਆ। ਉਹਨੇ ਆਪਣੇ ਸ਼ਹਿਰ ਦੀ ਇਕ ਵੇਸਵਾ ਪਾਸੋਂ ਬਸੰਤ 'ਤੇ ਇਲਜ਼ਾਮ ਲਗਵਾ ਦਿੱਤਾ ਕਿ ਉਹਨੇ ਉਹਦਾ ਹਾਰ ਚੋਰੀ ਕੀਤਾ ਹੈ। ਇਸ ਇਲਜ਼ਾਮ ਵਿਚ ਕੋਤਵਾਲ ਨੇ ਬਸੰਤ ਨੂੰ ਜੇਲ੍ਹ ਦੀ ਕੋਠੜੀ ਵਿਚ ਬੰਦ ਕਰਵਾ ਦਿੱਤਾ।

ਦਿਨ ਬੀਤਦੇ ਗਏ। ਝੂਠੇ ਇਲਜ਼ਾਮ ਵਿਚ ਬਸੰਤ ਜੇਲ੍ਹ ਦੀ ਹਵਾ ਖਾ ਰਿਹਾ ਸੀ। ਬਸੰਤ ਦੇ ਧਰਮ ਮਾਤਾ-ਪਿਤਾ ਦੀ ਵੀ ਕਿਸੇ ਇਕ ਨਾ ਸੁਣੀ।

ਇਕ ਦਿਨ ਕੀ ਹੋਇਆ ਰਾਜਾ ਰੂਪ ਦੇ ਦਰਬਾਰ ਵਿਚ ਇਕ ਸੁਦਾਗਰ ਨੇ ਆ ਅਰਜ਼ ਗੁਜ਼ਾਰੀ, "ਰਾਜਨ ਮੈਂ ਮਦਦ ਦੀ ਆਸ ਲੈ ਕੇ ਤੁਹਾਡੇ ਪਾਸ ਆਇਆ ਹਾਂ! ਮੇਰਾ ਜਹਾਜ਼ ਸਮੁੰਦਰ ਵਿਚ ਫਸਿਆ ਖੜੈ। ਜੋਤਸ਼ੀਆਂ ਕਿਹੈ ਖਵਾਜਾ ਮਨੁੱਖ ਦੀ ਬਲੀ ਮੰਗਦੈ- ਬਲੀ ਦੇਣ 'ਤੇ ਚੱਲਗੇ। ਮੇਰੇ 'ਤੇ ਕਿਰਪਾ ਕਰੋ ਰਾਜਨ!"

ਰਾਜੇ ਰੂਪ ਨੇ ਕੋਤਵਾਲ ਨੂੰ ਬੁਲਾਇਆ ਤੇ ਕਿਸੇ ਕੈਦੀ ਨੂੰ ਸੁਦਾਗਰ ਦੇ ਹਵਾਲੇ ਕਰਨ ਦਾ ਆਦੇਸ਼ ਦੇ ਦਿੱਤਾ। ਕੋਤਵਾਲ ਨੂੰ ਇਸ ਤੋਂ ਵਧੀਆ ਮੌਕਾ ਹੋਰ ਕੀ ਮਿਲਣਾ ਸੀ ਉਹਨੇ ਬਸੰਤ ਨੂੰ ਜੇਲ੍ਹ ਖ਼ਾਨੇ ਵਿਚੋਂ ਕੱਢ ਕੇ ਸੁਦਾਗਰ ਦੇ ਨਾਲ਼ ਤੋਰ ਦਿੱਤਾ।

ਸੁਦਾਗਰ ਬਸੰਤ ਨੂੰ ਜਹਾਜ਼ 'ਤੇ ਲੈ ਆਇਆ। ਬਸੰਤ ਨੇ ਜਹਾਜ਼ ਦੇ ਇੰਜਣ ਦੇ ਕਲ ਪੁਰਜ਼ਿਆਂ ਨੂੰ ਆਪਣੇ ਹੱਥਾਂ ਨਾਲ਼ ਏਧਰ ਉਧਰ ਘੁਮਾਇਆ ਤੇ ਸੱਜੇ ਹੱਥ ਦੀ ਚੀਚੀ ਨੂੰ ਚੀਰਾ ਦੇ ਕੇ ਖ਼ੂਨ ਦੇ ਕੁਝ ਤੁਬਕੇ ਸਮੁੰਦਰ ਵਿਚ ਤਰੌਂਕ ਦਿੱਤੇ। ਜਹਾਜ਼ ਦੇ ਇੰਜਣ ਨੇ ਘੁਰਰ-ਘੁਰਰ ਕਰਨਾ ਸ਼ੁਰੂ ਕਰ ਦਿੱਤਾ ਤੇ ਹੌਲ਼ੀ-ਹੌਲ਼ੀ ਰਫ਼ਤਾਰ ਫੜ ਲਈ। ਸੁਦਾਗਰ ਬਸੰਤ ਦੀ ਸਿਆਣਪ, ਸੂਝ ਅਤੇ ਸਰੀਰਕ ਦੱਖ 'ਤੇ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਉਸ ਨੂੰ ਆਪਣਾ ਧਰਮ ਪੁੱਤਰ ਬਣਾ ਕੇ ਆਪਣੇ ਨਾਲ਼ ਹੀ ਜਹਾਜ਼ 'ਤੇ ਰੱਖ ਲਿਆ। ਬਸੰਤ ਹੁਣ ਸੁਦਾਗਰ ਪੁੱਤਰ ਵਜੋਂ ਜਹਾਜ਼ 'ਤੇ ਵਿਚਰ ਰਿਹਾ ਸੀ ਤੇ ਉਸ ਲਈ ਸਮੁੰਦਰੀ ਸਫ਼ਰ ਦਾ ਆਪਣਾ ਆਨੰਦ ਸੀ।

ਜਹਾਜ਼ ਕਈ ਮਹੀਨੇ ਸਮੁੰਦਰ ਦੇ ਪਾਣੀਆਂ 'ਤੇ ਤੈਰਨ ਮਗਰੋਂ ਕਾਮ ਰੂਪ ਦੇ ਰਾਜ ਵਿਚ ਪੁਜ ਗਿਆ। ਬੰਦਰਗਾਹ 'ਤੇ ਲੰਗਰ ਸੁਟ ਕੇ ਸੁਦਾਗਰ ਨੇ ਸ਼ਹਿਰ ਦੇ ਇਕ ਬਾਗ਼ ਵਿਚ ਜਾ ਡੇਰੇ ਲਾਏ। ਬਸੰਤ ਬਹੁਤ ਹੀ ਖ਼ੂਬਸੂਰਤ ਤੇ ਛੈਲ ਛਬੀਲਾ ਗੱਭਰੂ ਸੀ। ਕਾਮ ਰੂਪ ਦੀਆਂ ਕਈ ਖ਼ੂਬਸੂਰਤ ਮੁਟਿਆਰਾਂ ਨੇ ਉਹਨੂੰ ਮੋਹ-ਭਿੰਨੀਆਂ ਨਿਗਾਹਾਂ ਨਾਲ਼ ਵੇਖਿਆ ਤੇ ਠੰਢੇ ਹੌਕੇ ਭਰੇ। ਇਕ ਦਿਨ ਸੈਰ ਕਰਦੀ ਕਾਮ ਰੂਪ ਦੀ ਸ਼ਹਿਜ਼ਾਦੀ ਚੰਦਰ ਬਦਨ ਆਪਣੀਆਂ ਸਹੇਲੀਆਂ ਨਾਲ਼ ਬਾਗ਼ 'ਚ ਪੁੱਜ ਗਈ। ਉਹਨੇ ਬਾਂਕੇ ਬਸੰਤ ਵੱਲ ਵੇਖਿਆ ਤੇ ਵੇਂਹਦਿਆਂ ਸਾਰ ਹੀ ਆਪਣਾ ਦਿਲ ਉਹਨੂੰ ਦੇ ਬੈਠੀ ਤੇ ਘਰ ਆ ਕੇ ਆਪਣੇ ਮਾਂ-ਬਾਪ ਨੂੰ ਆਖਿਆ, "ਮੈਂ ਤਾਂ ਵਿਆਹ ਹੀ ਸੁਦਾਗਰ ਦੇ ਮੁੰਡੇ ਨਾਲ਼ ਕਰਾਉਣੈ- ਨਹੀਂ ਤਾਂ ਸਾਰੀ ਉਮਰ ਕੁਆਰੀ ਰਹਾਂਗੀ।" ਉਹਦੇ ਮਾਂ ਬਾਪ ਆਪਣੀ ਧੀ ਦੀ ਜ਼ਿਦ ਅੱਗੇ ਠਹਿਰ ਨਾ ਸਕੇ ਤੇ ਉਨ੍ਹਾਂ ਨੇ

ਸੁਦਾਗਰ ਨੂੰ ਬੁਲਾ ਕੇ ਚੰਦਰ ਬਦਨ ਦੀ ਸ਼ਾਦੀ ਬਸੰਤ ਨਾਲ਼ ਕਰ ਦਿੱਤੀ! ਐਨੀ ਖ਼ੂਬਸੂਰਤ ਮੁਟਿਆਰ ਬਸੰਤ ਨੇ ਪਹਿਲਾਂ ਕਦੀ ਨਹੀਂ ਸੀ ਤੱਕੀ। ਉਹਦੇ ਮਿਰਗਾਂ ਵਰਗੇ ਨੈਣਾਂ 'ਤੇ ਬਸੰਤ ਫ਼ਿਦਾ ਹੋ ਗਿਆ ਤੇ ਉਸ ਨੇ ਮਿਰਗ ਨੈਣੀਂ ਚੰਦਰ ਬਦਨ ਨੂੰ ਤਨੋ ਮਨੋਂ ਆਪਣਾ ਬਣਾ ਲਿਆ! ਕੁਝ ਦਿਨ ਦੋਨੋਂ ਕਾਮਰੂਪ ਦੇ ਮਹਿਲਾਂ ਦਾ ਆਨੰਦ ਮਾਣ ਕੇ ਜਹਾਜ਼ 'ਤੇ ਆ ਗਏ ਤੇ ਚੰਦਰ ਬਦਨ ਆਪਣੇ ਮਾਂ ਬਾਪ ਤੋਂ ਵਿਦਾਈ ਲੈ ਕੇ ਸਮੁੰਦਰੀ ਸਫ਼ਰ 'ਤੇ ਰਵਾਨਾ ਹੋ ਗਈ। ਜਹਾਜ਼ ਹੁਣ ਵਾਪਸ ਮਿਸਰ ਵਲ ਨੂੰ ਪਰਤ ਰਿਹਾ ਸੀ। ਚੰਦਰ ਬਦਨ ਤੇ ਬਸੰਤ ਅਠਖੇਲੀਆਂ ਕਰਦੇ ਪਾਣੀ 'ਤੇ ਮੌਜ ਮਸਤੀ ਮਾਣਦੇ ਰਹੇ। ਇਕ ਦਿਨ ਸੁਦਾਗਰ ਨੇ ਵੇਖਿਆ ਚੰਦਰ ਬਦਨ ਕੱਲਮ ਕੱਲੀ ਮਸਤੂਲ ਕੋਲ਼ ਖੜੋਤੀ ਹੋਈ ਚੜ੍ਹਦੇ ਸੂਰਜ ਨੂੰ ਨਿਹਾਰ ਰਹੀ ਸੀ... ਚੜ੍ਹਦੇ ਸੂਰਜ ਦੀ ਲਾਲੀ 'ਚ ਭਿੱਜੀ ਚੰਦਰ ਬਦਨ ਉਹਨੂੰ ਘਾਇਲ ਕਰ ਗਈ। ਉਹ ਸੋਚਣ ਲੱਗਿਆ, "ਜੇ ਚੰਦਰ ਮੇਰੀ ਬਣ ਜਾਵੇ ਸਾਰੀ ਦੁਨੀਆਂ ਦੀ ਦੌਲਤ ਇਹਦੇ 'ਤੇ ਨਿਛਾਵਰ ਕਰ ਦਿਆਂ।" ਸੁਦਾਗਰ ਨੇ ਹਰ ਹੀਲੇ ਚੰਦਰ ਬਦਨ ਨੂੰ ਆਪਣੀ ਬਨਾਉਣ ਦਾ ਮਨੋ ਮਨੀ ਫੈਸਲਾ ਕਰ ਲਿਆ।

ਚੰਦਰ ਬਦਨ ਤਾਂ ਸੁਦਾਗਰ ਨੂੰ ਆਪਣੇ ਸਹੁਰੇ ਦੇ ਰੂਪ ਵਿਚ ਚਿਤਵ ਰਹੀ ਸੀ ਤੇ ਬਸੰਤ ਆਪਣੇ ਧਰਮ ਪਿਤਾ ਦੇ ਸਮਾਨ ਉਸ ਦਾ ਆਦਰ ਮਾਣ ਕਰਦਾ ਸੀ।

ਜਦੋਂ ਮਨੁੱਖ ਦੇ ਅੰਦਰ ਬਦੀ ਉਠਦੀ ਹੈ ਤਾਂ ਉਹ ਚੰਗੇ ਮਾੜੇ ਦੀ ਪਹਿਚਾਣ ਭੁੱਲ ਜਾਂਦਾ ਹੈ। ਇਕ ਦਿਨ ਕੀ ਹੋਇਆ ਸੁਦਾਗਰ ਤੇ ਬਸੰਤ ਜਹਾਜ਼ ਦੇ ਤਖ਼ਤੇ 'ਤੇ ਖੜੋਤੇ ਹੋਏ ਸਨ ਕਿ ਸੁਮੰਦਰ ਵਿਚੋਂ ਪਾਣੀ ਦੀ ਛਲ ਆਈ ਤੇ ਸੁਦਾਗਰ ਨੇ ਇਕਦਮ ਬਸੰਤ ਨੂੰ ਲੱਕੋਂ ਚੁੱਕ ਕੇ ਫੁਰਤੀ ਨਾਲ਼ ਸਮੁੰਦਰ ਵਿਚ ਵਗਾਹ ਮਾਰਿਆ ਤੇ ਰੌਲਾ ਪਾ ਦਿੱਤਾ ਕਿ ਬਸੰਤ ਸਮੁੰਦਰ ਵਿਚ ਡਿਗ ਕੇ ਡੁੱਬ ਗਿਆ ਹੈ ਤੇ ਨਾਲ਼ ਹੀ ਵਿਰਲਾਪ ਕਰਨ ਲੱਗਾ। ਚੰਦਰ ਬਦਨ ਦਾ ਰੋ ਰੋ ਕੇ ਬੁਰਾ ਹਾਲ ਹੋ ਰਿਹਾ ਸੀ ਤੇ ਉਹ ਬਸੰਤ ਦਾ ਨਾਂ ਲੈ ਲੈ ਕੇ ਬਹੁੜੀਆਂ ਪਾ ਰਹੀ ਸੀ। ਸੁਦਾਗਰ ਵੀ ਉਸ ਨੂੰ ਧਰਵਾਸਾ ਦੇਣ ਵਿਚ ਕੋਈ ਕਸਰ ਨਹੀਂ ਸੀ ਛੱਡ ਰਿਹਾ।

ਏਧਰ ਬਸੰਤ ਸੁਮੰਦਰ ਦੇ ਡੂੰਘੇ ਪਾਣੀਆਂ ਵਿਚ ਜੀਵਨ ਮੌਤ ਦੀ ਲੜਾਈ ਲੜ ਰਿਹਾ ਸੀ ਤੇ ਸਮੁੰਦਰ ਦੀਆਂ ਕਹਿਰ ਭਰੀਆਂ ਲਹਿਰਾਂ ਉਸ ਨੂੰ ਆਪਣੇ ਵਹਿਣ ਵਿਚ ਵਹਾਈ ਜਾ ਰਹੀਆਂ ਸਨ ਕਿ ਅਚਾਨਕ ਇਕ ਅਜਿਹੀ ਸੁਨਾਮੀ ਵਰਗੀ ਲਹਿਰ ਆਈ ਜਿਸ ਵਿਚ ਇਕ ਬੌਂਦਲਿਆ ਹੋਇਆ ਮਗਰਮੱਛ ਰੁੜ੍ਹਿਆ ਜਾ ਰਿਹਾ ਸੀ। ਬਸੰਤ ਨੇ ਹਿੰਮਤ ਕਰਕੇ ਉਸ ਬੌਂਦਲੇ ਹੋਏ ਮਗਰਮੱਛ ਨੂੰ ਜਾ ਜੱਫ਼ੀ ਪਾਈ ਤੇ ਮਜਬੂਤੀ ਨਾਲ਼ ਫੜ ਲਿਆ ਤੇ ਲਹਿਰਾਂ 'ਚ ਵਹਿੰਦਾ ਹੋਇਆ ਮਗਰਮੱਛ ਉਸ ਨੂੰ ਸਮੁੰਦਰ ਦੇ ਕੰਢੇ 'ਤੇ ਲੈ ਆਇਆ ਜਿੱਥੇ ਮਾਹੀਗੀਰ ਮੱਛੀਆਂ ਪਕੜ ਰਹੇ ਸਨ। ਉਨ੍ਹਾਂ ਨੇ ਬਸੰਤ ਨੂੰ ਸਮੁੰਦਰ 'ਚੋਂ ਬਾਹਰ ਕੱਢ ਲਿਆ ਤੇ ਤੁਰੰਤ ਹੀ ਕਈ ਓਹੜ ਪੋਹੜ ਕਰਕੇ

ਉਹਦੀ ਜਾਨ ਬਚਾ ਲਈ ਅਤੇ ਆਪਣੇ ਘਰ ਲੈ ਆਏ। ਮਿਸਰ ਦਾ ਇਕ ਮਾਲੀ ਜੋ ਮਾਹੀਗੀਰਾਂ ਦਾ ਜਾਣੂੰ ਸੀ ਅੱਗੋਂ ਉਸ ਨੂੰ ਆਪਣੇ ਘਰ ਲੈ ਆਇਆ। ਮਾਲੀ ਮਾਲਣ ਦੇ ਘਰ ਕੋਈ ਔਲਾਦ ਨਹੀਂ ਸੀ ਉਹ ਉਸ ਨੂੰ ਪੁੱਤਰ ਵਾਂਗ ਸਮਝਦੇ ਹੋਏ ਉਸ ਨੂੰ ਹਰ ਪੱਖੋਂ ਖ਼ੁਸ਼ੀ ਪ੍ਰਦਾਨ ਕਰਨ ਦਾ ਯਤਨ ਕਰ ਰਹੇ ਸਨ। ਉਹ ਹੁਣ ਉਨ੍ਹਾਂ ਦੇ ਘਰ ਖ਼ੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਸੀ। ਮਾਲਣ ਨੂੰ ਉਸ ਨੇ ਸਾਰੀ ਹੋਈ ਬੀਤੀ ਸੁਣਾਈ। ਉਸ ਨੇ ਆਖਿਆ, "ਪਰਮਾਤਮਾ ਉਸ ਦੀ ਸਾਰ ਲਵੇਗਾ ਤੇ ਚੰਦਰ ਬਦਨ ਉਸ ਨੂੰ ਜ਼ਰੂਰ ਮਿਲੇਗੀ!"

ਸੁਦਾਗਰ ਨੇ ਚੰਦਰ ਬਦਨ ਨੂੰ ਆਪਣੇ ਵਸ ਵਿਚ ਕਰਨ ਲਈ ਕਈ ਹੀਲੇ ਵਰਤੇ-- ਡਰਾਇਆ ਧਮਕਾਇਆ ਵੀ- ਆਖਰ ਸੁਦਾਗਰ ਤੋਂ ਖਹਿੜਾ ਛੁਡਾਣ ਲਈ ਇਕ ਦਿਨ ਚੰਦਰ ਬਦਨ ਨੇ ਚਾਲ ਚੱਲੀ, "ਤੁਸੀਂ ਮੈਨੂੰ ਇਕ ਸਾਲ ਦਾ ਸਮਾਂ ਦੇਵੋ। ਇਸ ਸਮੇਂ ਦੌਰਾਨ ਜੇ ਬਸੰਤ ਜਿਊਂਦਾ ਮਿਲ਼ ਗਿਆ ਤਾਂ ਵਾਹ ਭਲੀ ਨਹੀਂ ਤੁਹਾਡੇ ਨਾਲ਼ ਰੀਤੀ ਅਨੁਸਾਰ ਸ਼ਾਦੀ ਕਰਵਾ ਲਵਾਂਗੀ।"

ਸੁਦਾਗਰ ਤਾਂ ਉਹਨੂੰ ਪ੍ਰਾਪਤ ਕਰਨ ਲਈ ਇਕ ਸਾਲ ਤਾਂ ਕੀ ਕਈ ਸਾਲ ਉਡੀਕਣ ਲਈ ਤਿਆਰ ਸੀ।

ਜਹਾਜ਼ ਵਾਪਸੀ 'ਤੇ ਮਿਸਰ ਵਲ ਨੂੰ ਆ ਰਿਹਾ ਸੀ ਤੇ ਚੰਦਰ ਬਦਨ ਸੁਦਾਗਰ ਦੀ ਰੋਜ਼ ਦੀ ਛੇੜਛਾੜ ਤੋਂ ਨਿਸਚਿੰਤ ਹੋ ਕੇ ਬਸੰਤ ਦੀ ਯਾਦ 'ਚ ਖੋਈ ਸੁਪਨਮਈ ਸੰਸਾਰ ਵਿਚ ਖੋ ਗਈ ਸੀ ਤੇ ਓਧਰ ਬਸੰਤ ਮਾਲਣ ਦੇ ਘਰ ਜਹਾਜ਼ ਦੀ ਵਾਪਸੀ ਦੀ ਉਡੀਕ ਕਰ ਰਿਹਾ ਸੀ।

ਆਖ਼ਰ ਜਹਾਜ਼ ਮਿਸਰ ਦੇ ਸਾਹਲ 'ਤੇ ਆਣ ਲੱਗਾ। ਬਸੰਤ ਤਾਂ ਚੰਦਰ ਦਾ ਹਾਲ ਜਾਨਣ ਲਈ ਬੇਤਾਬ ਸੀ। ਮਾਲਣ ਫੁੱਲਾਂ ਦੇ ਹਾਰ ਤੇ ਗੁਲਦਸਤੇ ਲੈ ਕੇ ਜਹਾਜ਼ 'ਤੇ ਪੁੱਜ ਗਈ ਤੇ ਚੰਦਰ ਬਦਨ ਦੇ ਗਲ਼ 'ਚ ਹਾਰ ਪਾਂਦਿਆਂ ਹੌਲ਼ੇ ਦੇਣੇ ਬੋਲੀ, "ਬੇਟਾ ਉਦਾਸ ਨਾ ਹੋ- ਤੇਰਾ ਸੁਹਾਗ ਜਿਊਂਦਾ ਹੈ- ਬਸੰਤ ਮੇਰੇ ਘਰ ਹੈ- ਉਸ ਨੇ ਸਾਰੀ ਹੱਡ ਬੀਤੀ ਸੁਣਾਈ ਐ- ਉਹ ਤੇਰੀ ਯਾਦ ਵਿਚ ਤੜਪ ਰਿਹੈ... ਮੈਂ ਕਲ੍ਹ ਨੂੰ ਫੇਰ ਆਵਾਂਗੀ ਗੁਲਦਸਤਾ ਲੈ ਕੇ...।"

ਐਨਾ ਆਖ ਮਾਲਣ ਜਹਾਜ਼ ਤੋਂ ਪਰਤ ਆਈ ਤੇ ਚੰਦਰ ਬਦਨ ਦੇ ਚਿਹਰੇ 'ਤੇ ਅਨੂਠੀ ਖ਼ੁਸ਼ੀ ਦੀਆਂ ਲਹਿਰਾਂ ਲਹਿ-ਲਹਾਉਣ ਲੱਗੀਆਂ ਤੇ ਉਸ ਦੇ ਮਨ ਦਾ ਮੋਰ ਪੈਲਾਂ ਪਾਉਣ ਲੱਗਾ।

ਮਾਲਣ ਨੇ ਘਰ ਆ ਕੇ ਜਦੋਂ ਬਸੰਤ ਨੂੰ ਚੰਦਰ ਬਦਨ ਦੇ ਪਤੀਬਰਤਾ ਧਰਮ 'ਤੇ ਕਾਇਮ ਰਹਿਣ ਦੀ ਗੱਲ ਦੱਸੀ ਤਾਂ ਉਹਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਬਸੰਤ ਨੂੰ ਇਸ ਗੱਲ ਦਾ ਤਾਂ ਪਤਾ ਲੱਗ ਗਿਆ ਸੀ ਕਿ ਰਾਜਾ ਰੂਪ ਉਹਦਾ ਭਰਾ ਹੈ। ਉਸ ਤਕ ਪਹੁੰਚ ਕਰਨ ਅਤੇ ਚੰਦਰ ਬਦਨ ਨੂੰ ਸੁਦਾਗਰ ਦੇ ਚੁੰਗਲ ਚੋਂ

ਬਚਾਉਣ ਲਈ ਉਹਨੇ ਇਕ ਵਿਉਂਤ ਬਣਾਈ। ਉਹਨੇ ਮਾਲਣ ਹੱਥ ਇਕ ਸੁਨੇਹਾ ਚੰਦਰ ਬਦਨ ਨੂੰ ਭੇਜਿਆ, "ਚੰਦਰ ਸ਼ੁਕਰ ਐ ਖ਼ੁਦਾ ਦਾ ਤੂੰ ਡੋਲੀ ਨਹੀਂ। ਸੁਦਾਗਰ ਨੂੰ ਆਖ ਕਿ ਉਹ ਤੇਰੇ ਨਾਲ਼ ਵਿਆਹ ਕਰਾਣ ਤੋਂ ਪਹਿਲਾਂ ਤੈਨੂੰ ਰੂਪ ਬਸੰਤ ਦੀ ਕਥਾ ਸੁਣਾਉਣ ਦਾ ਪ੍ਰਬੰਧ ਕਰੇ।"

ਮਾਲਣ ਗੁਲਦਸਤਾ ਭੇਂਟ ਕਰਨ ਦੇ ਪੱਜ ਬਸੰਤ ਦਾ ਸੁਨੇਹਾ ਚੰਦਰ ਬਦਨ ਨੂੰ ਦੇ ਆਈ! ਉਹਨੇ ਸੁਦਾਗਰ ਨੂੰ ਆਖਿਆ, "ਮਾਲਕ ਮੈਂ ਤੁਹਾਨੂੰ ਹੋਰ ਤੜਪਾਉਣਾ ਨਹੀਂ ਚਾਹੁੰਦੀ- ਵਿਆਹ ਕਰਾਣ ਲਈ ਹੁਣੇ ਤਿਆਰ ਹਾਂ- ਵਿਆਹ ਤੋਂ ਪਹਿਲਾਂ ਰੀਤੀ ਅਨੁਸਾਰ ਮੈਂ ਰੂਪ ਬਸੰਤ ਦੀ ਕਥਾ ਸੁਣਨਾ ਚਾਹੁੰਦੀ ਹਾਂ। ਤਦ ਹੀ ਵਿਆਹ ਸੰਪੂਰਨ ਹੋਵੇਗਾ!"

"ਚੰਦਰ ਤੇਰੀ ਇਹ ਮੰਗ ਵੀ ਪੂਰੀ ਹੋ ਜਾਵੇਗੀ- ਤੇਰੇ ਲਈ ਤਾਂ ਮੈਂ ਪਹਾੜ ਵੀ ਪੁਟ ਸਕਦਾ ਹਾਂ। ਅੱਜ ਹੀ ਰਾਜਾ ਰੂਪ ਦੇ ਦਰਬਾਰ 'ਚ ਜਾ ਕੇ ਇਸ ਦਾ ਪ੍ਰਬੰਧ ਕਰਦਾ ਹਾਂ!"

ਸੁਦਾਗਰ ਨੇ ਰਾਜਾ ਰੂਪ ਦੇ ਦਰਬਾਰ ਵਿਚ ਜਾ ਅਰਜ਼ ਗੁਜ਼ਾਰੀ। ਰੂਪ ਤਾਂ ਆਪ ਇਹ ਕਥਾ ਸੁਣਨ ਲਈ ਉਤਾਵਲਾ ਸੀ। ਉਹਨੇ ਸਾਰੇ ਰਾਜ ਵਿਚ ਡੌਂਡੀ ਪਿਟਵਾ ਦਿੱਤੀ ਕਿ ਜਿਹੜਾ ਵਯੱਕਤੀ ਰਾਜ ਦਰਬਾਰ ਵਿਚ ਆ ਕੇ ਰੂਪ ਬਸੰਤ ਦੀ ਕਥਾ ਸੁਣਾਵੇਗਾ ਉਹਨੂੰ ਮੂੰਹ ਮੰਗਿਆ ਇਨਾਮ ਮਿਲੇਗਾ।

ਅਗਲੀ ਭਲਕ ਮਾਲੀ ਨੇ ਰਾਜਾ ਰੂਪ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਅਰਜ਼ ਕੀਤੀ, "ਮਹਾਰਾਜ ਮੇਰੀ ਬੇਟੀ ਰੂਪ ਬਸੰਤ ਦੀ ਕਥਾ ਜਾਣਦੀ ਹੈ। ਉਹਨੇ ਕਦੇ ਪਰਾਏ ਮਰਦ ਦਾ ਮੂੰਹ ਨਹੀਂ ਵੇਖਿਆ। ਮੇਰੇ ਘਰ ਤੋਂ ਸਾਰੇ ਰਾਹ ਵਿਚ ਕਨਾਤਾਂ ਲਗਵਾ ਦੇਵੋ- ਉਹ ਡੋਲੀ 'ਚ ਬੈਠ ਕੇ ਤੁਹਾਡੇ ਦਰਬਾਰ 'ਚ ਹਾਜ਼ਰ ਹੋਵੇਗੀ ਤੇ ਕਥਾ ਸੁਣਾਵੇਗੀ।"

ਬਸੰਤ ਨੂੰ ਡਰ ਸੀ ਕਿ ਪਹਿਲਾਂ ਵਾਂਗ ਕੋਤਵਾਲ ਉਹਨੂੰ ਪਛਾਣ ਨਾ ਲਵੇ। ਇਸ ਲਈ ਉਹਨੇ ਆਪਣਾ ਭੇਸ ਬਦਲ ਕੇ ਰਾਜ ਦਰਬਾਰ ਵਿਚ ਜਾਣ ਦੀ ਵਿਉਂਤ ਬਣਾਈ ਸੀ।

ਸਾਰੇ ਰਾਹ ਵਿਚ ਕਨਾਤਾਂ ਲੱਗ ਗਈਆਂ। ਮਾਲਣ ਨੇ ਬਸੰਤ ਦਾ ਸਿਰ ਗੁੰਦ ਕੇ ਉਸ ਨੂੰ ਇਕ ਖ਼ੂਬਸੂਰਤ ਮੁਟਿਆਰ ਦੇ ਰੂਪ ਵਿਚ ਸ਼ਿੰਗਾਰ ਦਿੱਤਾ ਤੇ ਕਹਾਰ ਉਸ ਨੂੰ ਡੋਲੀ ਵਿਚ ਬਹਾ ਕੇ ਰਾਜ ਦਰਬਾਰ ਵਿਚ ਲੈ ਆਏ।

ਰਾਜ ਦਰਬਾਰ ਵਿਚ ਖ਼ੂਬ ਰੌਣਕਾਂ ਸਨ। ਰਾਜਾ ਰੂਪ ਰਾਜ ਸਿੰਘਾਸਣ 'ਤੇ ਬਿਰਾਜਮਾਨ ਸੀ। ਸੌਦਾਗਰ ਅਤੇ ਹੋਰ ਅਹਿਲਕਾਰ ਰਾਜੇ ਦੇ ਨਾਲ਼ ਸਸ਼ੋਭਤ ਸਨ ਤੇ ਚੰਦਰ ਬਦਨ ਰਾਜ ਮਹਿਲ ਦੇ ਚਿਲਮਨ ਵਿਚ ਬੈਠੀ ਹੋਈ ਸੀ।

ਮਾਲਣ ਦੀ ਧੀ ਨੇ ਕਥਾ ਸ਼ੁਰੂ ਕਰਨ ਲਈ ਰਾਜਾ ਰੂਪ ਪਾਸੋਂ ਆਗਿਆ ਮੰਗੀ, "ਮਹਾਰਾਜ ਆਗਿਆ ਹੋਵੇ ਤਾਂ ਕਥਾ ਸ਼ੁਰੂ ਕਰਾਂ।"

"ਆਗਿਆ ਹੈ! ਨਿਰਵਿਘਨ ਸੁਣਾਓ!" ਰੂਪ ਨੇ ਹੱਥ ਖੜਾ ਕਰਕੇ ਆਗਿਆ ਦੇ ਦਿੱਤੀ।

ਮਾਲਣ ਦੀ ਧੀ ਬਣੇ ਬਸੰਤ ਨੇ ਜਦੋਂ ਵੈਰਾਗਮਈ ਬੋਲਾਂ ਵਿਚ ਰੂਪ-ਬਸੰਤ ਦੀ ਕਥਾ ਸ਼ੁਰੂ ਕੀਤੀ ਤਾਂ ਸਾਰੇ ਦਰਬਾਰ ਵਿਚ ਸੱਨਾਟਾ ਛਾ ਗਿਆ। ਉਸ ਨੇ ਆਪਣੇ ਪਿੰਡੇ 'ਤੇ ਹੰਢਾਈ ਕਥਾ ਨੂੰ ਅਜਿਹੇ ਮਾਰਮਿਕ ਸ਼ਬਦਾਂ ਵਿਚ ਬਿਆਨ ਕੀਤਾ ਕਿ ਰਾਜਾ ਰੂਪ ਦੀਆਂ ਅੱਖੀਆਂ ਵਿਚੋਂ ਵੈਰਾਗ ਦੇ ਅੱਥਰੂਆਂ ਦੀਆਂ ਧਾਰਾਂ ਵਹਿ ਤੁਰੀਆਂ। ਕਥਾ ਸੁਣਦਿਆਂ ਜਦੋਂ ਉਸ ਨੇ ਆਪਣੇ ਰਾਜ ਦੇ ਕੋਤਵਾਲ, ਚੌਕੀਦਾਰ ਅਤੇ ਵੇਸਵਾ ਦੇ ਬਸੰਤ ਪ੍ਰਤੀ ਅਪਣਾਏ ਵਤੀਰੇ ਦਾ ਬ੍ਰਿਤਾਂਤ ਸੁਣਿਆਂ ਤਾਂ ਉਸ ਨੇ ਉਨ੍ਹਾਂ ਨੂੰ ਉਸੇ ਵਕਤ ਗ੍ਰਿਫ਼ਤਾਰ ਕਰਨ ਦਾ ਹੁਕਮ ਸੁਣਾ ਦਿੱਤਾ।

ਕਥਾ ਸੁਣ ਰਹੇ ਸੁਦਾਗਰ ਦੇ ਦਿਲ ਨੂੰ ਉਦੋਂ ਹੀ ਕਾਂਬਾ ਛਿੜ ਪਿਆ ਜਦੋਂ ਮਾਲਣ ਦੀ ਧੀ ਨੇ ਬਸੰਤ ਨੂੰ ਬਲੀ ਦੇਣ ਲਈ ਸੁਦਾਗਰ ਦੇ ਹਵਾਲੇ ਕਰਨ ਦਾ ਕਿੱਸਾ ਸ਼ੁਰੂ ਕੀਤਾ। ਜਦੋਂ ਰਾਜਾ ਰੂਪ ਨੇ ਸੁਦਾਗਰ ਵਲੋਂ ਚੰਦਰ ਬਦਨ ਨੂੰ ਆਪਣੀ ਬਣਾਨ ਖ਼ਾਤਰ ਬਸੰਤ ਨੂੰ ਸਮੁੰਦਰ ਵਿਚ ਸੁੱਟਣ ਦਾ ਬਿਰਤਾਂਤ ਸੁਣਿਆਂ ਤਾਂ ਉਹ ਇਕਦਮ ਅੱਗ ਬਗੂਲਾ ਹੋ ਗਿਆ ਤੇ ਤੁਰੰਤ ਹੀ ਸੁਦਾਗਰ ਨੂੰ ਹੱਥਕੜੀਆਂ ਲਾਣ ਦੇ ਆਦੇਸ਼ ਦੇ ਦਿੱਤੇ।

ਰੂਪ ਦੀ ਹਾਲਤ ਹੁਣ ਵੇਖੀ ਨਹੀਂ ਸੀ ਜਾਂਦੀ ਤੇ ਉਹ ਭੁੱਬਾਂ ਮਾਰ-ਮਾਰ ਕੇ ਰੋ ਰਿਹਾ ਸੀ।

"ਦਿਲ ਥੋੜ੍ਹਾ ਨਾ ਕਰ ਰਾਜਨ! ਬਸੰਤ ਡੁੱਬਿਆ ਨਹੀਂ! ਜਿਊਂਦਾ ਹੈ।" ਮਾਲਣ ਦੀ ਧੀ ਨੇ ਕਥਾ ਅਗਾਂਹ ਤੋਰੀ, "ਰਾਜਨ ਕੁਦਰਤ ਦੇ ਰੰਗ ਨਿਆਰੇ ਨੇ, ਬਸੰਤ ਨੇ ਹਿੰਮਤ ਨਾ ਹਾਰੀ ਉਹ ਸਮੁੰਦਰ ਦੀਆਂ ਖ਼ੂਨੀ ਛੱਲਾਂ ਨਾਲ਼ ਘੋਲ ਕਰਦਾ ਹੋਇਆ ਸਾਗਰ ਦੇ ਕੰਢੇ ਆਣ ਲੱਗਾ ਜਿੱਥੇ ਮਾਹੀਗੀਰ ਮੱਛੀਆਂ ਫੜ ਰਹੇ ਸਨ। ਉਨ੍ਹਾਂ ਨੇ ਬੇਸੁਧ ਬਸੰਤ ਨੂੰ ਹੋਸ਼ ਵਿਚ ਲੈ ਆਂਦਾ ਤੇ ਉਹ ਹੁਣ ਮਾਲਣ ਦੀ ਧੀ ਦੇ ਭੇਸ ਵਿਚ ਤੁਹਾਨੂੰ ਕਥਾ ਸੁਣਾ ਰਿਹਾ ਹੈ।"

ਕਥਾ ਦਾ ਆਖ਼ਰੀ ਵਾਕ ਸੁਣਦੇ ਸਾਰ ਹੀ ਰਾਜਾ ਰੂਪ ਆਪਣੇ ਸਿੰਘਾਸਣ ਤੋਂ ਇਕਦਮ ਉੱਠ ਖੜ੍ਹਾ ਹੋਇਆ ਤੇ ਦੌੜ ਕੇ ਬਸੰਤ ਨੂੰ ਧਾ ਗਲਵਕੜੀ ਪਾਈ! ਦੋਨੋਂ ਕਾਫੀ ਸਮਾਂ ਹਾਉਕੇ ਤੇ ਸਿਸਕੀਆਂ ਭਰਦੇ ਰਹੇ... ਸਾਰੇ ਰਾਜ ਦਰਬਾਰੀਆਂ ਦੀਆਂ ਅੱਖੀਆਂ ਵੀ ਨਮ ਸਨ।

ਚੰਦਰ ਬਦਨ ਨੂੰ ਵੀ ਹਰਮ ਵਿਚੋਂ ਬੁਲਾ ਲਿਆ ਗਿਆ। ਦੋਨੋਂ ਬਸੰਤ ਤੇ ਚੰਦਰ ਬਦਨ ਆਪੋ ਵਿਚ ਮਿਲ਼ ਕੇ ਸਰਸ਼ਾਰ ਹੋ ਗਏ।

ਖ਼ੁਸ਼ੀਆਂ ਦਾ ਕੋਈ ਪਾਰਾਵਾਰ ਨਹੀਂ ਸੀ। ਰਾਜਧਾਨੀ ਵਿਚ ਦੀਪ ਮਾਲ਼ਾ ਕੀਤੀ ਗਈ ਤੇ ਖੈਰਾਤਾਂ ਵੰਡੀਆਂ ਗਈਆਂ।

ਰਾਜਾ ਰੂਪ ਦੇ ਹੁਕਮ 'ਤੇ ਬਸੰਤ ਦੇ ਧਰਮ ਮਾਤਾ-ਪਿਤਾ ਘੁਮਾਰ ਤੇ ਘੁਮਾਰੀ ਅਤੇ ਮਾਲੀ-ਮਾਲਣ ਨੂੰ ਢੇਰ ਸਾਰੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਉਪਰੰਤ ਬਸੰਤ ਦੇ ਜੀਵਨ ਦਾਤੇ ਜੋਗੀ ਮੰਗਲ ਨਾਥ ਦੀ ਭਾਲ਼ ਕਰਕੇ ਉਸ ਨੂੰ ਵੀ ਰਾਜ ਦਰਬਾਰ ਵਿਚ ਸ਼ਾਹੀ ਸਨਮਾਨ ਨਾਲ਼ ਨਿਵਾਜਿਆ ਗਿਆ। ਕੋਤਵਾਲ, ਚੌਕੀਦਾਰ, ਵੇਸਵਾ ਅਤੇ ਸੁਦਾਗਰ ਨੂੰ ਸਖ਼ਤ ਸਜ਼ਾਵਾਂ ਭੁਗਤਣ ਲਈ ਜੇਲ੍ਹ ਭੇਜ ਦਿੱਤਾ ਗਿਆ।

ਕੁਝ ਸਮਾਂ ਮਿਸਰ 'ਚ ਰਹਿਣ ਮਗਰੋਂ ਰੂਪ ਤੇ ਬਸੰਤ ਆਪਣੇ ਪਿਤਾ ਨੂੰ ਮਿਲਣ ਲਈ ਸੰਗਲਾਦੀਪ ਆਏ। ਖੜਗ ਸੈਨ ਹੁਣ ਬੁੱਢਾ ਹੋ ਚੁੱਕਾ ਸੀ ਤੇ ਚੰਦਰਵਤੀ ਕਈ ਵਰ੍ਹੇ ਪਹਿਲਾਂ ਹੀ ਅੰਤਹਿਕਰਣ ਦੀ ਆਵਾਜ਼ ਸੁਣ ਦੇ ਪਸ਼ਚਾਤਾਪ ਵਿਚ ਮੋਹਰਾ ਚੱਟ ਕੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਚੁੱਕੀ ਸੀ। ਦੋਹਾਂ ਪੁੱਤਰਾਂ ਨੂੰ ਮਿਲ਼ ਕੇ ਖੜਗ ਸੈਨ ਦੇ ਝੁਰੜਾਏ ਚਿਹਰੇ 'ਤੇ ਖ਼ੁਸ਼ੀ ਦੀ ਲਹਿਰ ਦੌੜ ਗਈ। ਉਸ ਨੇ ਬਸੰਤ ਨੂੰ ਸੰਗਲਾਦੀਪ ਦਾ ਰਾਜ ਭਾਗ ਸੰਭਾਲ ਦਿੱਤਾ ਤੇ ਆਪ ਬਣ-ਪ੍ਰੱਸਤ ਧਾਰਨ ਕਰ ਲਿਆ। ਕੁਝ ਦਿਨਾਂ ਮਗਰੋਂ ਰੂਪ ਮਿਸਰ ਦੀ ਰਾਜਧਾਨੀ ਨੂੰ ਪਰਤ ਆਇਆ...

•

# ਕੀਮਾ ਮਲਕੀ

ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇਗਾ ਜਿਸ ਨੇ 'ਗੜ੍ਹ ਮੁਗਲਾਣੇ ਦੀਆਂ ਨਾਰਾਂ ਪੀਂਘਾਂ ਝੂਟਦੀਆਂ' ਵਾਲ਼ਾ ਰਿਕਾਰਡ ਸੁਣ ਕੇ ਆਨੰਦ ਨਾ ਮਾਣਿਆਂ ਹੋਵੇ। ਦੋ ਤਿੰਨ ਦਹਾਕੇ ਪਹਿਲਾਂ ਪੰਜਾਬ ਦੇ ਪਿੰਡਾਂ ਵਿਚ ਮੰਗਣੇ-ਵਿਆਹ ਜਾਂ ਕਿਸੇ ਹੋਰ ਖ਼ੁਸ਼ੀ ਦੇ ਅਵਸਰ 'ਤੇ ਕੋਠਿਆਂ ਦੀਆਂ ਛੱਤਾਂ ਉਤੇ ਲਾਊਡ ਸਪੀਕਰ ਲਾ ਕੇ ਰਿਕਾਰਡ ਸੁਣਨ ਦਾ ਆਮ ਰਿਵਾਜ ਸੀ। ਕਈ-ਕਈ ਦਿਨ ਮਸ਼ੀਨੀ ਤਵਿਆਂ ਨੇ ਰੌਣਕਾਂ ਲਾਈ ਰੱਖਣੀਆਂ। ਜਦੋਂ 'ਗੜ੍ਹ ਮੁਗਲਾਣੇ ਦੀਆਂ ਨਾਰਾਂ ਪੀਂਘਾਂ ਝੂਟਦੀਆਂ' ਵਾਲ਼ਾ ਰਿਕਾਰਡ ਵੱਜਣਾ ਤਾਂ ਕੀਮਾ-ਮਲਕੀ ਦੀ ਮੁਹੱਬਤ ਨੇ ਦਿਲਾਂ ਵਿਚ ਅਨੂਠੀਆਂ ਤਰਬਾਂ ਛੇੜ ਦੇਣੀਆਂ ਅਤੇ ਵਫ਼ਾ ਦੀ ਸਾਖ਼ਸ਼ਾਤ ਮੂਰਤ ਸਿਦਕਵਾਨ ਮਲਕੀ ਦੇ ਹੁਸ਼ਨਾਕ ਚਿਹਰੇ ਨੇ ਮਨਾਂ ਦੀਆਂ ਅੱਖਾਂ ਅੱਗੇ ਆ ਸਾਕਾਰ ਰੂਪ ਧਾਰਨਾ।

ਮਲਕੀ ਸਿੰਧ ਦੇ ਇਲਾਕੇ ਦੇ ਪਿੰਡ ਗੜ੍ਹ ਮੁਗਲਾਣੇ ਦੇ ਖਾਂਦੇ-ਪੀਂਦੇ ਵੜੈਚ ਜੱਟ ਰਾਏ ਮੁਬਾਰਕ ਅਲੀ ਦੀ ਲਾਡਲੀ ਧੀ ਸੀ। ਉਸ ਦਾ ਬਾਪ ਪਿੰਡ ਦਾ ਚੌਧਰੀ ਤੇ ਨੰਬਰਦਾਰ ਸੀ ਅਤੇ ਉਹਦਾ ਚਾਚਾ ਦਰੀਆ ਅਕਬਰ ਬਾਦਸ਼ਾਹ ਦੇ ਰਾਜ ਦਰਬਾਰ ਵਿਚ ਸੂਬੇਦਾਰ ਸੀ। ਰਾਏ ਮੁਬਾਰਕ ਦੇ ਦੋ ਗੇਲੀਆਂ ਵਰਗੇ ਪੁੱਤਰ ਸਨ ਅਖਤੂ ਤੇ ਬਖਤੂ। ਸਰਕਾਰੇ ਦਰਬਾਰੇ ਚੌਧਰੀ ਦੀ ਚੰਗੀ ਪੁੱਛ ਪ੍ਰਤੀਤ ਹੋਣ ਕਰਕੇ ਉਨ੍ਹਾਂ ਦਾ ਇਲਾਕੇ ਵਿਚ ਚੰਗਾ ਦਬਦਬਾ ਸੀ। ਘਰ ਵਿਚ ਕਿਸੇ ਕਿਸਮ ਦੀ ਤੋਟ ਨਹੀਂ ਸੀ। ਚਾਰੇ ਬੰਨੇ ਸੱਤੇ ਖੈਰਾਂ ਸਨ। ਦੋਵੇਂ ਪੁੱਤਰ ਵਿਆਹੇ ਹੋਏ ਸਨ- ਮਲਕੀ ਦੀ ਮਾਂ ਜਮਾਲੋ ਪਰਿਵਾਰਕ ਸੁੱਖ ਭੋਗ ਰਹੀ ਸੀ। ਉਸ ਨੂੰ ਕੇਵਲ ਇਕ ਗੱਲ ਦੀ ਚਿੰਤਾ ਸੀ- ਕੌੜੀ ਵੇਲ ਵਾਂਗ ਵੱਧ ਰਹੀ ਮਲਕੀ ਲਈ ਵਰ ਲੱਭਣ ਦੀ... ਮਲਕੀ 'ਤੇ ਆਏ ਦਿਨ ਲੋਹੜੇ ਦਾ ਰੂਪ ਚੜ੍ਹ ਰਿਹਾ ਸੀ ਤੇ ਉਸ ਦੇ ਹੁਸਨ ਦੀ ਚਰਚਾ ਸੱਥਾਂ ਵਿਚ ਹੋ ਰਹੀ ਸੀ।

ਜਮਾਲੋ ਮਲਕੀ ਦੇ ਹੁਸਨ ਨੂੰ ਵੇਖ-ਵੇਖ ਆਪਣੇ ਆਪ 'ਤੇ ਮਾਣ ਮਹਿਸੂਸ ਕਰ ਰਹੀ ਸੀ, ਜਿਸ ਨੇ ਅਜਿਹੀ ਖ਼ੂਬਸੂਰਤ ਧੀ ਨੂੰ ਜਨਮ ਦਿੱਤਾ ਸੀ ਪਰੰਤੂ ਏਹੀ ਹੁਸਨ ਜਮਾਲੋ ਲਈ ਚਿੰਤਾ ਦਾ ਖੌ ਬਣਿਆ ਹੋਇਆ ਸੀ... ਇਕ ਉਹਦਾ ਬਾਪ ਸੀ, ਜਿਹੜਾ ਸਭ ਕਾਸੇ ਤੋਂ ਬੇਨਿਆਜ਼ ਹੋ ਕੇ ਬੇਫ਼ਿਕਰ ਜ਼ਿੰਦਗੀ

ਬਤੀਤ ਕਰ ਰਿਹਾ ਸੀ... ਉਹਦੀ ਧੀ ਜਵਾਨੀ ਦੀਆਂ ਬਰੂਹਾਂ 'ਤੇ ਆਣ ਖਲੋਤੀ ਸੀ, ਜਿਸ ਦੀ ਉਹਨੂੰ ਕੋਈ ਚਿੰਤਾ ਨਹੀਂ ਸੀ।

ਰਾਏ ਮੁਬਾਰਕ ਅਵੈੜੇ ਸੁਭਾਅ ਦਾ ਮਾਲਕ ਸੀ, ਜਿਸ ਕਰਕੇ ਜਮਾਲੋ ਉਹਦੇ ਨਾਲ਼ ਮਲਕੀ ਬਾਰੇ ਕੋਈ ਗੱਲ ਕਰਨੋਂ ਝਿਜਕਦੀ ਸੀ। ਆਖ਼ਰ ਇਕ ਦਿਨ ਹਿੰਮਤ ਕਰਦਿਆਂ ਜਮਾਲੋ ਨੇ ਚੌਧਰੀ ਨੂੰ ਆਖਿਆ, "ਮਖਿਆ ਮਲਕੀ ਦੇ ਅੱਬਾ ਤੂੰ ਕਿਉਂ ਅੱਖਾਂ ਮੁੰਦੀਂ ਫਿਰਦੈਂ...। ਤੇਰੇ ਬੂਹੇ 'ਤੇ ਕੋਠੇ ਜਿੱਡੀ ਧੀ ਬੈਠੀ ਐ ਉਹਨੂੰ ਵਿਆਹੁਣ ਦਾ ਕੋਈ ਬੰਨ ਸੁਬ ਕਰ।"

ਰਾਏ ਮੁਬਾਰਕ ਸੱਚ-ਮੁਚ ਹੀ ਮਲਕੀ ਵਲੋਂ ਅਵੇਸਲਾ ਹੋਇਆ ਬੈਠਾ ਸੀ... ਉਹਦੇ ਲਈ ਤਾਂ ਉਹ ਅਜੇ ਵੀ ਗੁੱਡੀਆਂ ਪਟੋਲਿਆਂ ਨਾਲ਼ ਖੇਡਣ ਵਾਲੀ ਬੱਚੀ ਸੀ।

"ਭਾਗਵਾਨੇ ਤੂੰ ਕਾਹਨੂੰ ਆਪਣਾ ਲਹੂ ਸਾੜਦੀ ਐਂ, ਮਲਕੀ ਦਾ ਚਾਚਾ ਦਰੀਆ ਹੈਗਾ ਆਪੇ ਕੋਈ ਇਹਦੇ ਹਾਣ ਪਰਵਾਣ ਦਾ ਵਰ ਲੱਭ ਦੇਊਗਾ... ਭਲਕੇ ਚਿੱਠੀ ਲਿਖਦਾ ਆਂ ਉਹਨੂੰ।"

ਅਗਲੀ ਭਲਕ ਰਾਏ ਮੁਬਾਰਕ ਨੇ ਆਪਣੇ ਛੋਟੇ ਵੀਰ ਦਰੀਏ ਨੂੰ ਚਿੱਠੀ ਲਿਖ ਦਿੱਤੀ।

ਵੱਡੇ ਭਰਾ ਦੀ ਚਿੱਠੀ ਮਿਲਦੇ ਸਾਰ ਹੀ ਦਰੀਏ ਨੂੰ ਖ਼ੁਸ਼ੀਆਂ ਚੜ੍ਹ ਗਈਆਂ। ਰਾਜ ਦਰਬਾਰ ਦੀ ਨੌਕਰੀ ਕਰਦਿਆਂ ਉਹਦੇ ਅੰਦਰ ਖ਼ੁਦਗਰਜ਼ੀ ਦੇ ਅੰਸ਼ ਪ੍ਰਵੇਸ਼ ਕਰ ਚੁੱਕੇ ਸਨ... ਉਹ ਆਪਣੇ ਨਿੱਜੀ ਹਿੱਤਾਂ ਲਈ ਕੁਝ ਵੀ ਕਰ ਸਕਦਾ ਸੀ। ਪਰੀਆਂ ਵਰਗੀ ਉਹਦੀ ਹੁਸੀਨ ਭਤੀਜੀ ਮਲਕੀ ਉਹਦੇ ਲਈ ਇਕ ਅਜਿਹੀ ਗਿੱਦੜ ਸਿੰਗੀ ਸਾਬਤ ਹੋ ਸਕਦੀ ਸੀ, ਜਿਸ ਦੁਆਰਾ ਉਹ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਉੱਚ ਪਦਵੀ ਪ੍ਰਾਪਤ ਕਰ ਸਕਦਾ ਸੀ। ਹੁਸਨਪ੍ਰੱਸਤ ਅਕਬਰ ਕੱਚੀਆਂ ਕੈਲਾਂ ਦਾ ਰਸੀਆ ਸੀ। ਦਰੀਏ ਨੇ ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖਦਿਆਂ ਮਲੂਕੜੀ ਮਲਕੀ ਰਾਹੀਂ ਉਸ ਦੀ ਏਸ ਕਮਜ਼ੋਰੀ ਦਾ ਲਾਭ ਉਠਾਉਣ ਦਾ ਮਨ ਬਣਾ ਲਿਆ।

ਆਥਣ ਪਸਰ ਰਹੀ ਸੀ ਜਦੋਂ ਦਰੀਆ ਗੜ੍ਹ ਮੁਗਲਾਣੇ ਪੁੱਜਾ। ਉਹਨੂੰ ਵੇਖ ਕੇ ਉਹਦੇ ਵੱਡੇ ਭਰਾ ਮੁਬਾਰਕ ਅਤੇ ਦੋਹਾਂ ਭਤੀਜਿਆਂ ਨੂੰ ਖ਼ੁਸ਼ੀਆਂ ਚੜ੍ਹ ਗਈਆਂ। ਆਂਢੀ-ਗੁਆਂਢੀ ਉਹਦੀ ਖ਼ਬਰ ਸਾਰ ਲੈਣ ਆਏ। ਘਰ ਦੀਆਂ ਬੇਗ਼ਮਾਂ ਰੋਟੀ-ਟੁਕ ਦੇ ਆਹਰ ਵਿਚ ਰੁਝ ਗਈਆਂ... ਮੁਰਗ ਮੁਸੱਲਮ ਭੁੰਨੇ ਗਏ... ਦਰੀਏ ਅਤੇ ਮੁਬਾਰਕ ਨੇ ਬੋਤਲਾਂ ਦੇ ਡੱਟ ਖੋਹਲ ਲਏ ਤੇ ਉਹ ਸਰੂਰ ਵਿਚ ਆ ਗਏ। ਉਹਦੇ ਭਤੀਜੇ ਉਹਦੀ ਖ਼ਾਤਰਦਾਰੀ ਵਿਚ ਪੇਸ਼ ਪੇਸ਼ ਸਨ... ਭਾਬੀ ਜਮਾਲੋ ਦਾ ਚਾਅ ਝੱਲਿਆ ਨਹੀਂ ਸੀ ਜਾਂਦਾ, ਜੋ ਆਨੀ ਬਹਾਨੀਂ ਦੋਹਾਂ ਭਰਾਵਾਂ ਦੀ

ਗੱਲਬਾਤ ਸੁਣਨ ਦਾ ਯਤਨ ਕਰ ਰਹੀ ਸੀ... ਮਲਕੀ ਕਿਧਰੇ ਵੀ ਨਜ਼ਰ ਨਹੀਂ ਸੀ ਆ ਰਹੀ... ਘਰ 'ਚ ਆਪਣੀਆਂ ਭਾਬੀਆਂ ਵਿਚਕਾਰ ਬੈਠੀ ਆਪਣੇ ਭਵਿੱਖ ਦੇ ਹਮਸਫ਼ਰ ਦੀ ਨੁਹਾਰ ਚਿਤਵ ਰਹੀ ਸੀ। ਉਹਨੂੰ ਇਸ ਗੱਲ ਦੀ ਭਿਣਕ ਪੈ ਗਈ ਸੀ ਕਿ ਉਹਦਾ ਚਾਚਾ ਦਰੀਆ ਉਹਦੇ ਰਿਸ਼ਤੇ ਬਾਰੇ ਗੱਲ ਕਰਨ ਆਇਆ ਹੈ।

ਅੰਨ ਪਾਣੀ ਛਕਣ ਛਕਾਉਣ ਮਗਰੋਂ ਜਨਾਨੀਆਂ ਆਪਣੇ ਕਮਰਿਆਂ 'ਚ ਚਲੀਆਂ ਗਈਆਂ। ਦਰੀਆ ਤੇ ਮੁਬਾਰਕ ਮੰਜਿਆਂ 'ਤੇ ਲੰਮੇ ਪੈ ਗਏ। ਦਰੀਆ ਆਪਣੇ ਦਿਲ ਦੀ ਗੱਲ ਕਰਨ ਲਈ ਉਤਾਵਲਾ ਸੀ... ਆਖਰ ਉਹਨੇ ਗੱਲ ਤੋਰੀ, "ਬੜੇ ਭਾਈ ਜਾਗਦੈਂ ? ਗੱਲ ਮੂੰਹੋਂ ਕੱਢਣੀ ਬੜੀ ਔਖੀ ਐ...। ਚੰਗੇ ਰਿਸ਼ਤੇਦਾਰ ਲਭਣੇ ਕਿਹੜਾ ਖਾਲਾ ਜੀ ਦਾ ਬਾੜਾ ਨੇ... ਚੰਗੇ ਪਰਿਵਾਰ ਨਾਲ਼ ਹੱਥ ਜੁੜ ਜਾਣ ਤਾਂ ਧੀ ਵੀ ਸੁਖਾਲੀ ਤੇ ਮਾਪੇ ਵੀ ਸੁਖਾਲੇ...। ਬੜੇ ਭਾਈ ਜੇ ਮੇਰੀ ਗੱਲ ਮੰਨੇਂ ਆਪਾਂ ਆਪਣੀ ਮਲਕੀ ਦਾ ਰਿਸ਼ਤਾ ਬਾਦਸ਼ਾਹ ਅਕਬਰ ਨਾਲ਼ ਕਰ ਦਿੰਨੇ ਆਂ, ਉਹ ਮੇਰੇ ਤੋਂ ਬਾਹਰ ਨੀ...। ਐਡੇ ਵੱਡੇ ਸਾਕ ਨਾਲ਼ ਸਿਰ ਜੋੜਨ ਨਾਲ਼ ਸਾਡੇ ਖ਼ਾਨਦਾਨ ਨੂੰ ਬਹੁਤ ਫਾਇਦੇ, ਨਾਲ਼ੇ ਮਲਕੀ ਰਾਜ ਕਰੂਗੀ, ਗੋਲੀਆਂ 'ਤੇ ਹੁਕਮ ਚਲਾਊਗੀ ਨਾਲ਼ੇ ਆਪਾਂ ਸਰਦਾਰੀਆਂ ਭੋਗਾਂਗੇ।"

ਰਾਏ ਮੁਬਾਰਕ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਦਰੀਆ ਐਡੀ ਵੱਡੀ ਗੱਲ ਆਖ ਦੇਵੇਗਾ... ਉਹ ਇਕਦਮ ਅੱਗ ਦੇ ਭੰਬੂਕੇ ਵਾਂਗ ਉੱਠ ਕੇ ਬੈਠ ਗਿਆ ਤੇ ਆਪਣੇ-ਆਪ ਨੂੰ ਮਸੀਂ ਕਾਬੂ ਕਰਦਿਆਂ ਬੋਲਿਆ, "ਛੋਟੇ ਵੀਰ ਤੂੰ ਇਹ ਗੱਲ ਕਿਵੇਂ ਸੋਚ ਲਈ ? ਮੈਂ ਆਪਣੀ ਮਲੂਕ ਜਹੀ ਧੀ, ਗੁੱਡੀਆਂ-ਪਟੋਲਿਆਂ ਨਾਲ਼ ਖੇਡਣ ਵਾਲ਼ੀ ਨੂੰ ਬੁੱਢੇ ਖੋਸੜ ਅਕਬਰ ਦੇ ਲੜ ਕਿਵੇਂ ਲਾ ਦਿਆਂ... ਇਹਦੇ ਨਾਲੋਂ ਤਾਂ ਉਹਨੂੰ ਕਿਸੇ ਖੂਹ-ਖਾਤੇ 'ਚ ਧੱਕਾ ਦੇਣਾ ਬਿਹਤਰ ਐ... ਲੱਖ ਲਾਹਨਤ ਐ ਤੇਰੀ ਕਮੀਨੀ ਸੋਚ 'ਤੇ... ਤੂੰ ਐਨਾ ਨਿੱਘਰ ਜਾਵੇਂਗਾ ਮੈਂ ਤਾਂ ਸੋਚ ਵੀ ਨਹੀਂ ਸੀ ਸਕਦਾ... ਐਡਾ ਸੁਆਰਥੀ! ਜਿਹੜਾ ਆਪਣੀ ਭਤੀਜੀ ਦੀ ਬਲੀ ਦੇ ਕੇ ਸਰਦਾਰੀਆਂ ਭਾਲਦੈ... ਦੁਰ-ਫਿੱਟੇ ਮੂੰਹ ਤੇਰੇ... ਮੈਂ ਤਾਂ ਐਦਾਂ ਦੀ ਨਵਾਬੀ 'ਤੇ ਥਾਰ ਨੀ ਮਾਰਦਾ।"

ਦਰੀਆ ਮੁਬਾਰਕ ਦੇ ਕੱਬੇ ਸੁਭਾਅ ਤੋਂ ਵਾਕਿਫ਼ ਸੀ। ਉਹਨੇ ਚੁੱਪ ਰਹਿਣਾ ਹੀ ਠੀਕ ਸਮਝਿਆ... ਦੋਨੋਂ ਸਾਰੀ ਰਾਤ ਆਪਣੀਆਂ-ਆਪਣੀਆਂ ਮੰਜੀਆਂ 'ਤੇ ਪਏ ਉਸਲਵੱਟੇ ਭੰਨਦੇ ਰਹੇ।

ਦਰੀਏ ਦੇ ਸਾਰੇ ਮਨਸੂਬੇ ਧਰੇ ਧਰਾਏ ਰਹਿ ਗਏ। ਉਹਨੂੰ ਇਸ ਗੱਲ ਦਾ ਰੋਸ ਸੀ ਕਿ ਉਹਦੇ ਵੱਡੇ ਭਰਾ ਨੇ ਉਸ ਦੀ ਗੱਲ ਨਹੀਂ ਸੀ ਮੰਨੀ। ਬਦਲੇ ਦੀ ਭਾਵਨਾ ਉਹਦੇ ਮਨ ਅੰਦਰ ਪ੍ਰਵੇਸ਼ ਕਰ ਚੁੱਕੀ ਸੀ। ਉਹਨੂੰ ਰਾਜ ਦਰਬਾਰ ਦਾ

ਨਸ਼ਾ ਸੀ। ਉਹਨੇ ਆਪਣੇ ਮਨ ਵਿਚ ਕਿਹਾ, "ਵੇਖਾਂਗਾ ਕਿਹੜਾ ਨਾਢੂ ਖਾਂ ਮਲਕੀ ਨੂੰ ਵਿਆਹ ਕੇ ਲਿਜਾਊਗਾ।"

ਉਹ ਅਗਲੀ ਸਵੇਰ ਬਿਨਾਂ ਕੁਝ ਖਾਧੇ-ਪੀਤੇ ਗੁੱਸੇ ਨਾਲ਼ ਭਰਿਆ ਪੀਤਾ ਦਿੱਲੀ ਨੂੰ ਰਵਾਨਾ ਹੋ ਗਿਆ।

ਦਰੀਏ ਦੇ ਵਤੀਰੇ ਨੇ ਰਾਏ ਮੁਬਾਰਕ ਦੇ ਪਰਿਵਾਰ ਵਿਚ ਸੋਗੀ ਵਾਤਾਵਰਣ ਪੈਦਾ ਕਰ ਦਿੱਤਾ। ਮੁਬਾਰਕ ਨੇ ਦਰੀਏ ਨਾਲ਼ ਹੋਈ ਬੀਤੀ ਸਾਰੀ ਗੱਲਬਾਤ ਆਪਣੇ ਪਰਿਵਾਰ ਨਾਲ਼ ਬੜੀ ਗੰਭੀਰਤਾ ਨਾਲ਼ ਵਿਚਾਰੀ। ਸਾਰਾ ਪਰਿਵਾਰ ਉਸ ਵਲੋਂ ਲਏ ਦ੍ਰਿੜਤਾ ਭਰੇ ਫ਼ੈਸਲੇ ਨਾਲ਼ ਸੌ ਫ਼ੀਸਦੀ ਸਹਿਮਤ ਸੀ। ਮਲਕੀ ਆਪਣੇ ਮਨ ਵਿਚ ਖ਼ੁਸ਼ੀਆਂ ਦੇ ਲੱਡੂ ਭੋਰਦੀ ਹੋਈ ਆਪਣੇ ਬਾਪ ਦੇ ਬਲਿਹਾਰੇ ਜਾ ਰਹੀ ਸੀ ਜਿਸ ਨੇ ਉਸ ਨੂੰ ਬੁੱਢੇ ਬਾਦਸ਼ਾਹ ਦੇ ਹਰਮ ਵਿਚ ਜਾਣੋ ਬਚਾ ਲਿਆ ਸੀ।

ਜਮਾਲੋ ਬੜੀ ਗੰਭੀਰਤਾ ਨਾਲ਼ ਮਲਕੀ ਦਾ ਵਿਆਹ ਛੇਤੀ ਕਰਨ ਬਾਰੇ ਆਖ ਰਹੀ ਸੀ। "ਬਾਦਸ਼ਾਹ ਦਾ ਕੀ ਐ ਮਤੇ ਦਰੀਏ ਦੇ ਕਹੇ 'ਤੇ ਮਲਕੀ ਨੂੰ ਜ਼ੋਰੀਂ ਪਰਨਾ ਕੇ ਲੈ ਜਾਵੇ।"

ਜਮਾਲੋ ਦੀ ਵੱਡੀ ਭੈਣ ਲਾਲੋ ਤਖ਼ਤ ਹਜ਼ਾਰੇ ਦੇ ਚੌਧਰੀ ਮੌਜੂ ਦੇ ਵੱਡੇ ਪੁੱਤਰ ਜਾਨੀ ਚੌਧਰੀ ਨਾਲ਼ ਵਿਆਹੀ ਹੋਈ ਸੀ। ਲਾਲੋ ਦੇ ਪਹਿਲੇ ਜਣੇਪੇ ਸਮੇਂ ਜਦੋਂ ਕੀਮੇ ਦਾ ਜਨਮ ਹੋਇਆ ਸੀ, ਜਮਾਲੋ ਤਖ਼ਤ ਹਜ਼ਾਰੇ ਆਈ ਹੋਈ ਸੀ। ਮੁੰਡੇ ਦੇ ਮਸਤਕ ਨੂੰ ਵੇਖ ਕੇ ਜਮਾਲੋ ਨੇ ਆਪਣੇ ਮਨ ਵਿਚ ਫ਼ੈਸਲਾ ਕਰ ਲਿਆ ਸੀ ਕਿ ਜੇ ਉਸ ਦੇ ਘਰ ਧੀ ਜਨਮੀ ਅਤੇ ਜੇਕਰ ਸੱਚੇ ਰਸੂਲ ਨੇ ਚਾਹਿਆ ਤਾਂ ਉਹ ਆਪਣੀ ਧੀ ਦਾ ਲੜ ਆਪਣੀ ਭੈਣ ਨੂੰ ਫੜਾ ਕੇ ਦੋਹਾਂ ਪਰਿਵਾਰਾਂ ਨੂੰ ਪੱਕੇ ਤੌਰ 'ਤੇ 'ਕੱਠਿਆਂ ਕਰ ਦੇਵੇਗੀ। ਓਦੋਂ ਉਹ ਹਾਮਲਾ ਸੀ, ਦਿਨ ਪਾ ਕੇ ਮਲਕੀ ਨੇ ਜਨਮ ਲਿਆ ਸੀ। ਉਹਨੇ ਆਪਣੇ ਮਨ ਦੀ ਗੱਲ ਕਿਸੇ ਹੋਰ ਨਾਲ਼ ਸਾਂਝੀ ਨਹੀਂ ਸੀ ਕੀਤੀ। ਜਮਾਲੋ ਨੇ ਮਹਿਸੂਸ ਕੀਤਾ ਕਿ ਆਪਣੇ ਮਨ ਦੀ ਭਾਵਨਾ ਨੂੰ ਪੂਰੀ ਕਰਨ ਦਾ ਸਹੀ ਮੌਕਾ ਆ ਗਿਆ ਹੈ। ਉਹਨੇ ਸੋਚਿਆ ਕਿਉਂ ਨਾ ਹੁਣ ਉਹ ਮਲਕੀ ਦਾ ਰਿਸ਼ਤਾ ਕੀਮੇ ਨਾਲ਼ ਕਰਨ ਦੀ ਸਲਾਹ ਰਾਏ ਮੁਬਾਰਕ ਨੂੰ ਦੇਵੇ। ਉਹਨੇ ਰਾਏ ਮੁਬਾਰਕ ਨਾਲ਼ ਗੱਲ ਤੋਰੀ। ਉਹ ਪਹਿਲਾਂ ਹੀ ਤਖ਼ਤ ਹਜ਼ਾਰੇ ਦੇ ਚੌਧਰੀ ਮੌਜੂ ਦੇ ਪਰਿਵਾਰ ਤੋਂ ਜਾਣੂੰ ਸੀ। ਉਹ ਸ਼ਖ਼ਤਾਵਰਾਂ ਦਾ ਪਰਿਵਾਰ ਸੀ...। ਦੋਨੋਂ ਪਰਿਵਾਰ ਮਿਲ਼ ਕੇ ਜਿਹਲਮ ਤੋਂ ਸਿੰਧ ਤਕ ਸਰਦਾਰੀਆਂ ਕਰਨਗੇ... ਇਕੱਠੇ ਸ਼ਿਕਾਰ ਖੇਡਣਗੇ... ਕਿਹੜਾ ਉਨ੍ਹਾਂ ਅੱਗੇ ਕੁਸਕੇਗਾ।

ਕੀਮਾ ਮਲਕੀ ਦੇ ਹਾਣ ਦਾ ਛੈਲ ਛਬੀਲਾ ਗੱਭਰੂ ਸੀ। ਦੋਹਾਂ ਪਰਿਵਾਰਾਂ ਨੇ ਸਿਰ ਮੱਥੇ ਇਹ ਰਿਸ਼ਤੇ ਪ੍ਰਵਾਨ ਕਰ ਲਏ ਤੇ ਦੋਹਾਂ ਦਾ ਨਿਕਾਹ ਪੜ੍ਹਾ ਦਿੱਤਾ।

ਕੀਮਾ ਮੁਕਲਾਵਾ ਲੈਣ ਲਈ ਘੋੜੇ 'ਤੇ ਅਸਵਾਰ ਹੋ ਕੇ ਗੜ੍ਹ ਮੁਗਲਾਣੇ

ਪੁੱਜ ਗਿਆ। ਉਹਦਾ ਸ਼ਗਨਾਂ ਨਾਲ਼ ਸਵਾਗਤ ਕੀਤਾ ਗਿਆ।

ਕੀਮੇ ਨੂੰ ਕੀ ਪਤਾ ਸੀ ਕਿ ਹੋਣੀ ਉਹਦੇ ਲਈ ਖ਼ੁਸ਼ੀਆਂ ਦੀ ਥਾਂ ਗ਼ਮੀਆਂ ਲਈ ਖੜੋਤੀ ਹੈ। ਰਾਏ ਮੁਬਾਰਕ ਨੇ ਛੋਟੇ ਭਰਾ ਦਰੀਏ ਨੂੰ ਰਿਸ਼ਤੇਦਾਰਾਂ ਦੇ ਕਹਿਣ 'ਤੇ ਮਲਕੀ ਦੇ ਮੁਕਲਾਵੇ ਦੇ ਸਮਾਗਮ 'ਚ ਸ਼ਾਮਲ ਹੋਣ ਲਈ ਸੱਦਾ ਭੇਜ ਦਿੱਤਾ। ਉਹ ਇਹ ਨਹੀਂ ਸੀ ਜਾਣਦਾ ਕਿ ਦਰਿਆ ਅੱਗ ਦੀ ਨਾਲ਼ ਬਣਿਆਂ ਅਜੇ ਠੰਢਾ ਨਹੀਂ ਸੀ ਹੋਇਆ...। ਉਹਨੇ ਤਾਂ ਸਗੋਂ ਵੈਰੀ ਦਾ ਰੂਪ ਧਾਰ ਲਿਆ ਸੀ। ਦਰੀਆ ਸ਼ਾਹੀ ਸਿਪਾਹੀਆਂ ਦੀ ਧਾੜ ਲੈ ਕੇ ਗੜ੍ਹ ਮੁਗਲਾਣੇ ਪੁੱਜ ਗਿਆ।

ਸਰਕਾਰੀ ਦਹਿਸ਼ਤਗਰਦੀ ਦੀ ਹੱਦ ਸੀ ਇਹ! ਦਰੀਏ ਨੇ ਕੁਮਕ ਲੈ ਕੇ ਇਸ ਤਰ੍ਹਾਂ ਚੜ੍ਹਾਈ ਕੀਤੀ ਸੀ, ਜਿਵੇਂ ਕਿਸੇ ਸ਼ਾਹੀ ਬਾਗ਼ੀ ਨੂੰ ਗ੍ਰਿਫ਼ਤਾਰ ਕਰਨ ਜਾਣਾ ਹੋਵੇ। ਇਸ ਤੋਂ ਵੱਧ ਕੇ ਕਮੀਨਗੀ ਕੀ ਹੋ ਸਕਦੀ ਸੀ। ਦਰੀਏ ਨੇ ਆਪਣੇ ਮੰਤਵ ਦੀ ਪੂਰਤੀ ਲਈ ਸਰਕਾਰੀ ਦਬਾਅ ਦਾ ਇਹ ਇਕ ਹੋਰ ਹੱਥਕੰਡਾ ਵਰਤਿਆ ਸੀ...। ਸ਼ਾਇਦ ਡਰ ਦੇ ਮਾਰੇ ਮੁਬਾਰਕ ਹੋਰੀਂ ਮਲਕੀ ਨੂੰ ਬਾਦਸ਼ਾਹ ਦੇ ਹਰਮ ਵਿਚ ਭੇਜਣ ਲਈ ਰਾਜ਼ੀ ਹੋ ਜਾਣ। ਦਰੀਆ ਭਰਾ ਦੇ ਰਿਸ਼ਤੇ ਨੂੰ ਭੁੱਲ ਕੇ ਨਵਾਬੀ ਦਾ ਰੋਅਬ ਛਾਂਟ ਰਿਹਾ ਸੀ।

ਦਰੀਏ ਦਾ ਇਹ ਹੱਥਕੰਡਾ ਵੀ ਕਾਰਗਰ ਸਾਬਤ ਨਾ ਹੋਇਆ। ਰਾਏ ਮੁਬਾਰਕ ਆਪਣੀ ਅੜੀ 'ਤੇ ਅੜਿਆ ਹੋਇਆ ਸੀ...। ਉਸ ਨੂੰ ਆਪਣੀ ਇੱਜ਼ਤ ਪਿਆਰੀ ਸੀ। ਆਪਣੇ ਪਰਿਵਾਰ ਦੀ ਮਾਣ ਮਰਿਯਾਦਾ ਲਈ ਉਹ ਅਜਿਹੀਆਂ ਸੈਂਕੜੇ ਮੌਤਾਂ ਮਰਨ ਲਈ ਤਿਆਰ ਸੀ। ਉਹਨੇ ਦਰੀਏ ਨੂੰ ਲਲਕਾਰ ਕੇ ਆਖਿਆ, "ਕਮੀਨਿਆਂ ਮਲਕੀ ਦਾ ਕੀਮੇ ਨਾਲ਼ ਨਿਕਾਹ ਹੋ ਚੁੱਕੈ। ਉਹ ਹੁਣ ਉਹਦੀ ਐ... ਉਹਦੇ ਘਰ ਹੀ ਵੱਸੇਗੀ... ਇਹਦੇ ਤੋਂ ਮੈਂ ਸੈਆਂ ਬਦਾਸ਼ਾਹਾਂ ਨੂੰ ਵਾਰ ਸਕਦਾਂ...।"

ਦਰੀਏ ਦੇ ਪੈਰਾਂ ਥੱਲੇ ਜਿਵੇਂ ਅੰਗਿਆਰ ਦਗ ਰਹੇ ਸਨ। ਉਹ ਗੇੜੇ 'ਤੇ ਗੇੜਾ ਕੱਢ ਰਿਹਾ ਸੀ...। ਉਸ ਦੀ ਆਤਮਾ ਉਸ ਨੂੰ ਲਾਹਨਤਾਂ ਵੀ ਪਾ ਰਹੀ ਸੀ, ਪਰੰਤੂ ਜਦੋਂ ਬੰਦਾ ਆਪਣੇ-ਆਪ ਤੋਂ ਡਿੱਗ ਪਵੇ ਉਹ ਆਪਣੇ ਪਰਾਏ ਦੀ ਪਛਾਣ ਭੁੱਲ ਜਾਂਦੈ...। ਆਪਣੀ ਧੀਆਂ ਵਰਗੀ ਭਤੀਜੀ 'ਤੇ ਜ਼ੁਲਮ ਕਰਦਿਆਂ ਉਸ ਨੂੰ ਭੋਰਾ ਵੀ ਸ਼ਰਮ ਨਹੀਂ ਸੀ ਮਹਿਸੂਸ ਹੋ ਰਹੀ ਨਾ ਹੀ ਕਿਸੇ ਕਿਸਮ ਦਾ ਅਫ਼ਸੋਸ ਹੋ ਰਿਹਾ ਸੀ...। ਸਰਕਾਰੀ ਅਫ਼ਸਰਸ਼ਾਹੀ ਤੇ ਰਾਜ ਦਰਬਾਰ ਦੇ ਰੋਅਬ ਨੇ ਉਹਦਾ ਸਿਰ ਫੇਰ ਦਿੱਤਾ ਸੀ..। ਸਿਪਾਹੀਆਂ ਨੇ ਸਭ ਨੂੰ ਕਾਬੂ ਕਰ ਲਿਆ।

ਰਾਏ ਮੁਬਾਰਕ, ਉਹਦੇ ਦੋਹਾਂ ਪੁੱਤਰਾਂ ਅਤੇ ਕੀਮੇ ਦੀਆਂ ਮੁਸ਼ਕਾਂ ਬੰਨ੍ਹ ਕੇ ਦਰੀਆ ਕਾਫ਼ਲੇ ਦੇ ਰੂਪ ਵਿਚ ਦਿੱਲੀ ਨੂੰ ਰਵਾਨਾ ਹੋ ਗਿਆ। 'ਕੱਲੇ 'ਕੱਲੇ ਕੈਦੀ ਦੀ ਕਈ ਕਈ ਸਿਪਾਹੀ ਨਿਗਰਾਨੀ ਕਰ ਰਹੇ ਸਨ। ਉਨ੍ਹਾਂ ਦਿਨਾਂ ਵਿਚ ਪੈਦਲ ਹੀ ਸਫ਼ਰ ਤੈਅ ਕਰਨਾ ਪੈਂਦਾ ਸੀ। ਅਫ਼ਸਰਸ਼ਾਹੀ ਘੋੜਿਆਂ ਊਠਾਂ 'ਤੇ

ਸਫ਼ਰ ਕਰਦੀ ਸੀ... ਬੜਾ ਲੰਬਾ ਤੇ ਬਿਖੜਾ ਪੈਂਡਾ ਸੀ ਇਹ ਜ਼ੋਖਮ ਭਰਿਆ...

ਮਲਕੀ ਲਈ ਤਾਂ ਜਾਣੀਦਾ ਸਾਰਾ ਸੰਸਾਰ ਹੀ ਸੁੰਨਾ ਹੋ ਗਿਆ ਸੀ... ਉਹਦਾ ਸਭੋ ਕੁਝ ਉੱਜੜ ਚੁੱਕਾ ਸੀ... ਸਿਰ ਦਾ ਸਾਈਂ ਕੀਮਾ, ਬਾਪ ਤੇ ਭਰਾ ਕੈਦੀ ਬਣਾ ਕੇ ਦਿੱਲੀ ਨੂੰ ਲਿਜਾਏ ਜਾ ਰਹੇ ਸਨ। ਉਹਦੀਆਂ ਅੱਖਾਂ ਅੱਗੇ ਹਨ੍ਹੇਰਾ ਛਾ ਗਿਆ। ਉਸ ਨੂੰ ਕੁਝ ਵੀ ਅਹੁੜ ਨਹੀਂ ਸੀ ਰਿਹਾ। ਕਰੇ ਤਾਂ ਕੀ ਕਰੇ। ਕਿਹੜੀ ਬਣਤ ਬਣਾਵੇ, ਜਿਸ ਨਾਲ਼ ਸਾਰੇ ਜਣੇ ਛੁੱਟ ਜਾਣ।

ਜਦੋਂ ਚਾਰੇ ਬੰਨੇ ਦੁੱਖਾਂ ਦਾ ਪਹਾੜ ਟੁੱਟਿਆ ਹੋਵੇ ਤਾਂ ਕਈ ਵਾਰ ਮਨੁੱਖ ਦੀਆਂ ਅੰਦਰੂਨੀ ਸ਼ਕਤੀਆਂ ਉਸ ਦਾ ਸਾਥ ਦੇਂਦੀਆਂ ਹਨ, ਆਤਮ ਵਿਸ਼ਵਾਸ ਅਜਿਹੀ ਸ਼ਕਤੀ ਹੈ ਜੋ ਮਨੁੱਖ ਨੂੰ ਕਦੀ ਡੋਲਣ ਨਹੀਂ ਦੇਂਦੀ।

ਮਲਕੀ ਜਿੰਨੀ ਸਰੀਰਕ ਤੌਰ 'ਤੇ ਨਰੋਈ ਸੀ ਉਤਨੀ ਹੀ ਉਹ ਅੰਦਰੋਂ ਮਜ਼ਬੂਤ ਸੀ, ਇਰਾਦੇ ਦੀ ਪੱਕੀ। ਉਹਨੇ ਆਪਣੇ ਮਨ ਨਾਲ਼ ਫ਼ੈਸਲਾ ਕਰ ਲਿਆ ਕਿ ਉਹ ਰਾਜੇ ਦੇ ਦਰਬਾਰ ਵਿਚ ਜਾ ਕੇ ਫਰਿਆਦ ਕਰੇਗੀ...।

ਮਲਕੀ ਨੇ ਗੇਰੂਏ ਬਸਤਰ ਪਹਿਨ ਕੇ ਸਾਧਣੀ ਦਾ ਰੂਪ ਧਾਰ ਲਿਆ। ਮੂੰਹ 'ਤੇ ਭਬੂਤੀ ਮਲ ਲਈ। ਗਲ਼ ਵਿਚ ਮਾਲ਼ਾ, ਮੋਢੇ 'ਤੇ ਬਗਲ਼ੀ ਤੇ ਹੱਥ ਵਿਚ ਕਾਸਾ ਫੜ ਕੇ ਉਹ ਦਿੱਲੀ ਨੂੰ ਤੁਰ ਪਈ... ਜਿਧਰ ਜਿਧਰ ਦਰੀਏ ਦਾ ਕਾਫ਼ਲਾ ਜਾ ਰਿਹਾ ਸੀ, ਓਧਰ ਓਧਰ ਉਨ੍ਹਾਂ ਦੀ ਪੈੜ ਦੱਬਦੀ ਉਹ ਉਨ੍ਹਾਂ ਦੇ ਪਿੱਛੇ ਤੁਰੀ ਜਾ ਰਹੀ ਸੀ...। ਸੈਂਕੜੇ ਕੋਹਾਂ ਦਾ ਲੰਬਾ ਤੇ ਰਿਖੜਾ ਪੈਂਡਾ... ਬੇਗਾਨੇ ਲੋਕ, ਬੇਗਾਨੀ ਧਰਤੀ... ਪੈਰਾਂ ਵਿਚ ਬਿਆਈਆਂ ਫਟ ਗਈਆਂ... ਮਲੂਕੜੇ ਪੈਰਾਂ ਵਿਚੋਂ ਲਹੂ ਸਿੰਮ ਰਿਹਾ ਸੀ, ਪਰੰਤੂ ਉਸ ਦੇ ਆਤਮ ਵਿਸ਼ਵਾਸ ਨੇ ਉਹਨੂੰ ਥਿੜਕਣ ਨਹੀਂ ਸੀ ਦਿੱਤਾ। ਰਾਹ ਦੀਆਂ ਦੁਸ਼ਵਾਰੀਆਂ ਨੂੰ ਉਹ ਖਿੜੇ ਮੱਥੇ ਸਰ ਕਰ ਰਹੀ ਸੀ...। ਉਹਦਾ ਨੂਰਾਨੀ ਚਿਹਰਾ ਦਗ਼-ਦਗ਼ ਪਿਆ ਕਰਦਾ ਸੀ।

ਵਾਟਾਂ ਕੱਛਦਾ ਦਰੀਏ ਦਾ ਕਾਫ਼ਲਾ ਕੁਰੂਕਸ਼ੇਤਰ ਦੀ ਧਰਤੀ 'ਤੇ ਥਾਨੇਸਰ ਦੇ ਪੜਾਅ 'ਤੇ ਜਾ ਪੁੱਜਾ...। ਮਲਕੀ ਵੀ ਮਗਰੇ ਪਹੁੰਚ ਗਈ। ਉਹਨੇ ਭਿੱਛਿਆ ਮੰਗਣ ਲਈ ਇਕ ਮਹਿਲ ਅੱਗੇ ਜਾ ਅਲਖ ਜਗਾਈ। ਦੇਵਨੇਤ ਨਾਲ਼ ਇਹ ਮਹਿਲ ਅਕਬਰ ਦੀ ਰਾਜਪੂਤ ਰਾਣੀ ਦੀ ਧੀ ਜਮਨਾ ਦਾ ਸੀ। ਭਿੱਛਿਆ ਪਾਉਣ ਆਈ ਜਮਨਾ ਦੀ ਗੋਲੀ ਪਾਸੋਂ ਭਰ ਜੋਬਨ ਮੁਟਿਆਰ ਜੋਗਣ ਦੀ ਤਰਸਯੋਗ ਹਾਲਤ ਝੱਲੀ ਨਾ ਗਈ। ਉਹ ਮਲਕੀ ਨੂੰ ਆਪਣੀ ਰਾਣੀ ਜਮਨਾ ਦੇ ਕੋਲ਼ ਲੈ ਗਈ। ਮਲਕੀ ਦੀ ਸੂਰਤ ਵੇਖ ਕੇ ਜਮਨਾ ਦੇ ਮਨ ਵਿਚ ਸੁੱਤੀ ਵੇਦਨਾ ਜਾਗ ਪਈ। ਉਹਨੂੰ ਇੰਜ ਜਾਪਿਆ ਜਿਵੇਂ ਉਹ ਉਹਦੀ ਨਿੱਕੀ ਭੈਣ ਹੋਵੇ- ਦੁੱਖਾਂ ਨਾਲ਼ ਭੰਨੀ ਹੋਈ...। ਤਰਸ ਭਰੀਆਂ ਨਜ਼ਰਾਂ ਨਾਲ਼ ਨਿਹਾਦਰੀ ਹੋਈ ਜਮਨਾ ਨੇ ਉਹਨੂੰ ਆਪਣੀ ਵੇਦਨਾ ਸੁਣਾਉਣ ਲਈ ਆਖਿਆ। ਮਲਕੀ ਨੇ ਬਿਨਾਂ ਕਿਸੇ

ਸੰਕੋਚ ਤੋਂ ਸਾਰੀ ਵਿੱਥਿਆ ਸੁਣਾ ਦਿੱਤੀ ਤੇ ਇਹ ਵੀ ਦੱਸ ਦਿੱਤਾ ਕਿ ਉਹਦਾ ਚਾਚਾ ਦਰੀਆ ਉਸ ਨੂੰ ਬਾਦਸ਼ਾਹ ਅਕਬਰ ਨਾਲ਼ ਪਰਨਾਉਣਾ ਚਾਹੁੰਦਾ ਹੈ, ਜਿਸ ਕਰਕੇ ਉਹ ਉਹਦੇ ਬਾਪ, ਭਰਾਵਾਂ ਅਤੇ ਉਹਦੇ ਪਤੀ ਨੂੰ ਬੰਦੀ ਬਣਾ ਕੇ ਲਿਆਇਆ ਹੈ।

ਜਮਨਾ ਆਪਣੇ ਬੁੱਢੇ ਬਾਪ ਦੇ ਸ਼ੌਕਾਂ ਤੋਂ ਭਲੀ ਪ੍ਰਕਾਰ ਜਾਣੂ ਸੀ... ਸ਼ਹਿਜ਼ਾਦਾ ਸਲੀਮ ਦੀ ਮਹਿਬੂਬਾ ਅਨਾਰਕਲੀ ਨੂੰ ਅਕਬਰ ਨੇ ਮਰਵਾ ਦਿੱਤਾ ਸੀ, ਕਿਉਂਕਿ ਉਹ ਉਸ ਦੀ ਰਖੇਲ ਨਹੀਂ ਸੀ ਬਣੀ। ਜਮਨਾ ਆਪਣੀ ਬੁੱਢੀ ਮਾਂ ਲਈ ਨਵੀਂ ਸੌਂਕਣ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਦਰੀਏ ਦੀ ਇਹ ਕਰਤੂਤ ਸੁਣ ਕੇ ਉਹ ਗੁੱਸੇ ਨਾਲ਼ ਲਾਲ-ਪੀਲੀ ਹੋ ਗਈ ਤੇ ਦਰੀਏ ਨੂੰ ਤੁਰੰਤ ਆਪਣੇ ਮਹਿਲੀਂ ਬੁਲਾ ਕੇ ਬੰਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਸੁਣਾ ਦਿੱਤਾ। ਮਲਕੀ ਨੂੰ ਉਸ ਨੇ ਆਪਣੇ ਕੋਲ਼ ਹੀ ਰੱਖ ਲਿਆ ਤੇ ਇਹ ਵਿਸ਼ਵਾਸ ਦਿਵਾਇਆ ਕਿ ਉਸ ਨੂੰ ਬਾਦਸ਼ਾਹ ਅਕਬਰ ਵਲੋਂ ਪੂਰਾ ਇਨਸਾਫ਼ ਮਿਲੇਗਾ।

ਦਰੀਏ ਦਾ ਨਿਸ਼ਾਨਾ ਤਾਂ ਅਕਬਰ ਦੇ ਦਰਬਾਰ ਵਿਚ ਉੱਚ ਪਦਵੀ ਪ੍ਰਾਪਤ ਕਰਨ ਦਾ ਸੀ...। ਉਹਦੇ ਲਈ ਅਕਬਰ ਦੀਆਂ ਨਜ਼ਰਾਂ ਵਿਚ ਬਾਗ਼ੀ ਦਰਸਾਏ ਗਏ ਬੰਦੀਆਂ ਲਈ ਉਹਦੀ ਧੀ ਦਾ ਹੁਕਮ ਮੰਨਣਾ ਜ਼ਰੂਰੀ ਨਹੀਂ ਸੀ। ਇਸ ਲਈ ਉਹ ਰਾਤੋ-ਰਾਤ ਅਗਾਂਹ ਤੁਰ ਗਏ।

ਅਗਲੀ ਸਵੇਰ ਜਮਨਾ ਨੂੰ ਕੈਦੀਆਂ ਦੇ ਅਗਾਂਹ ਤੋਰੇ ਜਾਣ ਦੀ ਖ਼ਬਰ ਮਿਲ ਗਈ। ਉਹਦਾ ਗੁੱਸਾ ਹੋਰ ਪ੍ਰਚੰਡ ਹੋ ਗਿਆ...। ਉਹਨੇ ਦਰੀਏ ਨੂੰ ਉਹਦੀ ਕਮੀਨਗੀ ਅਤੇ ਉਹਦਾ ਹੁਕਮ ਨਾ ਮੰਨਣ ਦਾ ਮਜ਼ਾ ਚਖਾਉਣ ਦਾ ਫ਼ੈਸਲਾ ਕਰ ਲਿਆ। ਉਹਨੇ ਮਲਕੀ ਦਾ ਫ਼ਕੀਰੀ ਭੇਸ ਉਤਰਵਾ ਦਿੱਤਾ ਤੇ ਨਵੇਂ ਨਕੋਰ ਵਸਤਰ ਪਹਿਨਾ ਕੇ ਆਪਣੇ ਨਾਲ਼ ਲੈ ਕੇ ਦਿੱਲੀ ਨੂੰ ਤੁਰ ਪਈ।

ਜਮਨਾ ਸਿੱਧੀ ਆਪਣੀ ਮਾਂ ਦੇ ਮਹਿਲ ਵਿਚ ਗਈ। ਉਸ ਨੂੰ ਦਰੀਏ ਦੀ ਸਾਜਿਸ਼ ਤੋਂ ਜਾਣੂੰ ਕਰਵਾਇਆ। ਰਾਣੀ ਇਹ ਸੁਣ ਕੇ ਸਿਰ ਤੋਂ ਪੈਰਾਂ ਤਕ ਝੰਜੋੜੀ ਗਈ। ਉਹਦੀ ਧੀ ਤੋਂ ਵੀ ਘੱਟ ਉਮਰ ਦੀ ਮਲਕੀ ਨੂੰ ਸੌਂਕਣ ਦੇ ਰੂਪ ਵਿਚ ਚਿਤਵ ਕੇ ਉਹ ਕੰਬ ਗਈ।

ਹਨ੍ਹੇਰਾ ਗੂੜ੍ਹਾ ਹੋਇਆ। ਬਾਦਸ਼ਾਹ ਅਕਬਰ ਆਪਣੇ ਦਰਬਾਰ ਵਿਚੋਂ ਵਿਹਲਾ ਹੋ ਕੇ ਆਪਣੀ ਮਨਮੋਹਨੀ ਰਾਣੀ ਦੇ ਮਹਿਲ ਵਿਚ ਆਇਆ ਤਾਂ ਸਾਰੇ ਦੀਵੇ ਗੁਲ ਹੋਏ ਪਏ ਸਨ ਤੇ ਰਾਣੀ ਖਣਪੱਟੀ ਲਈ ਪਈ ਹੋਈ ਸੀ। ਅੱਜ ਪਹਿਲੀ ਵਾਰ ਸੀ ਜਦੋਂ ਰਾਣੀ ਨੇ ਉਸ ਨਾਲ਼ ਅਜਿਹਾ ਵਰਤਾਓ ਕੀਤਾ ਸੀ। "ਉਸ ਕੋਲੋਂ ਕਿਹੜੀ ਅਵੱਗਿਆ ਹੋ ਗਈ ਸੀ, ਜਿਸ ਕਾਰਨ ਰਾਣੀ ਨੇ ਮੂੰਹ ਸੁਜਾਇਆ ਹੋਇਆ ਹੈ...।" ਰਾਜੇ ਨੇ ਸੋਚਿਆ ਤੇ ਰਾਣੀ ਦੀ ਠੋਡੀ ਫੜ ਕੇ ਉਹਦਾ ਮੂੰਹ ਉਤਾਂਹ ਨੂੰ ਚੁੱਕਿਆ।

ਰਾਜੇ ਨੇ ਵੇਖਿਆ ਰਾਣੀ ਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਕਿਰ ਰਹੇ ਸਨ।

ਹੰਝੂ ਤਾਂ ਪੱਥਰ ਦਿਲਾਂ ਨੂੰ ਵੀ ਪਿਘਲਾ ਦੇਂਦੇ ਨੇ, ਅਕਬਰ ਕੀਹਦੇ ਪਾਣੀ ਹਾਰ ਸੀ...। ਉਹਨੇ ਝੱਟ ਦੇਣੇ ਰਾਣੀ ਨੂੰ ਆਪਣੀ ਬੁੱਕਲ ਵਿਚ ਘੁਟਦਿਆਂ ਕਿਹਾ, "ਮੇਰੀ ਜਾਨ, ਕੋਈ ਗੱਲ ਵੀ ਤਾਂ ਦੱਸੋ, ਕਿਹੜੀ ਗੱਲੋਂ ਸੋਹਣਿਆਂ ਨੇ ਅੱਖਾਂ ਸੁਜਾਈਆਂ ਨੇ।"

"ਰਾਜਨ!" ਰਾਣੀ ਗਲ਼ਾ ਸਾਫ਼ ਕਰਦਿਆਂ ਬੋਲੀ, "ਤੁਸੀਂ ਤੇ ਅਦਲੀ ਰਾਜਾ ਅਖਵਾਉਂਦੇ ਓ... ਤੁਹਾਡੇ ਇਨਸਾਫ਼ ਦੀਆਂ ਧੁੰਮਾਂ ਚਾਰੇ ਪਾਸੇ ਜਗ ਰੌਸ਼ਨ ਨੇ। ਮੇਰੇ ਪਾਸੋਂ ਕਿਹੜੀ ਖੁਨਾਮੀ ਹੋ ਗਈ ਹੈ ਜੋ ਤੁਸੀਂ ਇਕ ਨਵੀਂ ਸੌਂਕਣ ਲਿਆ ਕੇ ਮੈਨੂੰ ਸਜ਼ਾ ਦੇ ਰਹੇ ਹੋ?"

"ਰਾਣੀ ਕੀ ਬੁਝਾਰਤਾਂ ਪਾ ਰਹੀ ਏਂ, ਸਪੱਸ਼ਟ ਗੱਲ ਕਰ।" ਅਕਬਰ ਬੋਲਿਆ।

ਰਾਣੀ ਅਕਬਰ ਦੀ ਨਬਜ਼ ਨੂੰ ਬਾਖ਼ੂਬੀ ਪਛਾਣਦੀ ਸੀ। ਉਹ ਉਹਦੇ ਪੂਰੇ ਪ੍ਰਭਾਵ ਥੱਲੇ ਸੀ... ਬੋਲੀ, "ਰਾਜਨ ਮੈਂ ਰਾਜਪੂਤ ਜੱਟਾਂ ਦੀ ਧੀ ਆਂ। ਤੁਸੀਂ ਸ਼ਾਇਦ ਇਹ ਨਹੀਂ ਜਾਣਦੇ ਜੱਟ ਜ਼ਿਮੀਦਾਰ ਜਾਇਦਾਦ ਪਿੱਛੇ ਆਪਣੇ ਸਕੇ ਭਰਾਵਾਂ ਨੂੰ ਵੱਢਣ ਲੱਗੇ ਭੋਰਾ ਕਿਰਕ ਨੀ ਕਰਦੇ। ਮੇਰੇ ਭੋਲੇ ਪਾਤਸ਼ਾਹ ਤੁਹਾਨੂੰ ਪਤੈ ਤੁਹਾਡੇ ਦਰਬਾਰ ਦਾ ਸੂਬੇਦਾਰ ਦਰੀਆ ਆਪਣੇ ਵੱਡੇ ਭਰਾ ਰਾਏ ਮੁਬਾਰਕ ਦੀ ਜਾਇਦਾਦ ਨੂੰ ਹੜੱਪਣ ਤੇ ਉਹਦੀ ਲੰਬਰਦਾਰੀ ਹਥਿਆਉਣ ਖ਼ਾਤਰ ਉਨ੍ਹਾਂ 'ਤੇ ਰਾਜ ਦਰਬਾਰ ਵਿਰੁੱਧ ਬਗ਼ਾਵਤ ਕਰਨ ਦਾ ਝੂਠਾ ਇਲਜ਼ਾਮ ਲਾ ਕੇ ਉਹਨੂੰ ਤੇ ਉਹਦੇ ਦੋਹਾਂ ਪੁੱਤਰਾਂ ਨੂੰ ਬੰਦੀ ਬਣਾ ਲਿਆਇਐ ਤੇ ਤੁਹਾਡੇ ਦਰਬਾਰ 'ਚ ਉੱਚਾ ਰੁਤਬਾ ਲੈਣ ਖ਼ਾਤਰ ਆਪਣੀ ਧੀਆਂ ਵਰਗੀ ਭਤੀਜੀ ਮਲਕੀ ਨੂੰ ਤੁਹਾਡੇ ਹਰਮ ਵਿਚ ਸ਼ਾਮਲ ਕਰ ਕੇ ਮੇਰੀ ਸੌਂਕਣ ਬਣਾਉਣ ਦੀ ਵਿਉਂਤ ਬਣਾ ਕੇ ਉਹਦੇ ਪਤੀ ਕੀਮੇ ਨੂੰ ਵੀ ਫੜ ਲਿਐ।"

ਰਾਣੀ ਦੇ ਬੋਲਣ ਦਾ ਅੰਦਾਜ਼ ਹੀ ਅਜਿਹਾ ਸੀ ਕਿ ਅਕਬਰ ਦੀ ਆਤਮਾ ਟੁੰਬੀ ਗਈ ਤੇ ਉਹ ਧੁਰ ਅੰਦਰ ਤਕ ਝੰਜੋੜਿਆ ਗਿਆ।

ਅਗਲੀ ਸਵੇਰ ਅਕਬਰ ਨੇ ਦਰੀਏ ਨੂੰ ਬੰਦੀਆਂ ਸਮੇਤ ਰਾਜ ਦਰਬਾਰ ਵਿਚ ਹਾਜ਼ਰ ਹੋਣ ਦਾ ਹੁਕਮ ਸੁਣਾ ਦਿੱਤਾ।

ਬੰਦੀਆਂ ਸਮੇਤ ਦਰੀਆ ਹਾਜ਼ਰ ਹੋ ਗਿਆ। ਰਾਜੇ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ- ਕਮੀਨਗੀ ਦੇ ਡੋਰੇ ਉਹਦੀਆਂ ਅੱਖਾਂ ਵਿਚ ਸਾਫ਼ ਝਲਕ ਰਹੇ ਸਨ।

ਅਕਬਰ ਨੇ ਬੰਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ ਅਤੇ ਦਰੀਏ ਨੂੰ ਰਾਜ ਦਰਬਾਰ ਨਾਲ਼ ਧੋਖਾਦੇਹੀ ਕਰਨ ਦੇ ਦੋਸ਼ ਵਿਚ ਫ਼ਾਂਸੀ ਦੀ ਸਜ਼ਾ

ਸੁਣਾ ਦਿੱਤੀ।

ਮਲਕੀ ਜਮਨਾ ਤੇ ਉਹਦੀ ਮਾਂ ਰਾਣੀ ਦਾ ਲੱਖ-ਲੱਖ ਸ਼ੁਕਰ ਅਦਾ ਕਰ ਰਹੀ ਸੀ, ਜਿਨ੍ਹਾਂ ਦੇ ਯਤਨਾਂ ਸਦਕਾ ਉਹਦੇ ਸਿਰ ਦੇ ਸਾਈਂ ਕੀਮੇ, ਬਾਪ ਅਤੇ ਭਰਾਵਾਂ ਦੀ ਬੰਦ ਖਲਾਸੀ ਹੋਈ ਸੀ।

ਜਮਨਾ ਸਾਰਿਆਂ ਨੂੰ ਆਪਣੇ ਨਾਲ਼ ਥਾਨੇਸਰ ਲੈ ਗਈ। ਜਮਨਾ ਦੇ ਮਹਿਲ ਦੀ ਛੱਤ ਉਤੇ ਚੰਦ ਚਾਂਦਨੀ ਰਾਤ ਵਿਚ ਕੀਮਾ ਤੇ ਮਲਕੀ ਇੰਜ ਮਿਲੇ ਜਿਵੇਂ ਔੜਾਂ ਮਾਰੀ ਧਰਤੀ ਨੂੰ ਬਾਰਸ਼ ਦੀਆਂ ਬੂੰਦਾਂ ਮਿਲਦੀਆਂ ਹਨ...। ਦੋਨੋਂ ਇਕ-ਦੂਜੇ 'ਚ ਲੀਨ ਹੋਏ ਖਿੜੀ ਚਾਨਣੀ ਦਾ ਆਨੰਦ ਮਾਣਦੇ ਰਹੇ ਤੇ ਅਗਲੀ ਭਲਕ ਉਹ ਜਮਨਾ ਦਾ ਧੰਨਵਾਦ ਕਰਦੇ ਹੋਏ ਗੜ੍ਹ ਮੁਗਲਾਣੇ ਨੂੰ ਤੁਰ ਪਏ। ਸਾਰੇ ਵਾਤਾਵਰਣ ਵਿਚ ਮੁਹੱਬਤ, ਕੁਰਬਾਨੀ ਅਤੇ ਵਫ਼ਾ ਦੀ ਸੁਗੰਧੀ ਮਹਿਕਾਂ ਵੰਡ ਰਹੀ ਸੀ...। ਜਮਨਾ ਆਪਣੇ ਮਹਿਲ ਦੀ ਛੱਤ 'ਤੇ ਖੜ੍ਹੀ ਆਪਣੇ ਮੁਹੱਬਤੀ ਮਹਿਮਾਨਾਂ ਨੂੰ ਜਾਂਦਿਆਂ ਵੇਖ ਰਹੀ ਸੀ...। ਉਹਦੇ ਨੈਣਾਂ 'ਚੋਂ ਅਣੋਖੀ ਖ਼ੁਸ਼ੀ ਦੇ ਹੰਝੂ ਟਪਕ ਰਹੇ ਸਨ।

•

# ਹੀਰ ਰਾਂਝਾ

ਪੰਦਰਵੀਂ-ਸੋਲ੍ਹਵੀਂ ਸਦੀ ਵਿਚ ਪਾਕਿਸਤਾਨ ਸਥਿਤ ਝੰਗ ਦੇ ਇਲਾਕੇ ਵਿਚ ਵਾਪਰੀ 'ਹੀਰ ਰਾਂਝੇ' ਦੀ ਲੋਕ ਗਾਥਾ ਨੇ ਪੰਜਾਬੀਆਂ ਦੇ ਦਿਲਾਂ 'ਤੇ ਇਕ ਅਮਿੱਟ ਛਾਪ ਲਾ ਦਿੱਤੀ ਹੈ। ਪੰਜਾਬ ਦੇ ਕਣ-ਕਣ ਵਿਚ ਇਹ ਪ੍ਰੀਤ ਕਹਾਣੀ ਰਮੀ ਹੋਈ ਹੈ ਜਿਸ ਨੂੰ ਅੱਜ ਵੀ ਪੰਜਾਬ ਦਾ ਲੋਕ ਮਾਨਸ ਬੜੀਆਂ ਲਟਕਾਂ ਨਾਲ਼ ਗਾ ਕੇ ਅਗੰਮੀ ਖ਼ੁਸ਼ੀ ਪ੍ਰਾਪਤ ਕਰਦਾ ਹੈ।

ਧੀਦੋ ਅਜੇ ਨਿੱਕਾ ਹੀ ਸੀ ਜਦੋਂ ਉਹਦੀ ਮਾਂ ਮਰ ਗਈ। ਉਹਦਾ ਬਾਪ ਮੌਜੂ ਤਖ਼ਤ ਹਜ਼ਾਰੇ ਦਾ ਚੌਧਰੀ ਸੀ। ਚੰਗਾ ਖਾਂਦਾ ਪੀਂਦਾ ਘਰ ਸੀ। ਸਾਰੇ ਇਲਾਕੇ ਵਿਚ ਮੌਜੂ ਚੌਧਰੀ ਦੀ ਇੱਜ਼ਤ ਬਣੀ ਹੋਈ ਸੀ। ਜਾਤ ਦਾ ਮੁਸਲਮਾਨ ਸੀ ਤੇ ਰਾਂਝਾ ਉਨ੍ਹਾਂ ਦਾ ਗੋਤ ਸੀ। ਉਹਦੇ ਘਰ ਅੱਠ ਪੁੱਤਰ ਹੋਏ, ਧੀਦੋ ਉਹਦਾ ਸਭ ਤੋਂ ਛੋਟਾ ਅਤੇ ਪਿਆਰਾ ਪੁੱਤਰ ਸੀ। ਮੌਜੂ ਨੇ ਮਾਂ ਮਹਿਟਰ ਧੀਦੋ ਨੂੰ ਬੜਿਆਂ ਲਾਡਾਂ ਮਲ੍ਹਾਰਾਂ ਨਾਲ਼ ਪਾਲਿਆ। ਧੀਦੋ ਮਸਾਂ ਸੋਲ੍ਹਾਂ-ਸਤਾਰਾਂ ਵਰ੍ਹਿਆਂ ਦਾ ਹੋਇਆ ਸੀ ਕਿ ਮੌਜੂ ਦੀ ਮੌਤ ਹੋ ਗਈ। ਮਗਰੋਂ ਉਹਦੇ ਭਰਾਵਾਂ ਨੇ ਭੋਂ-ਵੰਡ ਲਈ, ਚੰਗੀ ਚੰਗੀ ਆਪ ਰੱਖ ਲਈ ਅਤੇ ਕੱਲਰ ਤੇ ਮਾਰੂ ਜ਼ਮੀਨ ਧੀਦੋ ਦੇ ਹਿੱਸੇ ਪਾ ਦਿੱਤੀ। ਲਾਡਲਾ ਅਤੇ ਛੈਲ ਛਬੀਲਾ ਧੀਦੋ ਭਲਾ ਕੰਮ ਕਿੱਥੋਂ ਕਰਦਾ। ਉਹ ਆਪਣੇ ਪੱਟਾਂ ਨੂੰ ਲਸ਼ਕਾਈ, ਬੋਦੇ ਵਾਹੀ, ਹੱਥ ਵਿਚ ਵੰਝਲੀ ਲਈ ਸਾਰਾ ਸਾਰਾ ਦਿਨ ਪਿੰਡ ਦੀਆਂ ਗਲ਼ੀਆਂ ਵਿਚ ਫਿਰ ਤੁਰ ਛੱਡਦਾ ਜਾਂ ਸੋਹਣੀਆਂ ਤ੍ਰੀਮਤਾਂ ਨਾਲ਼ ਜਕੜਾਂ ਮਾਰ ਲੈਂਦਾ। ਜਦੋਂ ਉਹ ਘਰ ਆ ਕੇ ਰੋਟੀ ਖਾਣ ਲੱਗਦਾ ਤਾਂ ਉਹਦੀਆਂ ਭਾਬੀਆਂ ਉਹਨੂੰ ਕੰਮ ਨਾ ਕਰਨ ਕਾਰਨ ਵੱਢਣ ਖਾਣ ਨੂੰ ਪੈਂਦੀਆਂ। ਇਕ ਦਿਨ ਉਹਦੇ ਤੋਂ ਸਤੀ ਹੋਈ ਭਾਬੀ ਨੇ ਮਿਹਣਾ ਮਾਰਿਆ, "ਵੇ ਕਿਧਰੋਂ ਆ ਗਿਐਂ ਰੋਟੀਆਂ ਦੇ ਨੁਕਸ ਪਰਖਣ ਵਾਲਾ। ਸਾਥੋਂ ਨੀ ਨਿੱਤ ਤੇਰੇ ਨਹੋਰੇ ਝੱਲੇ ਜਾਂਦੇ। ਹਰ ਗੱਲ ਨੂੰ ਨੱਕ ਬੁਲ੍ਹ ਮਾਰਦਾ ਰਹਿਨੈਂ। ਕੱਖ ਭੰਨ ਕੇ ਦੂਹਰਾ ਨੀ ਕਰਦਾ ਉਤੋਂ ਆ ਜਾਂਦੈ ਧੌਂਸ ਦਖਾਉਣ। ਵੇ ਵੇਖ ਲਵਾਂਗੇ ਵੱਡੇ ਨਾਢੂ ਖਾਨ ਨੂੰ ਜਦੋਂ ਸਿਆਲਾਂ ਦੀ ਹੀਰ ਪਰਨਾ ਲਿਆਵੇਂਗਾ।"

ਭਾਬੀ ਦੀ ਇਸ ਬੋਲੀ ਨਾਲ਼ ਧੀਦੋ ਤੜਪ ਉੱਠਿਆ। ਰੋਟੀ ਉਸ ਪਰ੍ਹੇ ਵਗਾਹ ਮਾਰੀ। ਸਤਾਰਾਂ ਅਠਾਰਾਂ ਵਰ੍ਹੇ ਦੇ ਲੜਿਕੇ ਧੀਦੋ ਦੀ ਅਣਖ ਜਾਗ ਪਈ। ਉਹਨੇ ਅੰਦਰੋਂ ਕਪੜਿਆਂ ਦੀ ਇਕ ਪੋਟਲੀ ਕੱਢੀ ਅਤੇ ਵੰਝਲੀ ਕੱਛੇ ਮਾਰ ਪਿੰਡੋਂ

ਨਿਕਲ ਤੁਰਿਆ। ਉਹ ਕਿਧਰ ਨੂੰ ਜਾ ਰਿਹਾ ਸੀ, ਉਹ ਆਪ ਨਹੀਂ ਸੀ ਜਾਣਦਾ। ਭਾਬੀਆਂ ਦੇ ਤਾਹਨੇ ਉਹਨੂੰ ਸੁਣਦੇ ਪਏ ਸਨ ਤੇ ਹੀਰ ਦੀ ਧੁੰਦਲੀ ਤਸਵੀਰ ਉਹਦੇ ਮਨ ਵਿਚ ਉਕਰੀ ਜਾ ਰਹੀ ਸੀ...

ਧੀਦੋ ਆਪਣੇ ਵਿਚਾਰਾਂ ਵਿਚ ਮਗਨ ਟੁਰਦਾ ਰਿਹਾ, ਟੁਰਦਾ ਰਿਹਾ। ਆਪਣੀ ਮਾਂ ਦੀ ਅਣਪਛਾਤੀ ਜਿਹੀ ਯਾਦ ਉਹਨੂੰ ਆਈ, ਉਹਦੀਆਂ ਅੱਖਾਂ ਵਿਚੋਂ ਮਮਤਾ ਦੇ ਅੱਥਰੂ ਵਗ ਟੁਰੇ। ਮੌਜੂ ਦੀ ਜਾਣੀ ਪਛਾਣੀ ਤਸਵੀਰ ਉਹਦੇ ਨੈਣਾਂ ਵਿਚ ਉਤਰੀ, ਉਹਦੇ ਕਲੇਜੇ ਵਿਚੋਂ ਰੁਗ ਭਰਿਆ ਗਿਆ। ਉਹਦੇ ਭਰਾਵਾਂ ਅਤੇ ਭਾਬੀਆਂ ਦੀਆਂ ਸ਼ਕਲਾਂ ਉਹਦੇ ਸਾਹਮਣੇ ਆਈਆਂ, ਉਹਨੇ ਕੌੜਾ ਘੁਟ ਭਰਿਆ। ਅਣਵੇਖੀ ਹੀਰ ਸਲੇਟੀ ਦਾ ਉਹਨੂੰ ਖ਼ਿਆਲ ਆਇਆ– ਉਹਦੇ ਪੈਰਾਂ ਵਿਚ ਹੋਰ ਤੇਜ਼ੀ ਆ ਗਈ। ਇਕ ਅਨੂਠੀ ਮੁਸਕਾਨ ਉਹਦੇ ਬੁਲ੍ਹਾਂ 'ਤੇ ਨੱਚ ਪਈ ਤੇ ਉਹਨੇ ਵੰਝਲੀ ਦੀਆਂ ਮਿਠੀਆਂ ਸੁਰਾਂ ਛੇੜ ਦਿੱਤੀਆਂ।

ਸ਼ਾਮ ਨੂੰ ਧੀਦੋ ਤਖ਼ਤ ਹਜ਼ਾਰੇ ਤੋਂ ਵੀਹ ਪੰਝੀ ਮੀਲ ਦੀ ਵਾਟ 'ਤੇ ਲੰਗਰ ਮਖ਼ਦੂਮ ਨਾਮੀਂ ਪਿੰਡ ਵਿਚ ਪੁੱਜ ਗਿਆ। ਇਸੇ ਪਿੰਡ ਦੀ ਮਸੀਤ ਵਿਚ ਉਹਨੇ ਰਾਤ ਬਤੀਤ ਕੀਤੀ।

ਕੁੱਕੜ ਨੇ ਬਾਂਗ ਦਿੱਤੀ। ਧੀਦੋ ਉੱਠਿਆ, ਮਸੀਤ ਦੀ ਖੂਹੀ ਤੋਂ ਇਸ਼ਨਾਨ ਕੀਤਾ, ਆਪਣੇ ਆਪ ਨੂੰ ਰੀਝ ਨਾਲ਼ ਸੁਆਰਿਆ ਤੇ ਝੰਗ ਸਿਆਲ ਨੂੰ ਚਾਲੇ ਪਾ ਲਏ। ਉਹਦੀ ਮੰਜ਼ਲ ਹੁਣ ਹੀਰ ਦਾ ਪਿੰਡ ਸੀ। ਉਹ ਸਿਆਲੀਂ ਜਾ ਕੇ ਕੀ ਕਰੇਗਾ? ਹੀਰ ਨੂੰ ਕਿਵੇਂ ਮਿਲੇਗਾ? ਉਹ ਇਹ ਨਹੀਂ ਸੀ ਸੋਚ ਰਿਹਾ ਬਸ ਉਹ ਤਾਂ ਕੇਵਲ ਸਿਆਲਾਂ ਨੂੰ ਜਾ ਰਿਹਾ ਸੀ।

ਜਦੋਂ ਧੀਦੋ ਝਨਾਂ ਦੇ ਤ੍ਰਿਮੂੰ ਨਾਮੀ ਪੱਤਣ 'ਤੇ ਪੁੱਜਾ ਉਹ ਥੱਕ ਕੇ ਚੂਰ ਹੋ ਚੁੱਕਿਆ ਸੀ। ਉਰਲੇ ਕੰਢੇ ਤੋਂ ਪਾਰਲੇ ਕੰਢੇ ਵੱਲ ਬੇੜੀ ਤੈਰਦੀ ਜਾ ਰਹੀ ਸੀ। ਉਸ ਆਲ਼ੇ-ਦੁਆਲ਼ੇ ਨਜ਼ਰ ਮਾਰੀ, ਇਕ ਬੇੜੀ ਵਿਚ ਸਜੀਲਾ ਪਲੰਘ ਪਿਆ ਸੀ। ਉਹ ਮੁੜਦੀ ਬੇੜੀ ਦੀ ਉਡੀਕ ਕਰਨ ਲਈ ਉਸ ਸਜੀਲੇ ਪਲੰਘ 'ਤੇ ਇਕ ਪਲ ਲਈ ਬੈਠ ਗਿਆ, ਪਰੰਤੂ ਉਹਦੇ ਉਥੇ ਬੈਠਣ ਦੀ ਦੇਰ ਸੀ ਕਿ ਉਹਨੂੰ ਨੀਂਦ ਨੇ ਜ਼ੋਰ ਪਾ ਲਿਆ ਤੇ ਉਹ ਉਥੇ ਹੀ ਆਪਣੇ ਉੱਤੇ ਚਾਦਰ ਤਾਣ ਕੇ ਸੌਂ ਗਿਆ।

ਪੱਤਣ ਦਾ ਮਲਾਹ ਲੁੱਡਣ ਪਾਰਲੇ ਕੰਢੇ ਤੋਂ ਬੇੜੀ ਮੋੜ ਲਿਆਇਆ। ਉਹਨੂੰ ਇਹ ਨਹੀਂ ਸੀ ਪਤਾ ਕਿ ਕੋਈ ਸਜੀਲੇ ਪਲੰਘ 'ਤੇ ਸੁੱਤਾ ਪਿਆ ਹੈ। ਉਹ ਕੰਢੇ 'ਤੇ ਬੈਠ ਕੇ ਹੁੱਕਾ ਪੀਣ ਲੱਗਾ। ਉਹਦੀਆਂ ਦੋਨੋਂ ਤ੍ਰੀਮਤਾਂ ਵੀ ਉਹਦੇ ਪਾਸ ਆ ਕੇ ਬੈਠ ਗਈਆਂ। ਉਹ ਗੱਲਾਂ ਵਿਚ ਐਨਾ ਰੁਝ ਗਿਆ ਜਿਸ ਕਰਕੇ ਉਹ ਉਸ ਪਲੰਘ ਬਾਰੇ ਸੋਚ ਵੀ ਨਾ ਸਕਿਆ, ਜੀਹਦਾ ਉਹ ਆਪਣੀ ਜਿੰਦ ਨਾਲ਼ੋਂ ਵੀ ਵੱਧ ਖ਼ਿਆਲ ਰੱਖਦਾ ਸੀ।

ਇਕ ਘੰਟਾ ਲੰਘ ਗਿਆ। ਮੁਸਾਫ਼ਰ ਘੂਕ ਸੁੱਤਾ ਪਿਆ ਸੀ। ਹਵਾ ਵਿਚੋਂ ਮਹਿਕ ਆਈ। ਲੁੱਡਣ ਨੇ ਉਠ ਕੇ ਵੇਖਿਆ- ਅੱਲੜ੍ਹ ਮੁਟਿਆਰਾਂ ਦੀ ਟੋਲੀ ਪੱਤਣ 'ਤੇ ਪੁੱਜ ਗਈ ਸੀ। ਉਹਨੇ ਬੇੜੀ ਵਲ ਨਿਗਾਹ ਮਾਰੀ। ਕਿਸੇ ਮੁਸਾਫ਼ਰ ਨੂੰ ਪਲੰਘ 'ਤੇ ਸੁੱਤਾ ਵੇਖ ਕੇ ਉਹਦਾ ਤ੍ਰਾਹ ਨਿਕਲ ਗਿਆ। ਪਰ ਹੁਣ ਕੀ ਕਰਦਾ ? ਮੁਟਿਆਰਾਂ ਦੇ ਖ਼ੁਸ਼ੀਆਂ ਭਰੇ ਹਾਸਿਆਂ ਨਾਲ਼ ਪੱਤਣ ਦੀਆਂ 'ਵਾਵਾਂ ਵਿਚ ਸੁਗੰਧ ਖਿਲਰੀ ਪਈ ਸੀ। ਮੁਟਿਆਰਾਂ ਦੀ ਟੋਲੀ ਉਹਦੇ ਸਿਰ 'ਤੇ ਪੁੱਜ ਚੁੱਕੀ ਸੀ।

"ਵੇ ਲੁੱਡਣਾ! ਔਹ ਮੇਰੀ ਸੇਜ 'ਤੇ ਕਿਹੜਾ ਸੁੱਤਾ ਪਿਐ ?" ਟੋਲੀ ਦੀ ਸਰਦਾਰ ਹੁਸ਼ਨਾਕ ਮੁਟਿਆਰ ਦੇ ਮੱਥੇ 'ਤੇ ਤਿਊੜੀ ਪਈ।

"ਬੀਬੀ, ਪਤਾ ਨੀ ਕਿਹੜਾ ਆ ਕੇ ਸੁਤੈ। ਮੈਂ ਵੀ ਹੁਣੇ ਵੇਖਿਐ।" ਲੁੱਡਣ ਨੇ ਦੋਨੋਂ ਹੱਥ ਜੋੜ ਕੇ ਕੰਬਦਿਆਂ-ਕੰਬਦਿਆਂ ਉੱਤਰ ਦਿੱਤਾ।

ਇਹ ਮੁਟਿਆਰ ਉਹਦੇ ਮਾਲਕ ਦੀ ਅਲਬੇਲੀ ਧੀ ਸੀ।

"ਬੁੱਢਿਆ ਤੂੰ ਦਾਈਆਂ ਕੋਲੋਂ ਢਿੱਡ ਲੁਕੋਨਾ ਏਂ, ਇਹ ਸਭ ਤੇਰੀ ਸ਼ਰਾਰਤ ਲਗਦੀ ਐ। ਤੂੰ ਉਹਤੋਂ ਮੇਰੀ ਸੇਜ 'ਤੇ ਸੌਣ ਦੇ ਪੈਸੇ ਬਟੋਰੇ ਹੋਣੇ ਨੇ। ਪਹਿਲਾਂ ਉਹਨੂੰ ਸੌਣ ਦਾ ਸੁਆਦ ਚਖਾ ਲਵਾਂ ਫੇਰ ਲੈਨੀ ਆਂ ਤੇਰੀ ਖ਼ਬਰ।" ਉਹ ਕੜਕਦੀ ਹੋਈ ਬੋਲੀ।

ਮੁਟਿਆਰ ਨੇ ਕੋਲ਼ ਪਈਆਂ ਤੂਤ ਦੀਆਂ ਛਟੀਆਂ ਵਿਚੋਂ ਇਕ ਹਰੀ ਛਮਕੀ ਚੁੱਕ ਲਈ ਤੇ ਚਾਦਰ ਤਾਣੀ ਪਏ ਮੁਸਾਫ਼ਰ ਦੁਆਲੇ ਹੋ ਗਈ।

"ਵੇ ਤੂੰ ਕਿਹੜੈਂ ਏਥੇ ਲੰਮੀਆਂ ਤਾਣੀ ਪਿਆ," ਉਹਨੇ ਛਮਕੀ ਦੀ ਹੁੱਜ ਮਾਰੀ ਪਰ ਉਹ ਘੂਕ ਸੁੱਤਾ ਪਿਆ ਸੀ।

ਮੁਟਿਆਰ ਦੀਆਂ ਗੁਲਾਬੀ ਗੱਲ੍ਹਾਂ ਗੁੱਸੇ ਨਾਲ਼ ਭਖ ਉੱਠੀਆਂ। ਉਹਨੇ ਸੁੱਤੇ ਪਏ ਮੁਸਾਫ਼ਰ ਦੇ ਤਿੰਨ ਚਾਰ ਛਮਕਾਂ ਜੜ ਦਿੱਤੀਆਂ। ਧੀਦੋ ਮੁਖ ਤੋਂ ਪੱਲਾ ਪਰੇ ਸਰਕਾਇਆ- ਅਮਸਾਨੀ ਚੰਦ ਦੀ ਖ਼ੂਬਸੂਰਤ ਟੁਕੜੀ ਧਰਤ 'ਤੇ ਉਤਰ ਪਈ। ਮੁਟਿਆਰ ਦੀਆਂ ਅੱਖਾਂ ਚੁੰਧਿਆ ਗਈਆਂ ਤੇ ਛਮਕੀ ਉਹਦੇ ਹੱਥ ਵਿਚੋਂ ਪਰ੍ਹੇ ਜਾ ਡਿੱਗੀ। ਮੁਸਾਫ਼ਰ ਮੁਸਕਰਾਂਦਾ ਬੋਲਿਆ, "ਮੁਟਿਆਰੇ ਕਿਉਂ ਰੁਕ ਗਈ ਏਂ। ਇਹੋ ਜਿਹੀਆਂ ਛਮਕਾਂ ਤਾਂ ਰੱਬ ਨਿੱਤ ਮਰਵਾਵੇ।"

ਮੁਟਿਆਰ ਸ਼ਰਮਾ ਗਈ। ਮੁਟਿਆਰ ਦੇ ਬਾਂਕੇ ਸਰੀਰ ਨੇ ਧੀਦੋ 'ਤੇ ਕੋਈ ਜਾਦੂ ਧੂੜ ਦਿੱਤਾ। ਧੀਦੋ ਦੀ ਮਨਮੋਹਣੀ ਸੂਰਤ ਮੁਟਿਆਰ ਦੇ ਧੁਰ ਅੰਦਰ ਲਹਿ ਗਈ।

"ਮੈਂ ਰਾਹੀ ਆਂ ਮੁਟਿਆਰੇ, ਬੜੀ ਦੂਰੋਂ ਆਇਆਂ ਤਖ਼ਤ ਹਜ਼ਾਰੇ ਤੋਂ। ਮੇਰਾ ਨਾਂ ਧੀਦੋ ਰਾਂਝਾ ਏ। ਮੇਰਾ ਭਾਈਆ ਮੌਜੂ ਚੌਧਰੀ ਸੀ, ਉਹ ਮਰ ਗਿਆ ਏ। ਮਗਰੋਂ ਮੇਰੇ ਭਰਾਵਾਂ ਨੇ ਮੇਰੇ ਨਾਲ਼ ਧੋਖਾ ਕੀਤਾ ਏ ਤੇ ਮੈਂ ਘਰੋਂ ਨਸ ਆਇਆਂ। ਮੈਂ ਝੰਗ

ਸਿਆਲੀਂ ਹੀਰ ਸਲੇਟੀ ਦੇ ਦੀਦਾਰ ਲਈ ਚੱਲਿਆਂ। ਕਹਿੰਦੇ ਨੇ ਬੜੀ ਹੁਸ਼ਨਾਕ ਏ। ਮੁਟਿਆਰੇ ਤੂੰ ਹੀ ਉਹਦਾ ਕੋਈ ਥਹੁ ਪਤਾ ਦਸ।" ਧੀਦੋ ਰਾਂਝੇ ਨੇ ਬਿਨਾਂ ਲਕੋ ਦੇ ਸਾਰੀ ਗੱਲ ਸਪੱਸ਼ਟ ਕਰ ਦਿੱਤੀ।

ਇਹ ਸੁਣ ਸਾਰੀਆਂ ਮੁਟਿਆਰਾਂ ਤਾੜੀ ਮਾਰ ਕੇ ਹੱਸ ਪਈਆਂ। 'ਵਾਵਾਂ ਵਿਚ ਕੇਸਰ ਘੁਲ ਗਏ। ਰਾਂਝੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕਿਹੋ ਜਹੀ ਗੱਲ ਆਖ ਬੈਠਾ ਹੈ ਜੀਹਦੇ ਕਾਰਨ ਸਾਰੀਆਂ ਮੁਟਿਆਰਾਂ ਹੱਸ ਹੱਸ ਦੂਹਰੀਆਂ ਹੋ ਰਹੀਆਂ ਨੇ।

"ਅੱਛਾ! ਤਾਂ ਤੂੰ ਹੀਰ ਵਾਸਤੇ ਐਡੀ ਦੂਰੋਂ ਆਇਐਂ। ਜੋੜ ਤਾਂ ਬੜਾ ਸੁਹਣਾ ਜੁੜਿਆ ਏ।" ਇਕ ਹੋਰ ਮੁਟਿਆਰ ਅੱਗੇ ਵਧੀ-ਛਮਕੀ ਵਾਲ਼ੀ ਮੁਟਿਆਰ ਹੁਣ ਦੂਜੀਆਂ ਮੁਟਿਆਰਾਂ ਵਿਚਕਾਰ ਗੁਆਚ ਗਈ ਸੀ।

"ਚਲ ਵੇ ਰਾਂਝਿਆ ਤੈਨੂੰ ਹੀਰ ਦੇ ਘਰ ਲੈ ਚੱਲੀਏ।" ਇਕ ਹੋਰ ਜਵਾਨੀ ਨੇ ਚਸਕਾ ਲਿਆ।

ਧੀਦੋ ਉਨ੍ਹਾਂ ਦੇ ਮਗਰ ਹੋ ਟੁਰਿਆ।

ਲੁੱਡਣ ਉਨ੍ਹਾਂ ਵਲ ਬਿਟ-ਬਿਟ ਤਕਦਾ ਖੜਾ ਰਿਹਾ।

ਝੰਗ ਪਿੰਡ ਦੇ ਚੜ੍ਹਦੇ ਪਾਸੇ ਚੂਚਕ ਚੌਧਰੀ ਦੀ ਹਵੇਲੀ ਸੀ। ਸਾਰੀਆਂ ਮੁਟਿਆਰਾਂ ਮੁਗਧ ਹੋਈਆਂ ਆਪਣੇ-ਆਪਣੇ ਘਰਾਂ ਨੂੰ ਚਲੀਆਂ ਗਈਆਂ। ਛਮਕੀ ਵਾਲੀ ਮੁਟਿਆਰ ਦੇ ਪਿੱਛੇ-ਪਿੱਛੇ ਤੁਰਦਾ ਧੀਦੋ ਰਾਂਝਾ ਚੂਚਕ ਦੀ ਹਵੇਲੀ ਆਣ ਵੜਿਆ। ਅੱਗੇ ਰੰਗੀਲੇ ਪਲੰਘ 'ਤੇ ਬੈਠਾ ਚੌਧਰੀ ਹੁੱਕਾ ਪੀ ਰਿਹਾ ਸੀ। ਉਨ੍ਹਾਂ ਵਲ ਉਹ ਉਤਸੁਕਤਾ ਨਾਲ਼ ਵੇਖਣ ਲੱਗਾ।

"ਭਾਈਆ ਮੈਂ ਮੱਝਾਂ ਚਾਰਨ ਲਈ ਚਾਕ ਲੱਭ ਲਿਆਈਂ ਆਂ। ਇਹ ਜਾਤ ਦਾ ਰਾਂਝਾ ਏ- ਤੇ ਤਖ਼ਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੁੱਤਰ ਏ। ਇਹ ਘਰੋਂ ਭਾਈਆਂ ਨਾਲ਼ ਲੜ ਕੇ ਏਧਰ ਚਾਕਰੀ ਕਰਨ ਆਇਆ ਏ।" ਮੁਟਿਆਰ ਨੇ ਚੂਚਕ ਦੀਆਂ ਪ੍ਰਸ਼ਨ ਸੂਚਕ ਨਿਗਾਹਾਂ ਦਾ ਉੱਤਰ ਬੜੀ ਸਿਆਣਪ ਨਾਲ਼ ਦੇ ਦਿੱਤਾ।

ਚੂਚਕ ਨੇ ਨੀਵੀਂ ਪਾਈ ਖੜੇ ਰਾਂਝੇ ਵੱਲ ਵੇਖਿਆ, ਉਹਦੇ ਸਾਰੇ ਸਰੀਰ 'ਤੇ ਫਿਰਵੀਂ ਨਜ਼ਰ ਮਾਰੀ ਤੇ ਉਹਨੂੰ ਇਸ਼ਾਰਾ ਕਰਕੇ ਆਪਣੇ ਪਾਸ ਸੱਦ ਲਿਆ ਤੇ ਉਹਦੀ ਪਿੱਠ 'ਤੇ ਥਾਪੀ ਦੇ ਕੇ ਉਹਨੂੰ ਆਪਣੇ ਨਾਲ਼ ਪਲੰਘ 'ਤੇ ਬਠਾ ਲਿਆ। ਫੇਰ ਉਸ ਨੇ ਆਪਣੀ ਧੀ ਨੂੰ ਸੰਬੋਧਨ ਕਰਕੇ ਕਿਹਾ, "ਜਾ ਹੀਰੇ ਇਹਨੂੰ ਕਾੜ੍ਹਨੀ ਵਿਚੋਂ ਦੁੱਧ ਦਾ ਛੰਨਾ ਕੱਢ ਕੇ ਪਲ਼ਾ ਸਵੇਰ ਦਾ ਭੁੱਖਾ ਹੋਵੇਗਾ।"

"ਹੀਰ" ਸ਼ਬਦ ਦੇ ਬੋਲ ਰਾਂਝੇ ਦੇ ਕੰਨੀਂ ਪਏ ਉਹਨੇ ਇਕਦਮ ਤ੍ਰੱਬਕ ਕੇ ਉਸ ਮੁਟਿਆਰ ਵਲ ਵੇਖਿਆ। ਦੋਨੋਂ ਮੁਸਕੜੀਏਂ ਮੁਸਕਰਾ ਪਏ। ਦੋਨੋਂ ਮੁਸਕਾਨਾਂ ਇਕ ਦੂਜੇ ਨੂੰ ਕਤਲ ਕਰ ਗਈਆਂ।

ਰਾਂਝਾ ਹੀਰ ਦੇ ਘਰ ਮੱਝਾਂ 'ਤੇ ਚਾਕ ਰਹਿ ਪਿਆ। ਰਾਂਝਾ ਸਾਝਰੇ ਹੀ ਵੱਗ

ਬੇਲੇ ਵਿਚ ਲੈ ਜਾਂਦਾ। ਉਹ ਜਦ ਵੰਝਲੀ 'ਤੇ ਮਿੱਠੀਆਂ ਸੁਰਾਂ ਛੇੜਦਾ, ਸਾਰਾ ਬੇਲਾ ਨਸ਼ਿਆ ਜਾਂਦਾ। ਚਰਦੇ ਪਸ਼ੂ ਬੂਥੀਆਂ ਚੁੱਕ ਕੇ ਉਹਦੀਆਂ ਤਾਨਾਂ ਸੁਣਨ ਲਈ ਖੜੋ ਜਾਂਦੇ। ਹੀਰ ਬੜੀ ਰੀਝ ਨਾਲ਼ ਰਾਂਝੇ ਲਈ ਚੂਰੀ ਕੁੱਟਦੀ ਤੇ ਆਪ ਬੇਲੇ ਵਿਚ ਜਾ ਪੁੱਜਦੀ। ਇਕ ਦਿਨ ਜਦੋਂ ਉਹ ਬੇਲੇ ਵਿਚ ਪੁੱਜੀ ਤਾਂ ਰਾਂਝੇ ਦੀ ਕੋਇਲ ਜਿਹੀ 'ਵਾਜ਼ ਉਹਦੇ ਕੰਨੀਂ ਪਈ। ਉਹ ਉਹਦੀ ਪਿੱਠ ਪਿੱਛੇ ਮਲਕ ਦੇ ਕੇ ਖੜੋ ਗਈ। ਰਾਂਝਾ ਵਜਦ ਵਿਚ ਆ ਕੇ ਗਾ ਰਿਹਾ ਸੀ-

*ਆਖੇਂ ਗਲ ਤਾਂ ਹੀਰੇ ਕਹਿ ਕੇ ਸੁਣਾ ਦਿਆਂ ਨੀ*
*ਦੇ ਕੇ ਤੈਨੂੰ ਨੱਢੀਏ ਸੋਹਣੇ ਨੀ ਹਵਾਲੇ*
*ਮੋਹ ਲਿਆ ਮੈਨੂੰ ਪਰੀਏ ਤੇਰਿਆਂ ਨੀ ਨੈਣਾਂ ਨੇ*
*ਮੈਂ ਕੀ ਜਾਣਾਂ ਇਨ੍ਹਾਂ ਅੱਖੀਆਂ ਦੇ ਚਾਲੇ*
*ਬਲਣ ਮਸਾਲਾਂ ਵਾਂਗੂੰ ਅੱਖੀਆਂ ਹੀਰੇ ਤੇਰੀਆਂ*
*ਆਸ਼ਕ ਘੇਰ ਤੈਂ ਭਮੱਕੜ ਵਿਚ ਫਸਾ ਲੇ*
*ਮੁਖੜਾ ਤੇਰਾ ਹੀਰੇ ਸੋਹਣਾ ਫੁੱਲ ਗੁਲਾਬ ਨੀ*
*ਆਸ਼ਕ ਭੌਰ ਜੀਹਦੇ ਫਿਰਦੇ ਨੀ ਉਦਾਲੇ*
*ਵਿੰਨ੍ਹਿਆ ਕਾਲਜਾ ਨਾ ਹਿੱਲਿਆ ਜਾਵੇ ਰਾਂਝੇ ਤੋਂ*
*ਇਹ ਜਿੰਦ ਕਰਤੀ ਮੈਂ ਤਾਂ ਤੇਰੇ ਨੀ ਹਵਾਲੇ*

ਹੀਰ ਤੋਂ ਰਹਿ ਨਾ ਹੋਇਆ, ਉਹਨੇ ਨਸ ਕੇ ਰਾਂਝੇ ਦੁਆਲੇ ਆਪਣੀਆਂ ਮਖ਼ਮਲੀ ਬਾਹਾਂ ਵਲਾ ਦਿੱਤੀਆਂ। ਰਾਂਝਾ ਤ੍ਰੱਬਕ ਪਿਆ। ਸੂਹੇ ਗੁਲਾਬ ਵਾਂਗ ਟਹਿਕਦਾ ਹੀਰ ਦਾ ਪਿਆਰਾ ਮੁਖੜਾ ਰਾਂਝੇ ਦੀ ਝੋਲੀ ਆਣ ਪਿਆ। ਦੋਨਾਂ ਪ੍ਰੀਤ ਨਿਭਾਉਣ ਦੇ ਕੌਲ਼-ਕਰਾਰ ਕਰ ਲਏ।

ਹੀਰ ਰਾਂਝੇ ਨੂੰ ਹਰ ਰੋਜ਼ ਬੇਲੇ ਵਿਚ ਚੂਰੀ ਖੁਆਉਣ ਜਾਂਦੀ। ਦੋਨੋਂ 'ਕੱਠੇ ਚੂਰੀ ਖਾਂਦੇ, ਪਿਆਰ ਭਰੀਆਂ ਮਾਖਿਓਂ-ਮਿੱਠੀਆਂ ਗੱਲਾਂ ਕਰਦੇ। ਕਈ ਵਰ੍ਹੇ ਇਸੇ ਤਰ੍ਹਾਂ ਲੰਘ ਗਏ। ਆਖ਼ਰ ਇਨ੍ਹਾਂ ਦੇ ਇਸ਼ਕ ਦੀ ਚਰਚਾ ਝੰਗ ਦੇ ਘਰ ਘਰ ਦੀ ਚਰਚਾ ਬਣ ਗਈ। ਹੀਰ ਦੇ ਮਾਪੇ ਏਸ ਗੱਲ ਤੋਂ ਬੇਖ਼ਬਰ ਸਨ, ਇਨ੍ਹਾਂ ਕੋਲ਼ ਹੀਰ ਬਾਰੇ ਕਿਸੇ ਨੂੰ ਗੱਲ ਕਰਨ ਦੀ ਹਿੰਮਤ ਨਹੀਂ ਸੀ ਪੈਂਦੀ। ਉਂਜ ਆਮ ਲੋਕਾਂ ਨੂੰ ਏਸ ਬਾਂਕੇ ਜੋੜੇ ਦਾ ਪਿਆਰ ਭੈੜਾ ਨਹੀਂ ਸੀ ਲਗਦਾ, ਪਰੰਤੂ ਹੀਰ ਦਾ ਚਾਚਾ ਕੈਦੋ ਲੰਙਾ ਇਹ ਬਰਦਾਸ਼ਤ ਨਾ ਕਰ ਸਕਿਆ। ਉਹਦੀ ਸਾਰੀ ਉਮਰ ਉਪੱਧਰਾਂ ਵਿਚ ਹੀ ਲੰਘੀ ਸੀ। ਉਹਨੇ ਆਪਣੇ ਵੱਡੇ ਭਰਾ ਚੂਚਕ ਕੋਲ਼ ਹੀਰ ਰਾਂਝੇ ਦੇ ਇਸ਼ਕ ਦੀ ਗੱਲ ਤੋਰੀ। ਚੂਚਕ ਨੂੰ ਆਪਣੀ ਧੀ 'ਤੇ ਵਿਸ਼ਵਾਸ ਸੀ। ਉਸ ਸਬੂਤ ਮੰਗ ਲਿਆ।

ਇਕ ਦਿਨ ਕੈਦੋਂ ਫ਼ਕੀਰ ਦੇ ਭੇਖ ਵਿਚ ਬੇਲੇ ਵਿਚ ਪੁੱਜਿਆ। ਰਾਂਝਾ ਚੂਰੀ ਖਾਂਦਾ ਪਿਆ ਸੀ ਤੇ ਹੀਰ ਪਸ਼ੂਆਂ ਦਾ ਮੋੜਾ ਲਾਉਣ ਗਈ ਹੋਈ ਸੀ। ਕੈਦੋਂ ਰਾਂਝੇ ਪਾਸ ਪੁੱਜਾ ਤੇ ਲੱਗਾ ਚੂਰੀ ਲਈ ਲੇਲ੍ਹੜੀਆਂ ਕੱਢਣ। ਰਾਂਝੇ ਨੂੰ ਫ਼ਕੀਰ 'ਤੇ ਦਿਆ ਆ ਗਈ। ਉਹਨੇ ਇਕ ਲੱਪ ਚੂਰੀ ਦੀ ਫ਼ਕੀਰ ਦੀ ਚਿੱਪੀ ਵਿਚ ਪਾ ਦਿੱਤੀ। ਕੈਦੋਂ ਤੇਜ਼ ਤੇਜ਼ ਕਦਮੀਂ ਓਥੋਂ ਖਿਸਕ ਗਿਆ। ਹੀਰ ਮੋੜਾ ਲਾ ਕੇ ਵਾਪਸ ਆਈ। ਉਹਨੂੰ ਜਦੋਂ ਫ਼ਕੀਰ ਦੇ ਚੂਰੀ ਲਿਜਾਣ ਦਾ ਪਤਾ ਲੱਗਾ, ਉਹ ਉਸੇ ਵੇਲੇ ਫ਼ਕੀਰ ਦੇ ਮਗਰ ਨੱਸ ਟੁਰੀ। ਉਸ ਨੱਸੇ ਜਾਂਦੇ ਕੈਦੋ ਨੂੰ ਜਾ ਫੜਿਆ ਤੇ ਲੱਗੀ ਮੁੱਕੀਆਂ ਘਸੁੰਨਾਂ ਨਾਲ਼ ਉਹਦੀ ਮੁਰੰਮਤ ਕਰਨ। ਚਿੱਪੀ ਫੁਟ ਕੇ ਚੂਰੀ ਧਰਤੀ 'ਤੇ ਖਿੱਲਰ ਗਈ। ਮਿੰਨਤਾਂ ਤਰਲੇ ਕਰਕੇ ਕੈਦੋ ਨੇ ਹੀਰ ਪਾਸੋਂ ਆਪਣੀ ਜਾਨ ਛੁਡਾ ਲਈ। ਹੀਰ ਵਾਪਸ ਰਾਂਝੇ ਕੋਲ਼ ਪਰਤ ਆਈ ਤੇ ਕੈਦੋ ਨੇ ਮਗਰੋਂ ਮਿੱਟੀ ਵਿਚ ਰਲ਼ੇ ਹੋਏ ਚੂਰੀ ਦੇ ਭੋਰੇ ਕੱਠੇ ਕਰ ਲਏ ਤੇ ਪਿੰਡ ਆ ਕੇ ਚੂਚਕ ਦੇ ਅੱਗੇ ਰਖ ਕੇ ਬੋਲਿਆ, "ਇਹ ਹੈ ਤੇਰੀ ਲਾਡਲੀ ਦੀ ਕਰਤੂਤ। ਉਹ ਰੋਜ਼ ਧਗੜੇ ਨੂੰ ਚੂਰੀ ਲਜਾ ਕੇ ਖਲਾਉਂਦੀ ਏ। ਉਹਨੇ ਤਾਂ ਸਾਡੇ ਖ਼ਾਨਦਾਨ ਦਾ ਨੱਕ ਵੱਢ ਕੇ ਰੱਖ ਦਿੱਤੈ।"

ਚੂਚਕ ਦੇ ਸਿਰ ਸੌ ਘੜਾ ਪਾਣੀ ਦਾ ਪੈ ਗਿਆ।

ਉਨ੍ਹਾਂ ਰਾਂਝੇ ਨੂੰ ਚਾਕਰੀਓਂ ਜਵਾਬ ਦੇ ਦਿੱਤਾ। ਰਾਂਝਾ ਮਸੀਤੇ ਜਾ ਸੁੱਤਾ। ਪਰ ਦੂਜੀ ਭਲਕ ਮੱਝਾਂ ਗਾਈਆਂ ਨੇ ਬਿਨਾਂ ਰਾਂਝੇ ਤੋਂ ਇਕ ਵੀ ਕਦਮ ਪੁਟਣੋਂ ਇਨਕਾਰ ਕਰ ਦਿੱਤਾ। ਹਾਰ ਕੇ ਉਹ ਰਾਂਝੇ ਨੂੰ ਪੁਚਕਾਰ ਕੇ ਮੋੜ ਲਿਆਏ। ਰਾਂਝੇ ਵੰਝਲੀ ਵਿਚ ਫੂਕ ਮਾਰੀ, ਵਗ ਉਹਦੇ ਅੱਗੇ ਅੱਗੇ ਬੇਲੇ ਨੂੰ ਤੁਰ ਪਿਆ।

ਹੀਰ ਦਾ ਬੇਲੇ ਵਿਚ ਜਾਣਾ ਬੰਦ ਹੋ ਗਿਆ। ਹੁਣ ਉਹ ਚੋਰੀ ਛਿਪੇ ਮਿਲਦੇ। ਮਾਂ ਨੇ ਹੀਰ ਨੂੰ ਬਥੇਰਾ ਹੋੜਿਆ ਕਿ ਉਹ ਰਾਂਝੇ ਦਾ ਖਹਿੜਾ ਛੱਡ ਦੇਵੇ। ਪਰ ਹੀਰ ਨੇ ਉਹਦੀ ਇਕ ਨਾ ਮੰਨੀ। ਉਹ ਆਪਣੇ ਰਾਂਝਣ ਦੀ ਸੁਖ ਭਾਲਦੀ ਪਈ ਸੀ। ਉਹਨੂੰ ਸਾਰੇ ਜੱਗ ਦੀ ਪਰਵਾਹ ਨਹੀਂ ਸੀ।

ਹੀਰ ਦੇ ਮਾਪਿਆਂ ਨੇ ਹੀਰ ਰਾਂਝੇ ਦੇ ਪਿਆਰ ਨੂੰ ਪਰਵਾਨ ਨਾ ਕੀਤਾ। ਰੰਗਪੁਰ ਖੇੜੇ ਦੇ ਚੌਧਰੀ ਅੱਜੂ ਦੇ ਪੁੱਤਰ ਸੈਦੇ ਨਾਲ਼ ਹੀਰ ਦਾ ਨਿਕਾਹ ਨਿਯਤ ਹੋ ਗਿਆ। ਰੰਗਪੁਰੋਂ ਜੰਜ ਬੜੇ ਵਾਜਿਆਂ-ਗਾਜਿਆਂ ਨਾਲ਼ ਢੁੱਕੀ। ਸਾਰੇ ਪਿੰਡ ਵਿਚ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ। ਬੁਲਬਲਾਂ ਵਰਗੀਆਂ ਘੋੜੀਆਂ 'ਤੇ ਜਾਨੀ ਸਜੇ ਬੈਠੇ ਸਨ। ਰਾਂਝਾ ਮੱਝਾਂ ਦੇ ਸਿੰਙਾਂ ਨੂੰ ਫੜੀਂ ਭੁੱਬੀਂ-ਭੁੱਬੀਂ ਰੋ ਰਿਹਾ ਸੀ। ਹੀਰ ਆਪਣੇ ਘਰ ਤੜਪ ਰਹੀ ਸੀ।

ਹੀਰ ਦਾ ਜ਼ੋਰੀਂ ਸੈਦੇ ਖੇੜੇ ਨਾਲ਼ ਨਿਕਾਹ ਪੜ੍ਹਾ ਦਿੱਤਾ ਗਿਆ। ਰਾਂਝਾ ਤੜਪਦਾ ਰਿਹਾ, ਹੀਰ ਕੁਰਲਾਉਂਦੀ ਰਹੀ- ਉਨ੍ਹਾਂ ਦੀ ਕਿਸੇ ਇਕ ਨਾ ਸੁਣੀ। ਰਾਤ ਸਮੇਂ ਰਾਂਝਾ ਚੋਰੀ ਹੀਰ ਦੀਆਂ ਸਹੇਲੀਆਂ ਨਾਲ਼ ਹੀਰ ਪਾਸ ਪੁੱਜਾ। ਦੋਨੋਂ ਹੰਝੂ ਕੇਰਦੇ

ਰਹੇ। ਆਖ਼ਰ ਹੀਰ ਦਿਲ ਤਕੜਾ ਕਰਕੇ ਬੋਲੀ, "ਕੀ ਹੋਇਆ ਰਾਂਝਿਆ ਮੇਰਾ ਨਿਕਾਹ ਲੋਕਾਂ ਦੀਆਂ ਨਜ਼ਰਾਂ ਵਿਚ ਸੈਦੇ ਨਾਲ਼ ਪੜ੍ਹਿਆ ਗਿਐ ਪਰ ਮੈਂ ਸੱਚੇ ਖ਼ੁਦਾ ਦੀਆਂ ਨਜ਼ਰਾਂ ਵਿਚ ਤੇਰੀ ਆਂ। ਸਾਡਾ ਨਿਕਾਹ ਰਸੂਲ ਨੇ ਪਹਿਲਾਂ ਹੀ ਪੜ੍ਹਾਇਆ ਹੋਇਆ ਏ। ਮੈਂ ਮਰਜਾਂਗੀ ਪਰ ਸੈਦੇ ਖੇੜੇ ਦੀ ਸੇਜ ਕਬੂਲ ਨਾ ਕਰਾਂਗੀ। ਤੂੰ ਛੇਤੀ ਤੋਂ ਛੇਤੀ ਕੋਈ ਅਹੁਰ ਪਹੁਰ ਕਰਕੇ ਰੰਗਪੁਰ ਪੁੱਜ।"

ਤੀਜੇ ਦਿਨ ਖੇੜੇ ਕੁਰਲਾਉਂਦੀ ਹੀਰ ਦੀ ਡੋਲ਼ੀ ਲੈ ਤੁਰੇ। ਹੀਰ ਦੀ ਡੋਲ਼ੀ ਰੰਗਪੁਰ ਖੇੜੇ ਜਾ ਪੁੱਜੀ। ਸਾਰਾ ਪਿੰਡ ਏਸ ਹੁਸ਼ਨਾਕ ਪਰੀ ਨੂੰ ਵੇਖਣ ਲਈ ਢੁਕਿਆ। ਹੁਸਨ ਉਦਾਸ-ਉਦਾਸ ਬੈਠਾ ਰਿਹਾ। ਹੀਰ ਦੀ ਨਣਦ ਸਹਿਤੀ ਉਹਦੇ ਦਿਲ ਦੇ ਰੋਗ ਨੂੰ ਬੁਝ ਗਈ। ਉਹਨੇ ਆਪਣਾ ਹਮਦਰਦ ਦਿਲ ਹੀਰ ਅੱਗੇ ਪੇਸ਼ ਕਰ ਦਿੱਤਾ। ਸੈਦੇ ਖੇੜੇ ਨੇ ਵੀ ਹੀਰ ਨੂੰ ਰਝਾਣ ਦੀ ਬੜੀ ਕੋਸ਼ਿਸ਼ ਕੀਤੀ ਪਰੰਤੂ ਹੀਰ ਨੇ ਉਹਨੂੰ ਆਪਣੇ ਨੇੜੇ ਨਾ ਢੁਕਣ ਦਿੱਤਾ। ਉਹ ਤਾਂ ਧੁਰ ਦਰਗਾਹੋਂ ਰਾਂਝੇ ਦੀ ਅਮਾਨਤ ਹੋ ਚੁੱਕੀ ਸੀ। ਉਹ ਰਾਂਝੇ ਦੀ ਯਾਦ ਵਿਚ ਤੜਪਦੀ ਰਹੀ ਤੇ ਉਹਦਾ ਸੂਹਾ ਮੁਖੜਾ ਪੀਲ਼ਾ ਵਸਾਰ ਹੋ ਗਿਆ।

ਰਾਂਝਾ ਝੰਗ ਸਿਆਲ ਤੋਂ ਸਿੱਧਾ ਬਾਲ ਨਾਥ ਦੇ ਟਿੱਲੇ ਜਾ ਪੁੱਜਾ ਤੇ ਜੋਗੀ ਦਾ ਭੇਖ ਧਾਰਨ ਲਈ ਬੇਨਤੀ ਕੀਤੀ। ਬਾਲ ਨਾਥ ਨੇ ਉਹਦੇ ਗਠੀਲੇ ਸਰੀਰ ਤੇ ਭਖਦੀ ਜਵਾਨੀ ਵਲ ਨਿਗਾਹ ਮਾਰੀ। ਉਹਦਾ ਦਿਲ ਪਸੀਜ਼ ਗਿਆ। ਜੋਗੀ ਨੇ ਉਹਨੂੰ ਬਥੇਰਾ ਸਮਝਾਇਆ ਕਿ ਉਹਦੀ ਉਮਰ ਜੋਗ ਧਾਰਨ ਦੀ ਨਹੀਂ। ਪਰੰਤੂ ਰਾਂਝਾ ਤਾਂ ਆਪਣੀ ਹੀਰ ਲਈ ਜੋਗੀ ਬਣ ਰਿਹਾ ਸੀ, ਉਹਨੇ ਤਾਂ ਹੁਸਨ ਦੀ ਭਿੱਖਿਆ ਮੰਗਣ ਚੜ੍ਹਨਾ ਸੀ। ਆਖ਼ਰ ਬਾਲ ਨਾਥ ਨੇ ਉਹਨੂੰ ਜੋਗ ਦੇ ਦਿੱਤਾ। ਜਟਾਂ ਲਟਕਾਈ, ਕੰਨਾਂ ਵਿਚ ਮੁੰਦਰਾਂ ਪਾ, ਲਾਲੀ ਦੀ ਭਾਅ ਮਾਰਦੇ ਸਰੀਰ 'ਤੇ ਭਬੂਤੀ ਮਲ ਰਾਂਝਾ ਜੋਗੀ ਬਣ ਤੁਰਿਆ। ਉਹਦੇ ਹੁਸਨ ਦੀ ਹੁਣ ਝਾਲ ਝੱਲੀ ਨਾ ਸੀ ਜਾਂਦੀ। ਉਹ ਸਿੱਧਾ ਰੰਗਪੁਰ ਖੇੜੇ ਪੁੱਜਾ। ਰਾਹ ਵਿਚ ਉਹਨੂੰ ਇਕ ਆਜੜੀ ਇੱਜੜ ਚਰਾਂਦਾ ਮਿਲ ਗਿਆ। ਜੋਗੀ ਨੇ ਉਹਦੇ ਪਾਸੋਂ ਰੰਗਪੁਰ ਬਾਰੇ ਯੋਗ ਵਾਕਫ਼ੀ ਪ੍ਰਾਪਤ ਕੀਤੀ ਤੇ ਪਿੰਡ ਵਿਚ ਆਣ ਵੜਿਆ। ਕਈ ਮੁਟਿਆਰਾਂ ਖੂਹ ਉਤੋਂ ਪਾਣੀ ਭਰ ਰਹੀਆਂ ਸਨ। ਜੋਗੀ ਦਾ ਰੰਗ ਰੂਪ ਵੇਖ ਕਈਆਂ ਨੇ ਠੰਡੇ ਹੌਕੇ ਭਰੇ। ਲੂਗ ਲੂਗ ਕਰਦਾ ਜੋਗੀ ਦਾ ਸਰੀਰ ਲਪਟਾਂ ਛੱਡ ਰਿਹਾ ਸੀ। ਕਈਆਂ ਦੇ ਕਾਲਜੇ ਧਰੂਹੇ ਗਏ। ਕਈਆਂ ਨੇ ਇਕ ਦੂਜੀ ਦੀਆਂ ਵੱਖੀਆਂ ਵਿਚ ਚੂੰਢੀਆਂ ਭਰ ਲਈਆਂ। ਇਨ੍ਹਾਂ ਵਿਚਕਾਰ ਹੀਰ ਦੀ ਨਨਾਣ ਸਹਿਤੀ ਵੀ ਸੀ। ਉਹਨੇ ਆਪਣੀ ਭਾਬੋ ਕੋਲ਼ ਪਿੰਡ ਵਿਚ ਆਏ ਨਵੇਂ ਜੋਗੀ ਦੀ ਚਰਚਾ ਕੀਤੀ। ਹੀਰ ਦਾ ਦਿਲ ਧੜਕਣ ਲੱਗ ਪਿਆ। "ਖੌਰੇ ਰਾਂਝਾ ਈ ਜੋਗੀ ਦਾ ਭੇਖ ਧਾਰ ਕੇ ਆ ਗਿਆ ਹੋਵੇ," ਉਸ ਸੋਚਿਆ। ਰਾਂਝੇ ਲਈ ਉਹਦਾ ਲੂੰ-ਲੂੰ ਤੜਪਦਾ ਪਿਆ ਸੀ।

ਜੋਗੀ ਬਣੇ ਰਾਂਝੇ ਨੇ ਹੀਰ ਦੇ ਦਰਾਂ ਅੱਗੇ ਆ ਅਲਖ ਜਗਾਈ। ਸਹਿਤੀ ਉਹਨੂੰ ਲੱਗੀ ਟਿੱਚਰਾਂ ਕਰਨ। ਅੰਦਰ ਖੜੀ ਹੀਰ ਉਨ੍ਹਾਂ ਦੀਆਂ ਝੜੱਪਾਂ ਸੁਣ ਰਹੀ ਸੀ। ਉਹ ਤਾਂ ਕਿਸੇ ਬਹਾਨੇ ਏਸ ਰੰਗੀਲੇ ਜੋਗੀ ਦਾ ਪਿਆਰਾ ਮੁਖੜਾ ਦੇਖਣਾ ਚਾਹੁੰਦੀ ਸੀ।

"ਜੋਗੀਆ ਤੈਨੂੰ ਤਾਂ ਮੰਨਦੀ ਆਂ ਜੇ ਤੂੰ ਇਹ ਬੁਝ ਲਵੇਂ ਕਿ ਮੇਰੀ ਭਾਬੋ ਨੂੰ ਕਿਹੜਾ ਰੋਗ ਚਿੰਬੜਿਆ ਹੋਇਐ ?" ਸਹਿਤੀ ਜੋਗੀ ਦੀ ਪ੍ਰੀਖਿਆ ਲੈ ਰਹੀ ਸੀ।

ਜੋਗੀ ਨੇ ਹੀਰ ਰਾਂਝੇ ਦੀ ਮੁਹੱਬਤ ਦੁਹਰਾ ਦਿੱਤੀ। ਇਹ ਸੁਣਦੇ ਸਾਰ ਹੀ ਸਹਿਤੀ ਜੋਗੀ ਦੇ ਪੈਰੀਂ ਜਾ ਡਿੱਗੀ ਤੇ ਲੱਗੀ ਆਪਣੀਆਂ ਮਾੜੀਆਂ ਚੰਗੀਆਂ ਕਹੀਆਂ ਦੀ ਭੁੱਲ ਬਖ਼ਸ਼ਾਣ। ਜੋਗੀ ਨੇ ਅਸੀਸ ਦਿੱਤੀ, "ਸਹਿਤੀਏ ਮੁਰਾਦ ਪਾਵੇਂਗੀ।" ਮੁਰਾਦ ਸਹਿਤੀ ਦਾ ਪ੍ਰੇਮੀ ਸੀ। ਹੁਣ ਸਹਿਤੀ ਦਾ ਵਿਸ਼ਵਾਸ ਜੋਗੀ ਲਈ ਹੋਰ ਵੀ ਪੱਕਾ ਹੋ ਗਿਆ। ਉਹ ਨਸ ਕੇ ਅੰਦਰੋਂ ਚੀਣੇ ਦਾ ਥਾਲ਼ ਭਰ ਲਿਆਈ। ਜਦੋਂ ਉਹ ਚੀਣਾ ਪਾਣ ਲੱਗੀ ਤਾਂ ਜੋਗੀ ਨੇ ਆਪਣੇ ਹੱਥੋਂ ਜਾਣ ਬੁਝ ਕੇ ਚਿੱਪੀ ਛੱਡ ਦਿੱਤੀ ਤੇ ਸਾਰਾ ਚੀਣਾ ਧਰਤੀ 'ਤੇ ਖਿਲਰ ਗਿਆ। ਜੋਗੀ ਚੀਣਾ ਚੁਗਣ ਲਈ ਬੈਠ ਗਿਆ। ਜਦੋਂ ਸਹਿਤੀ ਅੰਦਰ ਚਲੀ ਗਈ ਤਾਂ ਹੀਰ ਨੇ ਦਰਵਾਜ਼ੇ ਦੇ ਨੇੜੇ ਹੋ ਕੇ ਆਖਿਆ, "ਰਾਂਝਿਆ! ਮੇਰੇ ਲਈ ਅੱਜ ਚੰਦ ਚੜ੍ਹ ਪਿਐ।"

ਰਾਂਝੇ ਨੇ ਹੀਰ ਦੇ ਪੀਲੇ ਮੁੱਖ ਵਲ ਤੱਕਿਆ, "ਹੀਰੇ ਤੈਨੂੰ ਕੀ ਹੋ ਗਿਐ, ਤੂੰ ਤਾਂ ਦਿਨਾਂ ਵਿਚ ਈ ਨਿੱਬੜ ਗਈ ਏਂ।"

"ਰਾਂਝਿਆ ਆਪਾ ਰੱਜ ਕੇ ਗੱਲਾਂ ਫੇਰ ਕਰਾਂਗੇ। ਤੂੰ ਕੁਝ ਦਿਨ ਕਾਲ਼ੇ ਬਾਗ਼ ਵਿਚ ਟਿਕਿਆ ਰਹੀਂ। ਮੈਂ ਕਿਸੇ ਪੱਜ ਤੇਰੇ ਪਾਸ ਪੁੱਜਾਂਗੀ। ਮੇਰੀ ਨਨਾਣ ਸਹਿਤੀ ਮੇਰੀ ਭੇਤਣ ਹੈ। ਉਹਨੂੰ ਵੀ ਸਾਡੇ ਜਿਹਾ ਰੋਗ ਲੱਗਿਆ ਹੋਇਐ। ਚੰਗਾ ਹੁਣ ਤੂੰ ਜਾਹ ਮੁੜ ਕੇ ਏਧਰ ਪੈਰ ਨਾ ਪਾਵੀਂ, ਕਿਧਰੇ ਖੇੜੇ ਸ਼ੱਕ ਨਾ ਕਰਨ ਲੱਗ ਜਾਣ।" ਇਹ ਆਖ ਹੀਰ ਨੇ ਹਵੇਲੀ ਦੇ ਦਰਵਾਜ਼ੇ ਬੰਦ ਕਰ ਦਿੱਤੇ।

ਰਾਂਝੇ ਜੋਗੀ ਕਾਲ਼ੇ ਬਾਗ਼ ਵਿਚ ਧੂਣੀ ਤਪਾ ਦਿੱਤੀ। ਸ਼ਰਧਾਲੂ ਤ੍ਰੀਮਤਾਂ ਉਹਦੇ ਆ ਦੁਆਲੇ ਹੋਈਆਂ ਤੇ ਲੱਗੀਆਂ ਮਨ ਦੀਆਂ ਮੁਰਾਦਾਂ ਮੰਗਣ। ਜੋਗੀ ਦੀ ਮੰਨਤਾ ਹੋਣ ਲੱਗ ਪਈ। ਹੀਰ ਨੇ ਸਹਿਤੀ ਨੂੰ ਜੋਗੀ ਬਾਰੇ ਸਭ ਕੁਝ ਦੱਸ ਦਿੱਤਾ। ਹੀਰ ਨੇ ਆਪਣਾ ਰਾਂਝਾ ਅਤੇ ਸਹਿਤੀ ਨੇ ਆਪਣਾ ਮੁਰਾਦ ਪ੍ਰਾਪਤ ਕਰਨ ਲਈ ਤਰਕੀਬ ਸੋਚ ਲਈ। ਇਸ ਤਰਕੀਬ ਬਾਰੇ ਸਹਿਤੀ ਜੋਗੀ ਨੂੰ ਸਭ ਕੁਝ ਸਮਝਾ ਆਈ।

ਅਗਲੀ ਭਲ਼ਕ ਹੀਰ ਆਪਣੀ ਨਣਦ ਤੇ ਉਹਦੀਆਂ ਸਹੇਲੀਆਂ ਨਾਲ਼ ਬਾਹਰਲੇ ਖੂਹ 'ਤੇ ਸੈਰ ਕਰਨ ਚਲੀ ਗਈ। ਜਦੋਂ ਉਹ ਸੈਰ ਕਰਕੇ ਵਾਪਸ ਪਰਤ ਰਹੀਆਂ ਸਨ ਤਾਂ ਹੀਰ ਨੇ ਰਾਹ ਵਿਚ ਮਲ੍ਹਕ ਦੇਣੇ ਆਪਣੇ ਪੈਰ ਵਿਚ ਕਿੱਕਰ ਦਾ

ਕੰਡਾ ਚੋਭ ਲਿਆ ਤੇ ਲੱਗੀ ਕਲਕਾਰੀਆਂ ਮਾਰਨ। ਸਹਿਤੀ ਅਤੇ ਉਹਦੀਆਂ ਸਹੇਲੀਆਂ ਨੇ ਰੌਲ਼ਾ ਪਾ ਦਿੱਤਾ ਕਿ ਹੀਰ ਨੂੰ ਤਾਂ ਸੱਪ ਲੜ ਗਿਆ ਹੈ। ਸਾਰਾ ਪਿੰਡ ਇਕੱਠਾ ਹੋ ਗਿਆ। ਹੀਰ ਧਰਤੀ 'ਤੇ ਲਿਟ ਰਹੀ ਸੀ, ਸਾਹ ਉਹਨੇ ਖਿੱਚਿਆ ਹੋਇਆ ਸੀ। ਉਹ ਪਲਾਂ ਵਿਚ ਹੀ ਨੀਲੀ ਪੀਲ਼ੀ ਹੋ ਗਈ। ਲੋਕੀ ਉਹਨੂੰ ਮੰਜੀ 'ਤੇ ਪਾ ਕੇ ਘਰ ਲੈ ਆਏ। ਕਈ ਹੱਥ ਹੌਲ਼ਾ ਕਰਨ ਵਾਲ਼ੇ ਸੱਦੇ ਗਏ ਪਰ ਹੀਰ ਤੜਪਦੀ ਰਹੀ, ਕੁਰਲਾਉਂਦੀ ਰਹੀ। ਮਾਂਦਰੀ ਹੈਰਾਨ ਸਨ ਕਿ ਇਹ ਕਿਹੋ ਜਿਹਾ ਨਾਗ਼ ਹੈ ਜੀਹਦੇ 'ਤੇ ਉਨ੍ਹਾਂ ਦਾ ਮੰਤਰ ਕੋਈ ਅਸਰ ਨਹੀਂ ਸੀ ਕਰ ਰਿਹਾ।

"ਵੀਰਾ ਕਾਲ਼ੇ ਬਾਗ ਵਾਲ਼ੇ ਜੋਗੀ ਨੂੰ ਸੱਦ ਵੇਖ, ਸ਼ਾਇਦ ਭਾਬੀ ਦਾ ਉਹ ਇਲਾਜ ਕਰ ਦੇਵੇ। ਉਹ ਬੜਾ ਸਿੱਧ ਏ ਲੋਕੀ ਦੂਰੋਂ-ਦੂਰੋਂ ਉਹਦੇ ਪਾਸ ਆਉਂਦੇ ਨੇ।"

ਸਹਿਤੀ ਦੀ ਇਕ ਸਹੇਲੀ ਨੇ ਸੈਦੇ ਨੂੰ ਜੋਗੀ ਵਲ ਭੇਜ ਦਿੱਤਾ।

ਬਾਗ਼ ਵਿਚ ਜੋਗੀ ਸਮਾਧੀ ਲਾਈ ਬੈਠਾ ਸੀ। ਸੈਦੇ ਨੇ ਉਹਦੇ ਪੈਰ ਜਾ ਫੜੇ ਪਰੰਤੂ ਅੱਗੋਂ ਜੋਗੀ ਸੈਦੇ ਨੂੰ ਫਹੁੜੀਆਂ ਲੈ ਕੇ ਪਿਆ। ਉਹ ਖ਼ਾਲੀ ਵਾਪਸ ਆ ਗਿਆ। ਮੁੜ ਸਹਿਤੀ ਨੇ ਆਪਣੇ ਪਿਤਾ ਅਤੇ ਕੁਝ ਹੋਰ ਸਿਆਣੇ ਬੰਦਿਆਂ ਨੂੰ ਜੋਗੀ ਵਲ ਭੇਜ ਦਿੱਤਾ। ਅੱਜੂ ਜੋਗੀ ਦੇ ਵਾਸਤੇ ਪਾਏ, ਤਰਲੇ ਕੀਤੇ ਆਖ਼ਰ ਜੋਗੀ ਉਹਦੀ ਨੂੰਹ ਦਾ ਇਲਾਜ ਕਰਨਾ ਮਨ ਗਿਆ। ਉਹ ਉਹਨੂੰ ਬਹੁੜੀਆਂ ਪਾਉਂਦੀ ਹੀਰ ਪਾਸ ਲੈ ਆਏ।

ਜੋਗੀ ਨੇ ਹੀਰ ਦੀ ਮੰਜੀ ਦੁਆਲੇ ਸਤ ਚੱਕਰ ਲਾਏ; ਤੜਪਦੀ ਹੀਰ 'ਤੇ ਪਾਣੀ ਦੇ ਛਿੱਟੇ ਮਾਰੇ ਤੇ ਸਮਾਧੀ ਲਾ ਕੇ ਬੈਠ ਗਿਆ। ਹੀਰ ਹੂੰਗਰਾਂ ਮਾਰਦੀ ਰਹੀ, ਦਰਸ਼ਕ ਜੋਗੀ ਵਲ ਆਸ਼ਾਜਨਕ ਨਿਗਾਹਾਂ ਨਾਲ਼ ਵੇਖਦੇ ਰਹੇ। ਕੁਝ ਚਿਰ ਮਗਰੋਂ ਜੋਗੀ ਨੇ ਅੱਖਾਂ ਖੋਹਲੀਆਂ ਤੇ ਬੋਲਿਆ, "ਲੜਕੀ ਬਚ ਜਾਵੇਗੀ ਪਰੰਤੂ ਕਈ ਜਤਨ ਕਰਨੇ ਪੈਣੇ ਨੇ। ਇਹਨੂੰ ਇਕ ਜ਼ਹਿਰੀ ਸੱਪ ਨੇ ਡੱਸਿਐ। ਉਹ ਸੱਪ ਆਪ ਆ ਕੇ ਇਹਦੀ ਜ਼ਹਿਰ ਚੂਸੇਗਾ ਤਦ ਜਾ ਕੇ ਇਹਦਾ ਇਲਾਜ ਹੋ ਸਕੇਗਾ।"

"ਮਹਾਤਮਾ ਜੀ, ਹੁਕਮ ਕਰੋ ਅਸੀਂ ਸਭ ਕੁਝ ਕਰਨ ਲਈ ਤਿਆਰ ਹਾਂ। ਇਹਦੀ ਜਾਨ ਜ਼ਰੂਰ ਬਚਾਓ।" ਅੱਜੂ ਨੇ ਦੋਨੋਂ ਹੱਥ ਜੋੜੇ।

"ਪਿੰਡੋਂ ਬਾਹਰ ਇਹਦੇ ਮੰਜੇ ਨੂੰ ਕਿਸੇ ਘਰ ਵਿਚ ਲੈ ਜਾਵੋ। ਇਹਦੇ ਕੋਲ਼ ਮੈਂ ਰਹਾਂਗਾ ਅਤੇ ਇਕ ਹੋਰ ਕੁਆਰੀ ਕੰਨਿਆ ਰਹੇਗੀ। ਮੈਂ ਤਿੰਨ ਦਿਨ ਸਮਾਧੀ ਲਾਵਾਂਗਾ ਤਦ ਸੱਪ ਆਵੇਗਾ ਤੇ ਲੜਕੀ ਦੀ ਜ਼ਹਿਰ ਚੂਸੇਗਾ। ਇਸ ਮਗਰੋਂ ਉਹ ਨੌਂ-ਬਰ-ਨੌਂ ਹੋ ਜਾਵੇਗੀ...।" ਜੋਗੀ ਨੇ ਉਪਾਓ ਦੱਸ ਦਿੱਤਾ।

ਪਿੰਡ ਤੋਂ ਬਾਹਰ-ਬਾਹਰ ਡੂਮਾਂ ਦੇ ਕੱਲੇ ਕਾਰੇ ਕੋਠੇ ਵਿਚ ਉਹ ਹੀਰ ਦੀ ਮੰਜੀ ਲੈ ਗਏ। ਕੋਠੇ ਵਿਚ ਹੀਰ, ਜੋਗੀ ਅਤੇ ਇਕ ਕੁਆਰੀ ਕੰਨਿਆ ਸਹਿਤੀ ਰਹਿ ਗਏ। ਉਨ੍ਹਾਂ ਬਾਹਰੋਂ ਕੋਠੇ ਦੇ ਦਰਾਂ ਦਾ ਕੁੰਡਾ ਮਰਵਾ ਲਿਆ। ਜੋਗੀ ਕੁਰਲਾਉਂਦੀ

ਹੀਰ ਦਾ ਇਲਾਜ ਕਰਨ ਲੱਗਾ। ਲੋਕੀ ਭੈ-ਭੀਤ ਹੋ ਕੇ ਆਪਣੇ-ਆਪਣੇ ਘਰਾਂ ਨੂੰ ਪਰਤ ਆਏ।

ਅੱਧੀ ਰਾਤ ਲੰਘੀ- ਰਾਂਝੇ ਨੇ ਪਿਛਲੀ ਕੰਧ ਵਿਚ ਮਘੋਰਾ ਕਰਕੇ ਬਾਹਰ ਵੇਖਿਆ- ਬਾਹਰ ਸਹਿਤੀ ਦਾ ਪ੍ਰੇਮੀ ਬਲੋਚ ਮੁਰਾਦ ਸਾਂਢਣੀ ਲਈ ਮਿਥੀ ਯੋਜਨਾ ਅਨੁਸਾਰ ਤਿਆਰ ਖੜ੍ਹਾ ਸੀ। ਸਹਿਤੀ, ਹੀਰ ਅਤੇ ਜੋਗੀ ਇਸ ਮਘੋਰੇ ਰਾਹੀਂ ਬਾਹਰ ਨਿਕਲ਼ ਆਏ। ਹੀਰ ਰਾਂਝੇ ਨਾਲ਼ ਅਤੇ ਸਹਿਤੀ ਆਪਣੇ ਮੁਰਾਦ ਨਾਲ਼ ਓਥੋਂ ਨਸ ਟੁਰੇ।

ਸਵੇਰ ਹੋਈ। ਖੇੜੇ ਕੀ ਵੇਖਦੇ ਹਨ ਜੋਗੀ ਨਣਦ ਭਰਜਾਈ ਨੂੰ ਲੈ ਕੇ ਤਿੱਤਰ ਹੋ ਚੁੱਕਾ ਸੀ। ਉਹ ਦੋ ਵਾਹਰਾਂ ਬਣਾ ਕੇ ਉਨ੍ਹਾਂ ਪਿੱਛੇ ਭੱਜੇ। ਮੁਰਾਦ ਅਤੇ ਸਹਿਤੀ ਦੂਰ ਜਾ ਚੁੱਕੇ ਸਨ ਉਹ ਉਨ੍ਹਾਂ ਦੇ ਹੱਥ ਨਾ ਲੱਗੇ ਪਰੰਤੂ ਹੀਰ ਰਾਂਝੇ ਨੂੰ ਉਨ੍ਹਾਂ ਨਾਹੜਾਂ ਦੇ ਇਲਾਕੇ ਵਿਚ ਜਾ ਘੇਰਿਆ। ਨਾਹੜਾਂ ਦੇ ਲੋਕਾਂ ਨੇ ਉਨ੍ਹਾਂ ਨੂੰ ਖੇੜਿਆਂ ਸਮੇਤ ਆਪਣੇ ਇਲਾਕੇ ਦੇ ਹਾਕਮ ਕੋਲ਼ ਇਨਸਾਫ਼ ਲਈ ਕੋਟਕਬੂਲੇ ਭੇਜ ਦਿੱਤਾ।

ਖੇੜਿਆਂ ਆਖਿਆ, "ਇਹ ਜੋਗੀ ਸਾਡੀ ਵਹੁਟੀ ਨੂੰ ਉਧਾਲ ਲਿਆਇਆ ਹੈ। ਇਹ ਇਹਦਾ ਇਲਾਜ ਕਰ ਰਿਹਾ ਸੀ।"

ਰਾਂਝੇ ਆਪਣਾ ਹੱਕ ਜਤਾਇਆ, "ਇਹ ਝੂਠ ਮਾਰਦੇ ਹਨ, ਇਹ ਹੀਰ ਮੇਰੀ ਏ ਬੇਸ਼ਕ ਹੀਰ ਤੋਂ ਪੁੱਛ ਵੇਖੋ।"

ਹੀਰ ਨੇ ਆਪਣੀ ਰਜ਼ਾਮੰਦੀ ਵਿਚ ਸਿਰ ਝੁਕਾ ਦਿੱਤਾ।

ਪਰੰਤੂ ਹਾਕਮ ਨੇ ਫ਼ੈਸਲਾ ਖੇੜਿਆਂ ਦੇ ਹੱਕ ਵਿਚ ਦੇ ਦਿੱਤਾ। ਹੀਰ ਰਾਂਝੇ ਪਾਸੋਂ ਖੋਹ ਲਈ ਗਈ! ਕਰਨੀ ਕੁਦਰਤ ਦੀ ਅਚਾਨਕ ਕੋਟਕਬੂਲੇ ਸ਼ਹਿਰ ਨੂੰ ਅੱਗ ਲੱਗ ਗਈ। ਲੋਕਾਂ ਜਾਤਾ ਕਿ ਇਹ ਹੀਰ ਰਾਂਝੇ ਦੀ ਬਦਅਸੀਸ ਦਾ ਫ਼ਲ ਹੈ। ਇਸ ਤਰ੍ਹਾਂ ਹਾਕਮ ਨੇ ਰਾਂਝੇ ਨੂੰ ਸੱਚਾ ਜਾਣ ਕੇ ਹੀਰ ਖੇੜਿਆਂ ਪਾਸੋਂ ਦੋਬਾਰਾ ਖੋਹ ਕੇ ਰਾਂਝੇ ਦੇ ਹਵਾਲੇ ਕਰ ਦਿੱਤੀ।

ਹੀਰ ਰਾਂਝਾ ਕਈ ਦਿਨਾਂ ਮਗਰੋਂ ਘੁੰਮਦੇ-ਘੁਮਾਂਦੇ ਝੰਗ ਦੇ ਪੱਤਣ 'ਤੇ ਪੁੱਜ ਗਏ। ਕਿਸੇ ਨੇ ਚੂਚਕ ਨੂੰ ਜਾ ਦੱਸਿਆ ਕਿ ਹੀਰ ਰਾਂਝਾ ਪੱਤਣ 'ਤੇ ਬੈਠੇ ਨੇ। ਉਹ ਉਨ੍ਹਾਂ ਨੂੰ ਘਰ ਲੈ ਆਇਆ। ਉਪਰੋਂ ਚੂਚਕ ਬਹੁਤ ਖ਼ੁਸ਼ ਹੋਇਆ। ਪਰੰਤੂ ਅੰਦਰੋਂ ਉਹ ਨਮੋਸ਼ੀ ਦਾ ਮਾਰਿਆ ਪਿਆ ਸੀ। ਉਸ ਰਾਂਝੇ ਦੀ ਬੜੀ ਖ਼ਾਤਰਦਾਰੀ ਕੀਤੀ। ਰਾਂਝੇ ਹੁਣ ਮੁੰਦਰਾਂ ਲਾਹ ਦਿੱਤੀਆਂ। ਜਟਾਂ ਕਟਵਾ ਕੇ ਮੁੜ ਧੀਦੋ ਰਾਂਝਾ ਬਣ ਬੈਠਾ। ਕਈ ਯਾਰ ਬੇਲੀ ਉਹਨੂੰ ਮਿਲਣ ਲਈ ਚੂਚਕ ਦੇ ਘਰ ਆਏ। ਹੀਰ ਦੀਆਂ ਸਹੇਲੀਆਂ ਵੀ ਖ਼ੁਸ਼ੀ ਨਾਲ਼ ਨੱਚਦੀਆਂ ਪਈਆਂ ਸਨ। ਰਾਂਝੇ ਦੀ ਵੰਝਲੀ ਮੁੜ ਮਿੱਠੀਆਂ ਤਰਾਨਾਂ ਛੇੜ ਦਿੱਤੀਆਂ। ਰੋਟੀ ਟੁੱਕਰ ਖਾਣ ਮਗਰੋਂ ਚੂਚਕ ਨੇ ਰਾਂਝੇ ਨੂੰ ਆਖਿਆ, "ਪੁੱਤਰ ਰਾਂਝਿਆ, ਤੂੰ ਸਾਨੂੰ ਖ਼ਿਮਾ ਕਰ ਦੇ। ਅਸੀਂ ਹੀਰ ਨੂੰ ਤੇਰੇ ਨਾਲ਼ ਨਾ ਵਿਆਹ ਕੇ ਤੇਰੇ

ਨਾਲ਼ ਬੜਾ ਅਨਿਆਂ ਕੀਤਾ ਸੀ। ਤੂੰ ਹੁਣ ਛੇਤੀ ਤੋਂ ਛੇਤੀ ਤਖ਼ਤ ਹਜ਼ਾਰੇ ਜਾਹ ਤੇ ਜੰਞ ਚੜ੍ਹਾ ਕੇ ਹੀਰ ਨੂੰ ਸ਼ਗਨਾਂ ਨਾਲ਼ ਵਿਆਹ ਕੇ ਲੈ ਜਾ।"

ਰਾਂਝਾ ਦੂਜੇ ਦਿਨ ਸਵੇਰੇ ਸਾਝਰੇ ਹੀ ਜੰਞ ਲੈਣ ਲਈ ਤਖ਼ਤ ਹਜ਼ਾਰੇ ਦੇ ਰਾਹ ਪੈ ਗਿਆ। ਉਹ ਸੋਚਦਾ ਪਿਆ ਸੀ ਕਿ ਉਹ ਹੁਣ ਆਪਣੀਆਂ ਭਾਬੀਆਂ ਦੇ ਮਾਰੇ ਹੋਏ ਤਾਹਨੇ ਨੂੰ ਪੂਰਾ ਕਰੇਗਾ।

ਤੀਜੇ ਦਿਨ ਰਾਂਝਾ ਸਿਹਰੇ ਬੰਨ੍ਹੀਂ ਜੰਞ ਸਮੇਤ ਝੰਗ ਸਿਆਲਾਂ ਨੂੰ ਚੱਲ ਪਿਆ। ਜਦ ਉਹ ਪਿੰਡ ਦੀ ਜੂਹ ਵਿਚ ਪੁੱਜਾ ਤਾਂ ਰਾਂਝੇ ਦਾ ਇਕ ਜਾਣੂੰ ਮੱਝਾਂ ਚਰਾਂਦਾ ਚਰਾਂਦਾ ਜੰਞ ਪਾਸ ਪੁੱਜਾ ਤੇ ਰਾਂਝੇ ਨੂੰ ਗਲਵਕੜੀ ਪਾ ਕੇ ਰੋਣ ਲੱਗਾ, "ਰਾਂਝਿਆ ਔਹ ਵੇਖਦਾ ਪਿਆ ਏਂ ਸਜਰੀ ਕਬਰ। ਇਹ ਤੇਰੀ ਹੀਰ ਦੀ ਕਬਰ ਏ। ਹੀਰ ਦੇ ਮਾਪਿਆਂ ਨੇ ਉਹਨੂੰ ਜ਼ਹਿਰ ਦੇ ਕੇ ਮਾਰ ਦਿੱਤੈ।" ਉਹਨੇ ਨਵੀਂ ਬਣੀ ਕਬਰ ਵੱਲ ਇਸ਼ਾਰਾ ਕਰਕੇ ਆਖਿਆ।

ਰਾਂਝੇ ਨੇ ਇਹ ਸੁਣਦੇ ਸਾਰ ਹੀ ਭੁੱਬ ਮਾਰੀ ਤੇ ਹੀਰ ਦੀ ਕਬਰ 'ਤੇ ਟੱਕਰਾਂ ਮਾਰ ਮਾਰ ਜਾਨ ਦੇ ਦਿੱਤੀ।

ਜਾਂਞੀਆਂ ਨੇ ਕਬਰ ਨੂੰ ਮੁੜ ਖੋਲ੍ਹਿਆ ਤੇ ਰਾਂਝੇ ਨੂੰ ਵੀ ਉਸੇ ਕਬਰ ਵਿਚ ਦਫ਼ਨਾ ਦਿੱਤਾ।

ਜੰਞ ਉਦਾਸ-ਉਦਾਸ ਤਖ਼ਤ ਹਜ਼ਾਰੇ ਨੂੰ ਪਰਤ ਆਈ। ਬੇਲਾ ਸੁੰਨਾ ਪਿਆ ਸੀ...

•

## ਸੱਸੀ-ਪੁੰਨੂੰ

'ਸੱਸੀ ਪੁੰਨੂੰ' ਦੀ ਲੋਕ ਗਾਥਾ ਇਕ ਅਜਿਹੀ ਗਾਥਾ ਹੈ ਜਿਸ ਨੇ ਪੰਜਾਬੀਆਂ ਦੀ ਮਾਨਸਿਕਤਾ 'ਤੇ ਸਦੀਵੀ ਪ੍ਰਭਾਵ ਪਾਇਆ ਹੋਇਆ ਹੈ। ਸਦੀਆਂ ਬੀਤਣ ਬਾਅਦ ਵੀ ਪੰਜਾਬ ਦੀ ਮੁਟਿਆਰ ਇਸ ਕਹਾਣੀ ਵਿਚਲੇ ਦਰਦ ਨੂੰ ਸਹਿਲਾਅ ਨਹੀਂ ਸਕੀ। ਉਸ ਨੇ ਸੈਆਂ ਲੋਕ-ਗੀਤਾਂ ਰਾਹੀਂ ਆਪਣੀ ਵੇਦਨਾ ਦਾ ਇਜ਼ਹਾਰ ਬੜੇ ਦਰਦੀਲੇ ਬੋਲਾਂ ਵਿਚ ਕੀਤਾ ਹੈ:

*ਆਪਣੇ ਕੋਠੇ ਮੈਂ ਖੜ੍ਹੀ*
*ਪੁੰਨੂੰ ਖੜ੍ਹਾ ਮਸੀਤ ਵੇ*
*ਭਰ ਭਰ ਅੱਖੀਆਂ ਡੋਲ੍ਹਦੀ*
*ਨੈਣੀਂ ਲੱਗੀ ਪ੍ਰੀਤ ਵੇ*
*ਹਾਏ ਵੇ ਪੁੰਨੂੰ ਜ਼ਾਲਮਾ*
*ਹਾਏ ਵੇ ਦਿਲਾਂ ਦਿਆ ਮਹਿਰਮਾ*
*ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।*

*ਉਠ ਨੀ ਮਾਏਂ ਸੁੱਤੀਏ*
*ਚੁੱਲ੍ਹੇ ਅੱਗ ਨੀ ਪਾ*
*ਜਾਂਦੇ ਪੁੰਨੂੰ ਨੂੰ ਘੇਰ ਕੇ*
*ਕੋਈ ਭੋਜਨ ਦਈਂ ਛਕਾ*
*ਹਾਏ ਵੇ ਪੁੰਨੂੰ ਜ਼ਾਲਮਾ*
*ਹਾਏ ਵੇ ਦਿਲਾਂ ਦਿਆ ਮਹਿਰਮਾ*
*ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।*

*ਉੱਠ ਨੀ ਭਾਬੋ ਸੁੱਤੀਏ*
*ਦੁੱਧ ਮਧਾਣੀ ਪਾ*
*ਜਾਂਦੇ ਪੁੰਨੂੰ ਨੂੰ ਘੇਰ ਕੇ*

*ਮੱਖਣ ਦਈਂ ਛਕਾ*
*ਹਾਏ ਵੇ ਪੁੰਨੂੰ ਜ਼ਾਲਮਾ*
*ਹਾਏ ਵੇ ਦਿਲਾਂ ਦਿਆ ਮਹਿਰਮਾ*
*ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।*

*ਉਠ ਵੇ ਵੀਰਾ ਸੁੱਤਿਆ*
*ਕੋਈ ਪੱਕਾ ਮਹਿਲ ਚੁਣਾ*
*ਵਿਚ ਵਿਚ ਰੱਖ ਦੇ ਮੋਰੀਆਂ*
*ਦੇਖਾਂ ਪੁੰਨੂੰ ਦਾ ਰਾਹ*
*ਹਾਏ ਵੇ ਪੁੰਨੂੰ ਜ਼ਾਲਮਾ*
*ਹਾਏ ਵੇ ਦਿਲਾਂ ਦਿਆ ਮਹਿਰਮਾ*
*ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।*

*ਬਾਰਾਂ ਪਿੰਡਾਂ ਦੇ ਚੌਧਰੀ*
*ਕੋਠੇ ਲਵਾਂ ਚੜ੍ਹਾ*
*ਚੰਗੇ ਜਿਹੇ ਨੂੰ ਦੇਖ ਕੇ*
*ਤੈਨੂੰ ਦੇਵਾਂ ਵਿਆਹ*
*ਹਾਏ ਵੇ ਪੁੰਨੂੰ ਜ਼ਾਲਮਾ*
*ਹਾਏ ਵੇ ਦਿਲਾਂ ਦਿਆ ਮਹਿਰਮਾ*
*ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।*

*ਬਾਰਾਂ ਪਿੰਡਾਂ ਦੇ ਚੌਧਰੀ*
*ਕੋਠੇ ਲਈਂ ਚੜ੍ਹਾ*
*ਚੰਗੇ ਜਿਹੇ ਨੂੰ ਦੇਖ ਕੇ*
*ਮੈਥੋਂ ਛੋਟੀ ਨੂੰ ਲਈਂ ਵਿਆਹ*
*ਹਾਏ ਵੇ ਪੁੰਨੂੰ ਜ਼ਾਲਮਾ*
*ਹਾਏ ਵੇ ਦਿਲਾਂ ਦਿਆ ਮਹਿਰਮਾ*
*ਸੁੱਤੀ ਨੂੰ ਛੋਡ ਕੇ ਨਾ ਜਾਈਂ ਵੇ।*

ਕੋਈ ਸੱਤ ਕੁ ਸਦੀਆਂ ਪਹਿਲਾਂ ਦੀ ਗੱਲ ਏ। ਅਜੋਕੇ ਪਾਕਿਸਤਾਨ ਸਥਿਤ ਭੰਬੋਰ ਸ਼ਹਿਰ ਵਿਚ ਸਿੰਧ ਦਾ ਆਦਮ ਖ਼ਾਨ ਨਾਮੀਂ ਰਾਜਾ ਰਾਜ ਕਰਦਾ ਸੀ।

ਰਾਜਾ ਬੜਾ ਦਾਨੀ ਸੀ। ਕਿਸੇ ਗੱਲ ਦੀ ਉਹਦੇ ਘਰ ਤੋਟ ਨਹੀਂ ਸੀ। ਜੇ ਤੋਟ ਸੀ ਤਾਂ ਇਕ ਔਲਾਦ ਦੀ। ਰਾਣੀ ਦੀ ਸੱਖਣੀ ਗੋਦ ਉਹਦੀ ਸਾਰੀ ਪਰਜਾ ਲਈ ਉਦਾਸੀ ਦਾ ਕਾਰਨ ਬਣੀ ਹੋਈ ਸੀ। ਰਾਜੇ ਨੇ ਪਰਜਾ ਸਮੇਤ ਸੱਚੇ ਰੱਬ ਅੱਗੇ ਅਰਦਾਸਾਂ ਕੀਤੀਆਂ, ਸੈਆਂ ਮੰਨਤਾਂ ਮੰਨੀਆਂ ਤੇ ਪੁੰਨ ਦਾਨ ਕੀਤੇ। ਰੱਬ ਤੁਰੱਠਿਆ। ਰਾਣੀ ਦੀ ਗੋਦ ਹਰੀ ਹੋ ਗਈ। ਉਹਦੇ ਘਰ ਪਿਆਰੀ ਬਾਲੜੀ ਨੇ ਜਨਮ ਲਿਆ। ਸਾਰੀ ਪਰਜਾ ਨੇ ਖ਼ੁਸ਼ੀਆਂ ਮਨਾਈਆਂ। ਭੰਬੋਰ ਸ਼ਹਿਰ ਜਗਮਗਾ ਉੱਠਿਆ। ਸਾਰੇ ਦੇ ਸਾਰੇ ਅਸਮਾਨੀ ਤਾਰੇ ਧਰਤ 'ਤੇ ਉਤਰ ਆਏ।

ਬਾਦਸ਼ਾਹ ਨੇ ਨੰਨ੍ਹੀ ਬਾਲੜੀ ਦੀ ਕਿਸਮਤ ਜਾਨਣ ਲਈ ਨਜੂਮੀ ਸੱਦ ਲਏ। ਉਨ੍ਹਾਂ ਆਪਣੀ ਜੋਤਿਸ਼ ਵਿਦਿਆ ਦੀ ਅੱਖ ਖੋਲ੍ਹੀ... ਤਾਰਿਆਂ ਜੜੀ ਰਾਤ 'ਤੇ ਕਿਸੇ ਕਾਲਖ਼ ਧੂੜ ਦਿੱਤੀ।

ਨਜੂਮੀਆਂ ਦੱਸਿਆ, "ਹੇ ਬਾਦਸ਼ਾਹ ਸਲਾਮਤ ਇਹ ਲੜਕੀ ਤੁਹਾਡੇ ਮੱਥੇ ਕਾਲਖ ਦਾ ਟਿੱਕਾ ਲਾਵੇਗੀ। ਜਦੋਂ ਬਾਲੜੀ ਮੁਟਿਆਰ ਹੋ ਜਾਵੇਗੀ ਤਦ ਇਹਦਾ ਪਿਆਰ ਇਕ ਵਿਦੇਸ਼ੀ ਗੱਭਰੂ ਨਾਲ਼ ਪੈ ਜਾਵੇਗਾ ਤੇ ਇਹ ਉਹਦੇ ਪਿੱਛੇ ਥਲਾਂ ਵਿਚ ਰੁਲ਼ ਮੋਏਗੀ।"

ਇਹ ਸੁਣ ਕੇ ਰਾਜੇ ਦਾ ਕੇਸੂ ਦੇ ਫੁੱਲ ਵਾਂਗ ਟਹਿਕਦਾ ਮੁਖੜਾ ਕੁਮਲਾ ਗਿਆ।

"ਇਹ ਮੇਰੇ ਮੱਥੇ ਕਾਲਖ ਦਾ ਟਿੱਕਾ ਲਾਵੇਗੀ, ਕਿਉਂ ਨਾ ਇਹਨੂੰ ਹੁਣੇ ਹੀ ਬਿਲੇ ਲਾ ਦਿੱਤਾ ਜਾਵੇ," ਰਾਜੇ ਸੋਚਿਆ। ਅਮੀਰਾਂ ਵਜ਼ੀਰਾਂ ਹਾਂ ਵਿਚ ਹਾਂ ਮਿਲਾ ਦਿੱਤੀ।

ਰਾਜੇ ਨੇ ਬੇਟੀ ਨੂੰ ਮਰਵਾਉਣਾ ਚਾਹਿਆ, ਪਰੰਤੂ ਉਹਦੀ ਮਮਤਾ ਜਾਗ ਪਈ। ਉਹ ਆਪਣੇ ਦਿਲ ਦੇ ਟੁਕੜੇ ਨੂੰ ਕਿਵੇਂ ਮਰਵਾਂਦਾ। ਆਹ! ਉਹਨੇ ਇਕ ਅਤਿ ਸੁੰਦਰ ਸੰਦੂਕ ਬਣਵਾਇਆ ਤੇ ਨਿੱਕੀ ਜਿਹੀ ਜਿੰਦ ਉਸ ਵਿਚ ਬੰਦ ਕਰਕੇ ਠਾਠਾਂ ਮਾਰਦੇ ਸਿੰਧ ਦਰਿਆ ਵਿਚ ਰੋੜ੍ਹ ਦਿੱਤੀ।

ਮਲੂਕ ਜਿੰਦ ਦੀ ਅਮੜੀ ਤੜਪਦੀ ਰਹੀ, ਬਾਦਸ਼ਾਹ ਹੰਝੂ ਕੇਰਦਾ ਰਿਹਾ। ਸੰਦੂਕ ਬਿਨਾਂ ਚਪੂੱਓਂ ਤੇ ਮਲਾਹੋਂ ਬੇੜੀ ਵਾਂਗ ਦਰਿਆ ਦੀਆਂ ਘੂਰੂ ਪਾਉਂਦੀਆਂ ਲਹਿਰਾਂ 'ਤੇ ਤੈਰਦਾ ਰਿਹਾ।

ਸ਼ਹਿਰੋਂ ਬਾਹਰ ਅੱਤਾ ਨਾਂ ਦਾ ਧੋਬੀ ਆਪਣੀ ਧੋਬਣ ਸਮੇਤ ਇਸੇ ਦਰਿਆ 'ਤੇ ਕੱਪੜੇ ਧੋ ਰਿਹਾ ਸੀ। ਉਹਦੀ ਨਜ਼ਰ ਸੂਰਜ ਵਿਚ ਚਮਕਦੇ ਰੁੜ੍ਹੇ ਆਉਂਦੇ ਸੰਦੂਕ 'ਤੇ ਜਾ ਪਈ। ਉਹਨੇ ਉਹ ਸੰਦੂਕ ਫੜ ਲਿਆ। ਉਸ ਸੰਦੂਕ ਦਾ ਢੱਕਣ ਚੁੱਕਿਆ। ਇਕ ਪਿਆਰਾ ਬੱਚਾ ਅੰਗੂਠਾ ਚੁੰਘ ਰਿਹਾ ਸੀ। ਹੈਰਾਨੀ ਅਤੇ ਖ਼ੁਸ਼ੀ ਦੇ ਰਲ਼ੇ-ਮਿਲ਼ੇ ਭਾਵਾਂ ਦੇ ਪ੍ਰਭਾਵ ਸਦਕਾ ਅੱਤਾ ਅਹਿਲ ਖੜ੍ਹਾ ਰਿਹਾ। ਇਕ ਪਲ ਮਗਰੋਂ ਬੁੱਢੇ ਧੋਬੀ ਦੇ ਝੁਰੜਾਏ ਬੁੱਲ੍ਹਾਂ 'ਤੇ ਮੁਸਕਾਨ ਨੱਚੀ ਤੇ ਉਹਨੇ ਆਪਣੀ ਧੋਬਣ ਨੂੰ ਆਵਾਜ਼ ਮਾਰੀ, "ਨੱਸ ਕੇ ਆਈਂ ਉਰੇ। ਆਹ ਵੇਖ ਰੱਬ ਨੇ ਸਾਡੇ ਲਈ ਕੇਹੀ ਅਮੁੱਲੀ ਦਾਤ

ਘੱਲੀ ਏ। ਸਾਡੀਆਂ ਵਰ੍ਹਿਆਂ ਦੀਆਂ ਸੁਖਣਾਂ ਅੱਜ ਪੂਰੀਆਂ ਹੋਈਆਂ ਨੇ।"

ਧੋਬਣ ਨੇ ਬਾਲੜੀ ਨੂੰ ਆਪਣੀ ਗੋਦ 'ਚ ਲੈ ਲਿਆ। ਖ਼ੁਸ਼ੀ ਦੇ ਮਾਰੇ ਉਹਦੀਆਂ ਅੱਖਾਂ ਵਿਚੋਂ ਮਮਤਾ ਦੇ ਅੱਥਰੂ ਵਗ ਤੁਰੇ।

ਮਹਿਲਾਂ ਦੀ ਦੌਲਤ ਧੋਬੀਆਂ ਦੇ ਘਰ ਜਵਾਨ ਹੋਣ ਲੱਗੀ। ਉਹਦਾ ਨਾਂ ਉਨ੍ਹਾਂ ਸੱਸੀ ਪਾ ਲਿਆ।

ਸਿੰਧ ਦੇ ਪਾਣੀਆਂ ਨੇ ਮੁਟਿਆਰ ਸੱਸੀ 'ਤੇ ਲੋਹੜੇ ਦਾ ਰੂਪ ਚਾੜ੍ਹ ਦਿੱਤਾ। ਸੱਸੀ ਦੇ ਰੂਪ ਦੀਆਂ ਧੁੰਮਾਂ ਪੈ ਗਈਆਂ। ਧੋਬੀਆਂ ਦੇ ਘਰ ਐਨਾ ਹੁਸਨ, ਲੋਕੀਂ ਹੈਰਾਨ ਹੁੰਦੇ। ਕਈ ਚੰਗਾ ਖਾਂਦੇ-ਪੀਂਦੇ ਧੋਬੀਆਂ ਨੇ ਸੱਸੀ ਦੇ ਸਾਕ ਦੀ ਖ਼ੈਰਾਤ ਮੰਗੀ, ਪਰੰਤੂ ਅੱਤੇ ਨੇ ਸਾਰੇ ਠੁਕਰਾ ਦਿੱਤੇ। ਉਹ ਸੱਸੀ ਦੀ ਰਜ਼ਾਮੰਦੀ ਲੈਣਾ ਚਾਹੁੰਦਾ ਸੀ। ਸੱਸੀ ਨੂੰ ਅਜੇ ਤੀਕਰ ਕੋਈ ਗੱਭਰੂ ਜਚਿਆ ਨਹੀਂ ਸੀ।

ਭੰਬੋਰ ਸ਼ਹਿਰ ਦੇ ਇਕ ਰਸੀਏ ਸੌਦਾਗਰ ਦੇ ਨਵੇਂ ਬਣੇ ਮਹਿਲ ਦੀ ਬੜੀ ਚਰਚਾ ਸੀ। ਇਸ ਮਹਿਲ ਵਿਚ ਸੰਸਾਰ ਭਰ ਦੇ ਸ਼ਹਿਜ਼ਾਦਿਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਸੱਸੀ ਵੀ ਆਪਣੀਆਂ ਸਹੇਲੀਆਂ ਨਾਲ਼ ਇਹ ਮਹਿਲ ਵੇਖਣ ਗਈ। ਉਹ ਬੜੀ ਰੀਝ ਨਾਲ਼ ਤਸਵੀਰਾਂ/ਚਿੱਤਰ ਵੇਖ ਰਹੀਆਂ ਸਨ ਪਰ ਇਕ ਤਸਵੀਰ ਨੇ ਤਾਂ ਜਾਣੋਂ ਸੱਸੀ ਨੂੰ ਕੀਲ ਹੀ ਦਿੱਤਾ। ਉਹ ਇਸ ਤਸਵੀਰ ਤੋਂ ਆਪਣੀ ਨਿਗਾਹ ਪਰੇ ਨਾ ਹਟਾ ਸਕੀ। ਉਹ ਆਪਣਾ ਹੁਸੀਨ ਦਿਲ ਇਸ ਅਦੁੱਤੀ ਤਸਵੀਰ ਦੇ ਹਵਾਲੇ ਕਰ ਆਈ।

ਕਿਸੇ ਦੱਸਿਆ, "ਇਹ ਕੀਚਮ ਦੇ ਸ਼ਹਿਜ਼ਾਦੇ ਪੁੰਨੂੰ ਦੀ ਤਸਵੀਰ ਏ।"

ਐਨਾ ਪਿਆਰਾ ਮੁਖੜਾ ਉਸ ਕਦੀ ਤੱਕਿਆ ਨਹੀਂ ਸੀ। "ਰੱਬ ਕਰੇ, ਪੁੰਨੂੰ ਮੈਨੂੰ ਮਿਲ ਜਾਵੇ।" ਸੱਸੀ ਨੇ ਦਿਲ ਫੜ ਕੇ ਠੰਢਾ ਹਾਉਕਾ ਭਰਿਆ। ਸੱਸੀ ਹੁਣ ਪੁੰਨੂੰ ਦੀ ਹੋ ਚੁੱਕੀ ਸੀ।

ਸੱਸੀ ਦੇ ਸ਼ਹਿਰ ਭੰਬੋਰ ਕੀਚਮ ਦੇ ਸੌਦਾਗਰ ਆਂਦੇ ਜਾਂਦੇ ਰਹਿੰਦੇ ਸਨ। ਉਹ ਸੱਸੀ ਦੇ ਹੁਸਨ ਦੀ ਚਰਚਾ ਆਪਣੇ ਦੇਸ਼ ਜਾ ਕੇ ਕਰਦੇ। ਉਥੋਂ ਦਾ ਸ਼ਹਿਜ਼ਾਦਾ ਪੁੰਨੂੰ ਹੁਸ਼ਨਾਕ ਸੱਸੀ ਨੂੰ ਤੱਕਣ ਲਈ ਬੇਤਾਬ ਹੋ ਗਿਆ। ਉਹਨੇ ਆਪਣੇ ਪਿਤਾ ਅਲੀ ਹੋਤ ਨੂੰ ਕੋਈ ਬਹਾਨਾ ਲਾਇਆ ਤੇ ਇਕ ਕਾਫ਼ਲੇ ਨਾਲ਼ ਭੰਬੋਰ ਪੁੱਜ ਗਿਆ।

ਸੱਸੀ ਪੁੰਨੂੰ ਇਕ-ਦੂਜੇ ਨੂੰ ਇਸ ਤਰ੍ਹਾਂ ਮਿਲੇ ਜਿਵੇਂ ਔੜਾਂ ਮਾਰੀ ਧਰਤੀ ਨੂੰ ਬਾਰਸ਼ ਦੀਆਂ ਬੂੰਦਾਂ ਮਿਲਦੀਆਂ ਹਨ।

"ਤੂੰ ਪੁੰਨੂੰ ਏਂ ਸੋਹਣਿਆ। ਕੀਚਮ ਦਾ ਸ਼ਹਿਜ਼ਾਦਾ ?" ਸੱਸੀ ਦਾ ਚਿਹਰਾ ਮੁਸਕਰਾਇਆ।

"ਹਾਂ ਮਨਮੋਹਣੀਏਂ ਸੱਸੀਏ, ਮੈਂ ਤੇਰੇ ਹੁਸਨ ਨੂੰ ਸਿਜਦਾ ਕਰਨ ਤੇਰੇ ਦੇਸ਼ ਆਇਆਂ।"

ਦੋਵੇਂ ਪਿਆਰੇ ਇਕ ਦੂਜੇ ਵਿਚ ਲੀਨ ਹੋ ਗਏ। ਦੁਨੀਆਂ ਭਰ ਦੀਆਂ ਸਾਰੀਆਂ ਨਿਆਮਤਾਂ ਉਨ੍ਹਾਂ ਦੀ ਝੋਲੀ ਆਣ ਪਈਆਂ।

ਪੁੰਨੂੰ ਹੁਣ ਸੱਸੀ ਜੋਗਾ ਹੋ ਚੁੱਕਿਆ ਸੀ। ਪੁੰਨੂੰ ਦੇ ਨਾਲ਼ ਦੇ ਸੌਦਾਗਰ ਆਪਣੇ ਦੇਸ ਪਰਤ ਗਏ। ਉਨ੍ਹਾਂ ਪੁੰਨੂੰ ਦੇ ਪਿਤਾ ਅਲੀ ਹੋਤ ਨੂੰ ਪੁੰਨੂੰ ਦੇ ਇਸ਼ਕ ਦੀ ਸਾਰੀ ਵਾਰਤਾ ਜਾ ਸੁਣਾਈ। ਉਹਨੇ ਪੁੰਨੂੰ ਦੇ ਭਰਾ, ਪੁੰਨੂੰ ਨੂੰ ਵਾਪਸ ਕੀਚਮ ਲਿਆਉਣ ਲਈ ਭੰਬੋਰ ਭੇਜ ਦਿੱਤੇ।

ਉਹ ਕਈ ਦਿਨਾਂ ਦੀ ਮੰਜ਼ਲ ਮਾਰ ਕੇ ਭੰਬੋਰ ਸ਼ਹਿਰ ਸੱਸੀ ਦੇ ਘਰ ਪੁੱਜ ਗਏ। ਪੁੰਨੂੰ ਹੁਣ ਸੱਸੀ ਦੇ ਘਰ ਹੀ ਰਹਿ ਰਿਹਾ ਸੀ। ਸੱਸੀ ਨੇ ਪੁੰਨੂੰ ਦੇ ਭਰਾਵਾਂ ਦੀ ਖ਼ੂਬ ਖ਼ਾਤਰਦਾਰੀ ਕੀਤੀ। ਪੁੰਨੂੰ ਦੇ ਭਰਾ ਪੁੰਨੂੰ ਨੂੰ ਸ਼ਰਾਬ ਦੇ ਜਾਮਾਂ ਦੇ ਜਾਮ ਭਰ-ਭਰ ਪਿਆਂਦੇ ਰਹੇ। ਪੁੰਨੂੰ ਬੇਹੋਸ਼ ਹੋ ਗਿਆ।

ਰਾਤ ਰਾਣੀ ਨੇ ਸਤਾਰਿਆਂ ਜੜੀ ਕਾਲ਼ੀ ਚਾਦਰ ਆਪਣੇ ਦੁਆਲੇ ਵਲ੍ਹੇਟ ਲਈ। ਸੱਸੀ ਮਦਹੋਸ਼ ਹੋਏ ਪੁੰਨੂੰ ਦੇ ਗਲ਼ ਆਪਣੀ ਬਾਂਹ ਵਲੀ ਘੂਕ ਸੁੱਤੀ ਪਈ ਸੀ। ਪੁੰਨੂੰ ਦੇ ਭਰਾ ਉੱਠੇ, ਉਨ੍ਹਾਂ ਹੌਲੇ ਜਹੇ ਸੱਸੀ ਦੀ ਬਾਂਹ ਪਰ੍ਹੇ ਹਟਾਈ ਤੇ ਪੁੰਨੂੰ ਨੂੰ ਇਕ ਊਠ ਉਤੇ ਲੱਦ ਲਿਆ। ਉਹ ਜਾਣਦੇ ਸਨ ਕਿ ਪੁੰਨੂੰ ਆਪਣੇ ਆਪ ਸੌਖਿਆਂ ਵਾਪਸ ਮੁੜਨ ਵਾਲ਼ਾ ਨਹੀਂ। ਸੱਸੀ ਬੇਖ਼ਬਰ ਸੁੱਤੀ ਰਹੀ। ਉਹ ਬੇਹੋਸ਼ ਪੁੰਨੂੰ ਨੂੰ ਲੈ ਤੁਰੇ!

ਸੱਸੀ ਦੀ ਜਾਗ ਖੁੱਲ੍ਹੀ। ਪੁੰਨੂੰ ਉਹਦੇ ਕੋਲ਼ ਨਹੀਂ ਸੀ। ਪੁੰਨੂੰ ਦੇ ਭਰਾ ਤੱਕੇ, ਉਨ੍ਹਾਂ ਦੀਆਂ ਡਾਚੀਆਂ ਵੇਖੀਆਂ, ਕੋਈ ਵੀ ਕਿਧਰੇ ਨਹੀਂ ਸੀ। ਉਸ ਆਲ਼ਾ-ਦੁਆਲ਼ਾ ਛਾਣ ਮਾਰਿਆ! ਪਰੰਤੂ ਪੁੰਨੂੰ ਤਾਂ ਕਾਫੀ ਦੂਰ ਜਾ ਚੁੱਕਿਆ ਸੀ! ਸੱਸੀ ਕੁਰਲਾ ਰਹੀ ਸੀ:

*ਮੈਂ ਪੁੰਨੂੰ ਦੀ ਪੁੰਨੂੰ ਮੇਰਾ*
*ਸਾਡਾ ਪਿਆ ਵਿਛੋੜਾ ਭਾਰਾ*
*ਦਸ ਵੇ ਰੱਬਾ, ਕਿੱਥੇ ਗਿਆ*
*ਮੇਰੇ ਨੈਣਾਂ ਦਾ ਵਣਜਾਰਾ।*

ਉਹਦੀ ਧਰਮ ਮਾਂ ਨੇ ਉਹਨੂੰ ਬਹੁਤੇਰਾ ਸਮਝਾਇਆ:

*ਨਾ ਰੋ ਧੀਏ ਸੱਜੀਏਂ*
*ਪੁੰਨੂੰ ਵਰਗੇ ਬਲੋਚ ਬਥੇਰੇ*

ਪਰ ਸੱਸੀ ਦੀ ਜਿੰਦ ਤਾਂ ਪੁੰਨੂੰ ਦੇ ਹਵਾਲੇ ਹੋ ਚੁੱਕੀ ਸੀ:

ਮੈਂ ਵੱਟ ਲਿਆਵਾਂ ਪੂਣੀਆਂ
ਧੀਏ ਚਰਖੇ ਨੂੰ ਚਿੱਤ ਲਾ
ਜਾਂਦੇ ਪੁੰਨੂੰ ਨੂੰ ਜਾਣ ਦੇ
ਕੌਲ਼ੇ ਦੀ ਗਈ ਨੀ ਬਲਾ।

ਅੱਗ ਲਾਵਾਂ ਤੇਰੀਆਂ ਪੂਣੀਆਂ
ਚਰਖੇ ਨੂੰ ਨਦੀ ਨੀ ਹੜ੍ਹਾ
ਜਾਨ ਤਾਂ ਮੇਰੀ ਲੈ ਗਿਆ
ਕੋਈ ਚੀਰੇ ਦੇ ਲੜ ਲਾ
ਨੀ ਜਾਂਦੇ ਪੁੰਨੂੰ ਨੂੰ ਮੋੜ ਲੈ

ਸੂਟ ਸਮਾਵਾਂ ਰੇਸ਼ਮੀ
ਚੁੰਨੀਆਂ ਦੇਵਾਂ ਨੀ ਰੰਗਾ
ਜਾਂਦੇ ਪੁੰਨੂੰ ਨੂੰ ਜਾਣ ਦੇ
ਕੌਲ਼ੇ ਦੀ ਗਈ ਨੀ ਬਲਾ।

ਅੱਗ ਲਾਵਾਂ ਤੇਰੇ ਸੂਟ ਨੂੰ
ਚੁੰਨੀਆਂ ਦੇਵਾਂ ਨੀ ਮਚਾ
ਜਾਨ ਤਾਂ ਮੇਰੀ ਲੈ ਗਿਆ
ਕੋਈ ਚੀਰੇ ਦੇ ਲੜ ਲਾ
ਨੀ ਜਾਂਦੇ ਪੁੰਨੂੰ ਨੂੰ ਮੋੜ ਲੈ।

ਬੂਰੀ ਮੱਝ ਤੈਨੂੰ ਲੈ ਦਿਆਂ
ਧੀਏ ਮੱਖਣਾਂ ਨਾਲ਼ ਟੁਕ ਖਾ
ਜਾਂਦੇ ਪੁੰਨੂੰ ਨੂੰ ਜਾਣ ਦੇ
ਕੌਲ਼ੇ ਦੀ ਗਈ ਨੀ ਬਲਾ।

ਅੱਗ ਲਾਵਾਂ ਤੇਰੀ ਮੱਖਣੀ.
ਬੂਰੀ ਨੂੰ ਬੱਗ ਨੀ ਰਲ਼ਾ
ਜਾਨ ਤਾਂ ਮੇਰੀ ਲੈ ਗਿਆ

*ਕੋਈ ਚੀਰੇ ਦੇ ਲੜ ਲਾ*
*ਨੀ ਜਾਂਦੇ ਪੁੰਨੂੰ ਨੂੰ ਮੋੜ ਲੈ।*

ਸੱਸੀ ਪੁੰਨੂੰ-ਪੁੰਨੂੰ ਕੂਕਦੀ ਡਾਚੀ ਦੇ ਖੁਰੇ ਮਗਰ ਨਸ ਟੁਰੀ। ਸੂਰਜ ਲੋਹੜੇ ਦੀ ਅੱਗ ਵਰ੍ਹਾ ਰਿਹਾ ਸੀ। ਸੱਸੀ ਦੇ ਫੁੱਲਾਂ ਜਹੇ ਪੈਰ ਤਪਦੀ ਰੇਤ 'ਤੇ ਭੁਜਦੇ ਪਏ ਸਨ ਪਰੰਤੂ ਉਹ ਪੁੰਨੂੰ-ਪੁੰਨੂੰ ਕਰੇਂਦੀ ਹਾਲੋਂ-ਬੇਹਾਲ ਹੋਈ ਨੱਸੀ ਜਾ ਰਹੀ ਸੀ:

*ਨਾਜ਼ਕ ਪੈਰ ਮਲੂਕ ਸੱਸੀ ਦੇ*
*ਮਹਿੰਦੀ ਨਾਲ਼ ਸ਼ਿੰਗਾਰੇ*
*ਬਾਲੂ ਰੇਤ ਤਪੇ ਵਿਚ ਥਲ ਦੇ*
*ਜਿਉਂ ਜੌਂ ਭੁੰਨਣ ਭਠਿਆਰੇ*
*ਸੂਰਜ ਭੱਜ ਵੜਿਆ ਵਿਚ ਬੱਦਲੀਂ*
*ਡਰਦਾ ਲਿਸ਼ਕ ਨਾ ਮਾਰੇ*
*ਹਾਸ਼ਮ ਵੇਖ ਯਕੀਨ ਸੱਸੀ ਦਾ*
*ਸਿਦਕੋਂ ਮੂਲ ਨਾ ਹਾਰੇ।*

ਸੱਸੀ ਅੱਗੇ ਆਉਂਦੇ ਰਾਹੀਆਂ ਪਾਸੋਂ ਆਪਣੇ ਪੁੰਨੂੰ ਦਾ ਪਤਾ ਪੁੱਛਦੀ ਪਰੰਤੂ ਸਾਰੇ ਨਾਂਹ ਵਿਚ ਸਿਰ ਹਿਲਾ ਦੇਂਦੇ। ਉਸ ਥਲ ਅੱਗੇ ਵੀ ਵਾਸਤੇ ਪਾਏ:

*ਦਸ ਵੇ ਥਲਾ ਕਿਤੇ ਵੇਖੀ ਹੋਵੇ*
*ਮੇਰੇ ਪੁੰਨੂੰ ਦੀ ਡਾਚੀ ਕਾਲ਼ੀ*
*ਜਿਥੇ ਮੇਰਾ ਪੁੰਨੂੰ ਮਿਲੇ*
*ਉਹ ਧਰਤ ਨਸੀਬਾਂ ਵਾਲ਼ੀ।*

ਕੋਹਾਂ ਦੇ ਕੋਹ ਸੱਸੀ ਭੁਜਦੇ ਥਲਾਂ 'ਤੇ ਡਾਚੀ ਦਾ ਖੁਰਾ ਲੱਭਦੀ ਰਹੀ। ਅੰਤ ਸਿੰਧ ਦੇ ਮਾਰੂਥਲਾਂ ਵਿਚਕਾਰ ਭੁੱਖੀ ਭਾਣੀ ਉਹ ਬੇਹੋਸ਼ ਹੋ ਕੇ ਡਿੱਗ ਪਈ ਤੇ ਪੁੰਨੂੰ-ਪੁੰਨੂੰ ਕੂਕਦੀ ਨੇ ਪ੍ਰਾਣ ਤਿਆਗ ਦਿੱਤੇ।

ਦੂਜੇ ਬੰਨੇ, ਪੁੰਨੂੰ ਨੂੰ ਹੋਸ਼ ਪਰਤੀ, ਉਹਦੀ ਜਿੰਦ ਸੱਸੀ ਉਹਦੇ ਪਾਸ ਨਹੀਂ ਸੀ। ਨਾ ਹੀ ਕਿਧਰੇ ਭੰਬੋਰ ਸ਼ਹਿਰ ਸੀ- ਚਾਰੇ ਬੰਨੇ ਮਾਰੂ ਰੇਤ ਥਲ ਨਜ਼ਰੀਂ ਆ ਰਿਹਾ ਸੀ। ਉਸ ਵਾਪਸ ਪਰਤਣ ਦੀ ਜ਼ਿੱਦ ਕੀਤੀ। ਉਹਦੇ ਭਰਾਵਾਂ ਉਹਨੂੰ ਲੱਖ ਸਮਝਾਇਆ। ਉਹ ਉਨ੍ਹੀਂ ਰਾਹੀਂ ਆਪਣੀ ਡਾਚੀ ਸਮੇਤ ਮੁੜ ਪਿਆ। ਸੱਸੀ ਦਾ ਪਿਆਰਾ ਮੁਖੜਾ ਉਹਨੂੰ ਨਜ਼ਰੀਂ ਆਉਂਦਾ ਪਿਆ ਸੀ।

ਡਾਚੀ ਤੇਜ਼ ਕਦਮੀਂ ਭੰਬੋਰ ਸ਼ਹਿਰ ਵੱਲ ਨੱਸੀ ਜਾ ਰਹੀ ਸੀ। ਰਾਹ ਵਿਚ ਪੁੰਨੂੰ ਨੂੰ ਆਵਾਜ਼ ਪਈ:

"ਡਾਚੀ ਵਾਲ਼ਿਆ, ਇਕ ਪਲ ਰੁਕ ਜਾਵੀਂ। ਆ ਆਪਾਂ ਰਲ਼ ਕੇ ਇਕ ਰੱਬੀ ਜਿਊੜੇ ਦੀ ਕਬਰ ਪੁੱਟ ਦੇਵੀਏ। ਇਹ ਆਪਣੇ ਪਿਆਰੇ ਦੀ ਭਾਲ਼ ਵਿਚ ਪੂਰੀ ਹੋ ਗਈ ਏ।" ਪੁੰਨੂੰ ਨੇ ਪਰਤ ਕੇ ਵੇਖਿਆ ਇਕ ਆਜੜੀ ਕਬਰ ਪੁੱਟੀ ਜਾ ਰਿਹਾ ਸੀ। ਪੁੰਨੂੰ ਦਾ ਦਿਲ ਧੜਕਿਆ। ਉਹਨੇ ਡਾਚੀ ਖਲਿਆਰ ਲਈ ਤੇ ਉਸ ਦੇ ਪਾਸ ਜਾ ਕੇ ਬੋਲਿਆ, "ਕਿੱਥੇ ਹੈ ਉਹ ਸਿਦਕਣ ਮੁਟਿਆਰ?"

ਆਜੜੀ ਪੁੰਨੂੰ ਨੂੰ ਦਰੱਖ਼ਤਾਂ ਦੇ ਇਕ ਝੁੰਡ ਕੋਲ਼ ਲੈ ਗਿਆ। ਆਜੜੀ ਨੇ ਮੁਟਿਆਰ ਦੇ ਕੁਮਲਾਏ ਮੁਖੜੇ ਤੋਂ ਪੱਲਾ ਸਰਕਾਇਆ– ਪੁੰਨੂੰ ਦੇ ਹੋਸ਼ ਉੱਡ ਗਏ!

"ਸੱਸੀ!" ਪੁੰਨੂੰ ਨੇ ਧਾਹ ਮਾਰੀ ਤੇ ਉਹਦੇ 'ਤੇ ਉਲਰ ਪਿਆ! ਪੁੰਨੂੰ ਵਿਰਲਾਪ ਕਰ ਰਿਹਾ ਸੀ ਤੇ ਉਹਦੇ ਕੋਸੇ ਹੰਝੂ ਸੱਸੀ ਦੇ ਕੁਮਲਾਏ ਚਿਹਰੇ ਨੂੰ ਧੋ ਰਹੇ ਸਨ। "ਸੱਸੀਏ ਵੇਖ ਤੇਰਾ ਪੁੰਨੂੰ ਤੇਰੇ ਕੋਲ਼ ਆ ਗਿਆ ਏ। ਸੱਸੀਏ! ਬੋਲ ਤਾਂ ਸਹੀ... ਤੇਰਾ ਪੁੰਨੂੰ ਸੱਸੀਏ... ਹਾਏ ਸੱਸੀਏ..." ਪੁੰਨੂੰ ਸੱਸੀ ਦੀ ਲਾਸ਼ 'ਤੇ ਢਹਿ ਪਿਆ ਤੇ ਉਹਨੂੰ ਮੁੜ ਕੇ ਹੋਸ਼ ਨਾ ਆਇਆ! ਆਜੜੀ ਦੀਆਂ ਅੱਖੀਆਂ ਵਿਚੋਂ ਹੰਝੂਆਂ ਦੇ ਦਰਿਆ ਵਗ ਟੁਰੇ। ਉਹਦੇ ਵੇਖਦੇ-ਵੇਖਦੇ ਦੋ ਜਿੰਦਾਂ ਇਕ-ਦੂਜੇ ਲਈ ਕੁਰਬਾਨ ਹੋ ਗਈਆਂ!

ਆਜੜੀ ਨੇ ਤਾਂ ਆਪਣੀ ਸਹਾਇਤਾ ਲਈ ਰਾਹੀ ਨੂੰ ਬੁਲਾਇਆ ਸੀ ਪਰੰਤੂ ਉਸ ਦੇ ਸਾਹਮਣੇ ਇਕ ਦੀ ਥਾਂ ਦੋ ਲੋਥਾਂ ਪਈਆਂ ਸਨ। ਖੌਰੇ ਕੋਈ ਹੋਰ ਉਸ ਦੀ ਮਦਦ ਲਈ ਆਵੇ ਜਾਂ ਨਾ ਆਵੇ। ਉਹਨੇ ਕੱਲਿਆਂ ਕਬਰ ਖੋਦੀ ਤੇ ਦੋਵੇਂ ਉਸ ਵਿਚ ਦਫ਼ਨਾ ਦਿੱਤੇ ਤੇ ਆਜੜੀ ਦੇ ਜੀਵਨ ਨੇ ਅਜਿਹਾ ਪਲਟਾ ਖਾਧਾ ਕਿ ਉਹ ਸੱਸੀ ਪੁੰਨੂੰ ਦੀ ਕਬਰ 'ਤੇ ਫ਼ਕੀਰ ਬਣ ਕੇ ਬੈਠ ਗਿਆ।

•

# ਮਿਰਜ਼ਾ ਸਾਹਿਬਾਂ

ਮੱਧ ਕਾਲ ਤੋਂ ਹੀ ਲੋਕ ਗਾਥਾਵਾਂ ਪੰਜਾਬੀ ਜਨ ਸਾਧਾਰਨ ਦੇ ਮਨੋਰੰਜਨ ਦਾ ਮੁੱਖ ਸਾਧਨ ਰਹੀਆਂ ਹਨ। ਮਿਰਜ਼ਾ-ਸਾਹਿਬਾਂ ਦੀ ਲੋਕ ਗਾਥਾ ਪੰਜਾਬੀਆਂ ਦੇ ਅਵਚੇਤਨ ਵਿਚ ਮਿਸ਼ਰੀ ਵਾਂਗ ਘੁਲ਼ੀ ਹੋਈ ਹੈ, ਜਿਸ ਦਾ ਪੰਜਾਬੀ ਲੋਕ ਜੀਵਨ 'ਤੇ ਡੂੰਘਾ ਪ੍ਰਭਾਵ ਹੈ। ਪੁਰਾਤਨ ਪੰਜਾਬ ਦੇ ਦ੍ਰਿਸ਼ ਮਿਰਜ਼ੇ ਦੀਆਂ ਸੱਦਾ ਵਿਚ ਵਿਦਮਾਨ ਹਨ ਜੋ ਮਿਰਜ਼ਾ-ਸਾਹਿਬਾਂ ਦੀ ਗਾਥਾ ਨੂੰ ਬਿਆਨ ਕਰਦੇ ਹਨ:

*ਹੁਜ਼ਰੇ ਸ਼ਾਹ ਹਕੀਮ ਦੇ*
*ਇਕ ਜੱਟੀ ਅਰਜ਼ ਕਰੇ*
*ਮੈਂ ਬੱਕਰਾ ਦੇਨੀ ਆਂ ਪੀਰ ਦਾ*
*ਮੇਰੇ ਸਿਰ ਦਾ ਕੰਤ ਮਰੇ*
*ਪੰਜ ਸੱਤ ਮਰਨ ਗਵਾਂਢਣਾਂ*
*ਰਹਿੰਦੀਆਂ ਨੂੰ ਤਾਪ ਚੜ੍ਹੇ*
*ਹੱਟੀ ਢਹੇ ਕਰਾੜ ਦੀ*
*ਜਿੱਥੇ ਦੀਵਾ ਨਿੱਤ ਬਲ਼ੇ*
*ਕੁੱਤੀ ਮਰੇ ਫ਼ਕੀਰ ਦੀ*
*ਜਿਹੜੀ ਚਊਂ-ਚਊਂ ਨਿੱਤ ਕਰੇ*
*ਗਲ਼ੀਆਂ ਹੋਵਣ ਸੁੰਨੀਆਂ*
*ਵਿਚ ਮਿਰਜ਼ਾ ਯਾਰ ਫਿਰੇ*

ਮਿਰਜ਼ਾ ਮਸੀਂ ਪੰਜ ਕੁ ਸਾਲਾਂ ਦਾ ਹੋਇਆ ਸੀ ਕਿ ਉਹਦੇ ਬਾਪ ਬਿੰਜਲ ਦੀ ਮੌਤ ਹੋ ਗਈ। ਬਿੰਜਲ ਖਰਲਾਂ ਦਾ ਸਰਦਾਰ ਦਾਨਾਬਾਦ ਦੇ ਰਾਵੀ ਦੇ ਇਲਾਕੇ ਦਾ ਚੌਧਰੀ ਸੀ। ਚੌਧਰੀ ਦੀ ਕੁਵੇਲੇ ਦੀ ਮੌਤ ਸਾਰੇ ਇਲਾਕੇ ਲਈ ਸੋਗ ਬਣ ਗਈ। ਮਿਰਜ਼ੇ ਦੀ ਮਾਂ ਖੀਵੀ ਦਾ ਸੰਸਾਰ ਜਿਵੇਂ ਸੁੰਨਾ ਹੋ ਗਿਆ ਹੋਵੇ। ਉਸ ਨੂੰ ਗਸ਼ਾਂ ਤੇ ਗਸ਼ਾਂ ਪੈ ਰਹੀਆਂ ਸਨ। ਸਿਆਣੀਆਂ ਤ੍ਰੀਮਤਾਂ ਨੇ ਉਸ ਨੂੰ ਸੰਭਾਲਿਆ ਤੇ ਹੌਸਲਾ ਦਿੱਤਾ। ਮਿਰਜ਼ੇ ਦੇ ਜਵਾਨ ਹੋਣ ਦੀ ਆਸ ਖੀਵੀ ਲਈ ਬਿੰਜਲ ਦੀ ਮੌਤ ਨੂੰ ਭੁੱਲ ਜਾਣ ਦਾ ਸਾਹਸ ਦੇਣ ਲੱਗੀ।

ਮਿਰਜ਼ੇ ਦਾ ਮਾਮਾ ਖੀਵਾ ਖ਼ਾਨ ਉਹਨੂੰ ਆਪਣੇ ਪਿੰਡ ਲੈ ਆਇਆ। ਖੀਵੇ ਦੇ ਘਰ ਕਿਸੇ ਗੱਲ ਦੀ ਤੋਟ ਨਹੀਂ ਸੀ। ਉਹ ਝੰਗ ਸਿਆਲਾਂ ਦਾ ਚੌਧਰੀ ਸੀ। ਆਪਣੀ ਭੈਣ ਦੀ ਕਿਸੇ ਨਾ ਕਿਸੇ ਬਹਾਨੇ ਮਦਦ ਕਰਨੀ, ਉਹ ਆਪਣਾ ਫ਼ਰਜ਼ ਸਮਝਦਾ ਸੀ। ਮਿਰਜ਼ੇ ਦੀ ਪਾਲਣਾ ਉਹਨੇ ਆਪਣੇ ਜ਼ਿੰਮੇ ਲੈ ਲਈ।

ਕੁਝ ਵਰ੍ਹੇ ਹੋਏ ਖੀਵੇ ਖਾਨ ਦੀ ਘਰ ਵਾਲ਼ੀ ਦੋ ਪੁੱਤਰ ਤੇ ਇਕ ਧੀ ਛੱਡ ਕੇ ਮਰ ਗਈ ਸੀ ਤੇ ਹੁਣ ਉਹਨੇ ਪਿਛਲੇ ਵਰ੍ਹੇ ਦੂਜਾ ਵਿਆਹ ਕਰਵਾ ਲਿਆ ਸੀ। ਪਹਿਲੀ ਪਤਨੀ ਦੀ ਸਭ ਤੋਂ ਛੋਟੀ ਧੀ ਸਾਹਿਬਾਂ ਮਿਰਜ਼ੇ ਦੀ ਹਾਨਣ ਸੀ। ਮਿਰਜ਼ੇ ਦਾ ਜੀ ਪ੍ਰਚਾਣ ਨੂੰ ਸਾਹਿਬਾਂ ਤੋਂ ਪਿਆਰਾ ਸਾਥ ਹੋਰ ਕਿਹੜਾ ਹੋ ਸਕਦਾ ਸੀ। ਪਲਾਂ ਵਿਚ ਦੋ ਪਿਆਰੇ ਬਾਲ ਇਕਮਿਕ ਹੋ ਗਏ ਤੇ ਸਭ ਕੁਝ ਭੁੱਲ ਭੁਲਾ ਕੇ ਬਾਲ ਖੇਡਾਂ ਵਿਚ ਰੁਝ ਗਏ।

ਦੋਵਾਂ ਨੂੰ ਮਸੀਤੇ ਕਾਜ਼ੀ ਪਾਸ ਪੜ੍ਹਨੇ ਪਾ ਦਿੱਤਾ ਗਿਆ। ਦਿਨਾਂ ਦੇ ਦਿਨ, ਮਹੀਨਿਆਂ ਦੇ ਮਹੀਨੇ, ਵਰ੍ਹਿਆਂ ਦੇ ਵਰ੍ਹੇ ਗੁਜ਼ਰਦੇ ਰਹੇ। ਮਿਰਜ਼ਾ ਸਾਹਿਬਾਂ ਇਕ ਪਲ ਲਈ ਵੀ ਇਕ ਦੂਜੇ ਤੋਂ ਜੁਦਾ ਨਾ ਹੁੰਦੇ, 'ਕੱਠੇ ਪੜ੍ਹਦੇ, 'ਕੱਠੇ ਖੇਡਦੇ।

ਸਾਹਿਬਾਂ ਮੁਟਿਆਰ ਹੋਣ ਲੱਗੀ!

ਮਿਰਜ਼ਾ ਜਵਾਨ ਹੋਣ ਲੱਗਾ!

ਜੇ ਮਿਰਜ਼ੇ ਨੂੰ ਕੋਈ ਗੁਲਾਬ ਦਾ ਫੁੱਲ ਸੱਦਦਾ ਤਾਂ ਸਾਹਿਬਾਂ ਨੂੰ ਚੰਬੇ ਦੀ ਕਲੀ ਆਖਦਾ। ਸਾਹਿਬਾਂ ਦੇ ਤੁਲ ਪਿੰਡ ਵਿਚ ਕੋਈ ਹੋਰ ਮੁਟਿਆਰ ਨਹੀਂ ਸੀ ਵਿਖਾਈ ਦਿੰਦੀ ਤੇ ਮਰਜ਼ੇ ਦੇ ਮੁਕਾਬਲੇ ਦਾ ਕੋਈ ਗੱਭਰੂ ਨਜ਼ਰ ਨਹੀਂ ਸੀ ਆਉਂਦਾ। ਬਚਪਨ ਦੀ ਮੁਹੱਬਤ ਜਵਾਨ ਹੋ ਗਈ। ਮਿਰਜ਼ਾ ਸਾਹਿਬਾਂ ਨੂੰ ਚੰਗਾ ਲੱਗਦਾ ਸੀ ਤੇ ਸਾਹਿਬਾਂ ਮਿਰਜ਼ੇ ਨੂੰ ਪਿਆਰੀ ਲੱਗਦੀ ਸੀ। ਦੋਵੇਂ ਇਕ ਦੂਜੇ ਦੇ ਸਦਕੜੇ ਜਾਂਦੇ ਸਨ।

ਦੋ ਜਵਾਨੀਆਂ ਦਾ ਇਕ ਦੂਜੇ ਨੂੰ ਚੰਗਾ ਲੱਗਣਾ, ਬੇਮੁਹੱਬਤੇ ਸਮਾਜ ਨੂੰ ਚੰਗਾ ਨਾ ਲੱਗਾ। ਉਨ੍ਹਾਂ ਮਿਰਜ਼ੇ ਸਾਹਿਬਾਂ ਦੀ ਮੁਹੱਬਤ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ।

"ਮਿਰਜ਼ਿਆ ਪਤਾ ਨਹੀਂ ਕਿਉਂ ਇਹ ਲੋਕੀਂ ਸਾਨੂੰ ਵੇਖ ਕੇ ਸੜਦੇ ਨੇ। ਸਾਡੀ ਪਾਕ ਮੁਹੱਬਤ ਨੂੰ ਊਜਾਂ ਲਾਉਂਦੇ ਨੇ।" ਸਾਹਿਬਾਂ ਨੇ ਬੜੀ ਗੰਭੀਰਤਾ ਨਾਲ਼ ਗੱਲ ਤੋਰੀ।

"ਸਾਹਿਬਾਂ! ਇਹ ਲੋਕੀਂ ਕੀ ਜਾਨਣ। ਸਾਡੀ ਬਚਪਨ ਦੀ ਮੁਹੱਬਤ 'ਚ ਕੋਈ ਫ਼ਰਕ ਨਹੀਂ ਪਿਆ। ਅਸੀਂ ਬਚਪਨ 'ਚ ਮੁਹੱਬਤ ਕਰਦ ਰਹੇ... ਉਦੋਂ ਕਿਸੇ ਸਾਡੀ ਕੋਈ ਗਲ ਨਹੀਂ ਸੀ ਜੋੜੀ ਤੇ ਅੱਜ...।" ਸਮਾਜ ਪ੍ਰਤੀ ਮਿਰਜ਼ੇ ਨੇ ਆਪਣਾ ਪ੍ਰਤੀਕਰਮ ਜ਼ਾਹਰ ਕੀਤਾ।

"ਮਿਰਜ਼ਿਆ! ਉਦੋਂ ਅਸੀਂ ਬੱਚੇ ਸਾਂ। ਇਹ ਸਮਾਜ ਜਵਾਨ ਮੁਹੱਬਤਾਂ ਨੂੰ ਵੇਖ ਕੇ ਸੜਦੈ। ਮੁਟਿਆਰ ਪ੍ਰੀਤਾਂ ਦੇ ਰਾਹਾਂ ਵਿਚ ਕੰਡਿਆਲੀਆਂ ਰਸਮਾਂ ਦੇ ਕੋਟ

ਉਸਾਰਨ ਵਿਚ ਫ਼ਖ਼ਰ ਅਨੁਭਵ ਕਰਦੈ। ਮਿਰਜ਼ਿਆ! ਲੋਕੀਂ ਕੁਝ ਵੀ ਪਏ ਆਖਣ। ਤੂੰ ਮੇਰੀਆਂ ਨਜ਼ਰਾਂ 'ਚ ਰੱਬੀ ਨੂਰ ਏਂ, ਮੇਰੀ ਜ਼ਿੰਦਗੀ ਦਾ ਚਾਨਣ ਏਂ।"

"ਸਾਹਿਬਾਂ ਤੂੰ ਮੇਰਾ ਸਭੋ ਕੁਝ ਏਂ! ਮੇਰੀ ਜਿੰਦ ਤੂੰ ਹੀ ਏਂ, ਮੇਰੀ ਜਾਨ ਤੂੰ ਹੀ ਏਂ।" ਆਖ ਮਿਰਜ਼ੇ ਨੇ ਸਾਹਿਬਾਂ ਨੂੰ ਆਪਣੀ ਗਲਵਕੜੀ 'ਚ ਲੈ ਲਿਆ ਤੇ ਦੋਨੋਂ ਵਿਸਮਾਦ ਦੀ ਅਵਸਥਾ 'ਚ ਪੁੱਜ ਗਏ।

ਸਾਹਿਬਾਂ ਦੀ ਮਤਰੇਈ ਮਾਂ ਨੂੰ ਮਿਰਜ਼ਾ ਸਾਹਿਬਾਂ ਦਾ ਖਿੜ-ਖਿੜ ਹੱਸਣਾ, ਮਿਲ਼-ਮਿਲ਼ ਬੈਠਣਾ ਚੰਗਾ ਨਹੀਂ ਸੀ ਲੱਗਦਾ। ਉਹਨੇ ਖੀਵੇ ਖ਼ਾਨ ਅੱਗੇ ਉਨ੍ਹਾਂ ਬਾਰੇ ਕਈ ਨਾ ਲਾਉਣ ਵਾਲੀਆਂ ਊਜਾਂ ਲਾਈਆਂ ਤੇ ਉਸ ਦੇ ਮਨ ਵਿਚ ਪਿਆਰ ਵਿਚ ਲੀਨ ਹੋਈਆਂ ਜਵਾਨੀਆਂ ਬਾਰੇ ਕਈ ਸ਼ੰਕੇ ਪੈਦਾ ਕਰ ਦਿੱਤੇ ਅਤੇ ਮਿਰਜ਼ਾ ਸਾਹਿਬਾਂ ਦੀ ਮਮਤਾ ਵਿਚ ਮੁਗਧ ਹੋਏ ਉਹਦੇ ਦਿਲ ਵਿਚ ਕਾਂਜੀ ਘੋਲ ਦਿੱਤੀ।

ਹੁਣ ਖੀਵੇ ਖ਼ਾਨ ਨੂੰ ਮਿਰਜ਼ਾ ਸਾਹਿਬਾਂ ਦਾ ਹੱਸਣਾ, ਖੇਡਣਾ, ਉਠਣਾ, ਬੈਠਣਾ ਪਹਿਲਾਂ ਵਾਂਗ ਨਿੱਘ ਨਹੀਂ ਸੀ ਦਿੰਦਾ। ਉਸ ਪਾਸੋਂ ਲਾਡਾਂ ਮਲ੍ਹਾਰਾਂ ਦੀਆਂ ਗੱਲਾਂ ਨਹੀਂ ਸੀ ਕਰਵਾਉਂਦਾ। ਉਸ ਆਪਣੀ ਭੈਣ ਦਾਨਾਬਾਦ ਤੋਂ ਸੱਦ ਲਈ ਤੇ ਮਿਰਜ਼ੇ ਨੂੰ ਉਹਦੇ ਨਾਲ਼ ਤੋਰ ਦਿੱਤਾ।

ਸਾਹਿਬਾਂ ਤੋਂ ਵਿਛੜ ਜਾਣਾ ਮਿਰਜ਼ੇ ਲਈ ਸੁਖੇਰਾ ਨਹੀਂ ਸੀ। ਉਹਦਾ ਸਕਾ ਮਾਮਾ ਉਹਦੇ ਨਾਲ਼ ਇਸ ਤਰ੍ਹਾਂ ਦਾ ਵਰਤਾਓ ਕਰੇਗਾ? ਮਿਰਜ਼ੇ ਨੂੰ ਇਹਦਾ ਚਿੱਤ ਚੇਤਾ ਵੀ ਨਹੀਂ ਸੀ। ਮਿਰਜ਼ੇ ਨੇ ਦਿਲ 'ਤੇ ਪੱਥਰ ਰੱਖ ਲਿਆ ਤੇ ਉਹ ਸਾਹਿਬਾਂ ਦੀ ਯਾਦ ਦੇ ਸਹਾਰੇ ਆਪਣੇ ਪਿੰਡ ਦਾਨਾਬਾਦ ਆ ਗਿਆ।

ਮਿਰਜ਼ੇ ਦੇ ਕੁਸ਼ਤੀ ਕਰਨ, ਨੇਜ਼ਾਬਾਦੀ ਤੇ ਸ਼ਿਕਾਰ ਆਦਿ ਖੇਡਣ ਦੇ ਸ਼ੌਕ ਵੀ ਉਹਦੇ ਮਨ ਨੂੰ ਸਾਹਿਬਾਂ ਵਲੋਂ ਮੋੜ ਨਾ ਸਕੇ। ਸਾਹਿਬਾਂ ਨਾਲ਼ ਬਿਤਾਏ ਦਿਨਾਂ ਦੀਆਂ ਯਾਦਾਂ ਮਿਰਜ਼ੇ ਲਈ ਆਫ਼ਤਾਂ ਖੜ੍ਹੀਆਂ ਕਰ ਦਿੰਦੀਆਂ। ਉਹਦਾ ਦਿਲ ਕਰਦਾ ਕਿ ਉਹ ਉੱਡ ਕੇ ਸਾਹਿਬਾਂ ਪਾਸ ਪੁੱਜ ਜਾਵੇ ਪਰ ਉਹ ਅਜਿਹਾ ਨਾ ਕਰ ਸਕਦਾ। ਉਹਦੀ ਮਾਂ ਦੇ ਨੈਣਾਂ ਵਿਚ ਛਲਕਦੇ ਅੱਥਰੂ ਉਹਦਾ ਰਾਹ ਰੋਕ ਲੈਂਦੇ।

ਮਿਰਜ਼ੇ ਬਿਨਾਂ ਸਾਹਿਬਾਂ ਦਾ ਜਹਾਨ ਸੁੰਨਾ ਹੋ ਗਿਆ। ਉਹ ਬੜੀ ਰੁੰਨੀ, ਸਹੇਲੀਆਂ ਢਾਰਸਾਂ ਬਨ੍ਹਾਈਆਂ। ਮਤਰੇਈ ਮਾਂ ਦੇ ਨਿੱਤ ਦੇ ਤਾਹਨੇ ਉਹਨੂੰ ਛਲਣੀ ਕਰਨ ਲੱਗੇ।

ਤੇ ਖੀਵਾ ਖ਼ਾਨ ਸਾਹਿਬਾਂ ਦੀ ਮੰਗਣੀ ਚੰਧੜਾਂ ਦੇ ਇਕ ਮੁੰਡੇ ਨਾਲ਼ ਕਰ ਆਇਆ ਤੇ ਵਿਆਹ ਦਾ ਦਿਨ ਵੀ ਧਰ ਦਿੱਤਾ। ਜਦੋਂ ਆਪਣੇ ਮੰਗਣੇ ਅਤੇ ਵਿਆਹ ਦੀ ਕਨਸੋਅ ਸਾਹਿਬਾਂ ਦੇ ਕੰਨੀਂ ਪਈ ਤਾਂ ਉਹ ਤੜਪ ਉੱਠੀ, ਹਨ੍ਹੇਰਾ ਉਹਦੀਆਂ ਅੱਖਾਂ ਅੱਗੇ ਛਾ ਗਿਆ। ਉਹ ਸਾਰੀ ਰਾਤ ਰਜਾਈ ਵਿਚ ਮੂੰਹ ਦੇਈ ਡੁਸਕਦੀ ਰਹੀ, ਹਟਕੋਰੇ ਭਰਦੀ ਰਹੀ, ਆਪਣੇ ਧੁੰਦਲੇ ਭਵਿੱਖ ਬਾਰੇ ਸੋਚਦੀ ਰਹੀ

ਅਤੇ ਆਪਣੀਆਂ ਮੁਟਿਆਰ ਹੋਈਆਂ ਸੱਧਰਾਂ 'ਤੇ ਗੜੇਮਾਰ ਹੁੰਦੀ ਮਹਿਸੂਸ ਕਰਦੀ ਰਹੀ।

ਦੂਜੀ ਭਲਕ ਸਾਹਿਬਾਂ ਨੇ ਆਪਣੇ ਪਿੰਡ ਦੇ ਕਰਮੂ ਪਰੋਹਤ ਕੋਲ਼ ਮਿਰਜ਼ੇ ਲਈ ਸੁਨੇਹਾ ਘੱਲ ਦਿੱਤਾ।

"ਮਿਰਜ਼ਿਆ ਅਗਲਿਆਂ ਨੇ ਕਸਰ ਨਹੀਂ ਜੇ ਛੱਡੀ। ਮੇਰੇ ਵਿਆਹ ਦੇ ਦਿਨ ਧਰ ਦਿੱਤੇ ਨੇ। ਤੈਨੂੰ ਆਪਣੀ ਮੁਹੱਬਤ ਦੀ ਕਸਮ। ਸਭੋ ਕੰਮ ਛੱਡ ਕੇ ਵਿਆਹ ਤੋਂ ਪਹਿਲਾਂ ਆ ਕੇ ਮਿਲ। ਮੈਨੂੰ ਤੇਰੇ ਬਿਨਾਂ ਚੈਨ ਨਹੀਂ ਆਉਂਦਾ ਪਿਆ। ਜੇ ਤੂੰ ਨਾ ਆਇਓਂ ਤਾਂ ਮੇਰਾ ਨਿਕਾਹ ਮੇਰੀ ਲਾਸ਼ ਨਾਲ਼ ਹੀ ਹੋਵੇਗਾ।"

ਸਾਹਿਬਾਂ ਦਾ ਸੁਨੇਹਾ ਮਿਲਦੇ ਸਾਰ ਹੀ ਮਿਰਜ਼ਾ ਤੜਪ ਉੱਠਿਆ। ਉਹਦੇ ਡੌਲ਼ੇ ਫਰਕ ਉੱਠੇ। ਉਸ ਨੇ ਆਪਣਾ ਤੀਰਾਂ ਦਾ ਤਰਕਸ਼, ਕਮਾਣ ਤੇ ਨੇਜ਼ਾ ਸੰਭਾਲਿਆ। ਆਪਣੀ ਪਿਆਰੀ ਬੱਕੀ ਸ਼ਿਗਾਰੀ ਤੇ ਝੰਗ ਨੂੰ ਤੁਰਨ ਲਈ ਤਿਆਰ ਹੋ ਗਿਆ। ਉਹਦੀ ਮਾਂ ਨੇ ਘੋੜੀ ਦੀ ਵਾਗ ਜਾ ਫੜੀ, "ਪੁੱਤਰ ਮਿਰਜ਼ਿਆ, ਘਰ ਭੈਣ ਦੀ ਬਰਾਤ ਢੁੱਕਣ ਵਾਲੀ ਹੈ ਤੇ ਤੂੰ ਘਰੋਂ ਟੁਰ ਪਿਐਂ।" ਤੇ ਖੀਵੀ ਦੀਆਂ ਅੱਖਾਂ 'ਚ ਮਮਤਾ ਦੇ ਅੱਥਰੂ ਵਗ ਟੁਰੇ।

"ਮਾਂ! ਜੇ ਮੈਂ ਅੱਜ ਝੰਗ ਨਾ ਅੱਪੜਿਆ ਤਾਂ ਸਾਹਿਬਾਂ ਕੁਝ ਖਾ ਕੇ ਮਰ ਜਾਵੇਗੀ। ਮੈਂ ਸਾਹਿਬਾਂ ਬਿਨਾਂ ਜੀਅ ਨਹੀਂ ਸਕਦਾ। ਮੇਰਾ ਰਾਹ ਛੱਡ ਦੇ ਮਾਂ। ਉਸ ਦੀ ਜਿੰਦ ਨੂੰ ਬਚਾਉਣਾ ਮੇਰੇ ਲਈ ਬਹੁਤ ਜ਼ਰੂਰੀ ਏ। ਉਹ ਮੇਰਾ ਰਾਹ ਤੱਕਦੀ ਪਈ ਏ...।"

"ਪੁੱਤਰ ਮਿਰਜ਼ਿਆ, ਜਵਾਨੀਆਂ ਮਾਣੇ! ਚੰਗਾ ਦੇਰ ਨਾ ਕਰ, ਛੇਤੀ ਜਾਹ। ਪੁੱਤਰਾ ਖਰਲਾਂ ਦੇ ਖ਼ੂਨ ਨੂੰ ਦਾਗ਼ ਨਾ ਲਾਈਂ। ਸਾਹਿਬਾਂ ਨੂੰ ਨਾਲ਼ ਲੈ ਕੇ ਮੁੜੀਂ।"

ਤੇ ਮਿਰਜ਼ੇ ਦੀ ਮਾਂ ਨੇ ਰੱਬ ਅੱਗੇ ਦੋਨੋਂ ਹੱਥ ਜੋੜ ਦਿੱਤੇ। ਬੱਕੀ ਰੇਵੀਆ ਚਾਲ ਫੜਦੀ ਹਵਾ ਨਾਲ਼ ਗੱਲਾਂ ਕਰਨ ਲੱਗੀ।

ਮਿਰਜ਼ਾ ਜਦੋਂ ਝੰਗ ਪੁੱਜਾ, ਚਾਰੇ ਬੰਨੇ ਹਨ੍ਹੇਰਾ ਪਸਰਿਆ ਹੋਇਆ ਸੀ। ਸਾਹਿਬਾਂ ਦੀ ਬਰਾਤ ਪਿੰਡ ਪੁੱਜ ਚੁੱਕੀ ਸੀ ਤੇ ਜਾਨੀ ਸ਼ਰਾਬ ਵਿਚ ਮਸਤ ਆਤਿਸ਼ਬਾਜ਼ੀ ਚਲਾ ਰਹੇ ਸਨ, ਮੁਜਰੇ ਸੁਣ ਰਹੇ ਸਨ। ਮਿਰਜ਼ੇ ਦਾ ਦਿਲ ਧੜਕਿਆ! ਅੱਜ ਦੀ ਰਾਤ ਸਾਹਿਬਾਂ ਦਾ ਨਿਕਾਹ ਪੜ੍ਹਿਆ ਜਾਣਾ ਸੀ ਤੇ ਸਾਹਿਬਾਂ ਉਹਨੂੰ ਉਡੀਕਦੀ-ਉਡੀਕਦੀ ਬੇਆਸ ਹੋ ਚੁੱਕੀ ਸੀ।

ਮਿਰਜ਼ਾ ਬੀਬੋ ਨਾਇਣ ਦੇ ਘਰ ਜਾ ਪੁੱਜਾ। ਬੀਬੋ ਲਈ ਜਿਵੇਂ ਚੰਨ ਚੜ੍ਹ ਗਿਆ ਹੋਵੇ। ਉਸ ਸੱਚੇ ਖ਼ੁਦਾ ਦਾ ਲੱਖ-ਲੱਖ ਸ਼ੁਕਰ ਕੀਤਾ ਤੇ ਉਹ ਉਸੇ ਵੇਲੇ ਸਾਹਿਬਾਂ ਨੂੰ ਮਿਰਜ਼ੇ ਦੇ ਪੁੱਜ ਜਾਣ ਦੀ ਖ਼ਬਰ ਦੇ ਆਈ।

ਸਾਹਿਬਾਂ ਘਰਦਿਆਂ ਪਾਸੋਂ ਅੱਖ ਬਚਾ ਕੇ ਬੀਬੋ ਦੇ ਘਰ ਪੁੱਜ ਗਈ। ਉਸ ਮਿਰਜ਼ੇ ਦੁਆਲ਼ੇ ਬਾਹਾਂ ਵਲ ਦਿੱਤੀਆਂ ਤੇ ਡੁਸਕਣ ਲੱਗ ਪਈ।

"ਸਾਹਿਬਾਂ ਰੋ ਕੇ ਕੁਝ ਨਹੀਂ ਜੇ ਬਣਨਾ। ਹੌਸਲਾ ਕਰ। ਤੇਰਾ ਵਿਆਹ ਹੁਣ ਰੁਕ ਨਹੀਂ ਸਕਦਾ। ਮਾਂ ਮੇਰੀ ਬਹੁਤੇਰੇ ਵਾਸਤੇ ਪਾ ਚੁੱਕੀ ਏ, ਮਾਮਾ ਨਹੀਂ ਮੰਨਿਆ। ਇਹ ਝੂਠੀ ਲੋਕ ਲਾਜ, ਇਹ ਝੂਠੀਆਂ ਸਮਾਜਕ ਬੰਦਸ਼ਾਂ ਸਾਡੇ ਰਾਹ ਵਿਚ ਰੋਕਾਂ ਬਣ ਖਲੋਈਆਂ ਨੇ। ਸਾਡਾ ਮਜ਼ਹਬ ਤੇਰੇ ਮੇਰੇ ਵਿਆਹ ਦੀ ਆਗਿਆ ਦਿੰਦਾ ਏ ਪਰ ਇਹ ਲੋਕ ਨਹੀਂ ਮੰਨਦੇ। ਸਾਡੀਆਂ ਰੂਹਾਂ ਨੂੰ ਕਤਲ ਕਰਕੇ ਹੀ ਇਨ੍ਹਾਂ ਨੂੰ ਸ਼ਾਂਤੀ ਮਿਲਦੀ ਏ।" ਮਿਰਜ਼ਾ ਗੰਭੀਰ ਹੋਇਆ ਸਾਹਿਬਾਂ ਦਾ ਦਿਲ ਧਰੌਣ ਲੱਗਾ।

"ਮਿਰਜ਼ਿਆ ਮੈਂ ਤੇਰੇ ਬਿਨਾਂ ਕਿਸੇ ਹੋਰ ਨੂੰ ਆਪਣਾ ਨਹੀਂ ਬਣਾ ਸਕਦੀ। ਅੱਧੀ ਰਾਤ ਹੋ ਚੁੱਕੀ ਏ, ਕੁਝ ਸੋਚ, ਕੁਝ ਉਪਾਅ ਕਰ।"

"ਸਾਹਿਬਾਂ ਮੈਂ ਸਭ ਕੁਝ ਸੋਚ ਕੇ ਹੀ ਆਇਆ ਹਾਂ। ਤੂੰ ਤਾਂ ਮੇਰੀ ਜ਼ਿੰਦਗੀ ਏਂ। ਉਹ ਕਿਹੜਾ ਸੂਰਮਾ ਹੈ ਜਿਹੜਾ ਹੁਣ ਤੈਨੂੰ ਮੇਰੇ ਪਾਸੋਂ ਖੋਹ ਲਵੇਗਾ?" ਮਿਰਜ਼ੇ ਨੇ ਸਾਹਿਬਾਂ ਨੂੰ ਆਪਣੇ ਕਲਾਵੇ 'ਚ ਲੈ ਲਿਆ।

ਬਾਹਰੋਂ ਮਿਰਜ਼ੇ ਦੀ ਬੱਕੀ ਹਿਣਹਿਣਾਈ।

"ਚੱਲ ਸਾਹਿਬਾਂ, ਤੈਨੂੰ ਦਾਨਾਬਾਦ ਲੈ ਚੱਲਾਂ। ਤਿਆਰ ਏਂ ਨਾ ਮੇਰੇ ਨਾਲ਼ ਹੁਣੇ ਟੁਰਨ ਲਈ।" ਮਿਰਜ਼ਾ ਪ੍ਰਸ਼ਨ ਸੂਚਕ ਨਿਗਾਹਾਂ ਨਾਲ਼ ਸਾਹਿਬਾਂ ਦੇ ਕੁਮਲਾਏ ਮੁਖੜੇ ਵੱਲ ਤੱਕਣ ਲੱਗਾ।

ਬਿਨਾਂ ਇਕ ਪਲ ਸੋਚੇ ਸਾਹਿਬਾਂ ਬੋਲੀ, "ਮਿਰਜ਼ਿਆ ਇਹਦਾ ਜੁਆਬ ਆਪਣੇ ਦਿਲ ਪਾਸੋਂ ਪੁੱਛ। ਮੇਰੀ ਜਿੰਦ ਤੇਰੇ ਹਵਾਲੇ ਹੈ।"

ਤੇ ਮਿਰਜ਼ਾ ਸਾਹਿਬਾਂ ਨੂੰ ਬੱਕੀ 'ਤੇ ਚੜ੍ਹਾ ਕੇ ਦਾਨਾਬਾਦ ਨੂੰ ਨਸ ਟੁਰਿਆ।

ਕਾਜ਼ੀ ਹੋਰੀਂ ਨਿਕਾਹ ਪੜ੍ਹਾਉਣ ਲਈ ਪੁੱਜ ਗਏ। ਖੀਵੇ ਹੋਰਾਂ ਸਾਰਾ ਘਰ ਛਾਣ ਮਾਰਿਆ, ਸਾਹਿਬਾਂ ਕਿਧਰੇ ਵਿਖਾਈ ਨਾ ਦਿੱਤੀ। ਨਮੋਸ਼ੀ ਦੇ ਕਾਰਨ ਖੀਵੇ ਨੂੰ ਗਸ਼ੀਆਂ ਪੈਣ ਲੱਗੀਆਂ। ਸਾਰਾ ਪਿੰਡ ਸਾਹਿਬਾਂ ਦੀ ਭਾਲ਼ ਕਰਨ ਲੱਗਾ। "ਖੌਰੇ ਕਿਸੇ ਖੂਹ ਖਾਤੇ ਵਿਚ ਡੁੱਬ ਮੋਈ ਹੋਵੇ" ਕੋਈ ਆਖਦਾ। ਕਿਸੇ ਆਖਿਆ, "ਰਾਤੀਂ ਮੈਂ ਮਿਰਜ਼ੇ ਨੂੰ ਆਉਂਦੇ ਵੇਖਿਆ ਹੈ। ਹੋ ਸਕਦਾ ਹੈ ਉਹ ਹੀ ਸਾਹਿਬਾਂ ਨੂੰ ਉਧਾਲ ਕੇ ਲੈ ਗਿਆ ਹੋਵੇ।"

ਇਹ ਸੁਣ ਸਾਹਿਬਾਂ ਦੇ ਭਰਾ ਸ਼ਮੀਰ ਤੇ ਭੁਮਰਾ ਤੈਸ਼ ਵਿਚ ਆ ਗਏ। ਉਹ ਦੋ ਵਾਹਰਾਂ ਬਣਾ ਕੇ ਦਾਨਾਬਾਦ ਦੇ ਰਸਤੇ ਪੈ ਗਏ। ਘੋੜੀਆਂ ਅਤੇ ਊਠਾਂ ਦੀ ਧੂੜ ਇਕ ਤੂਫ਼ਾਨੀ ਹਨੇਰੀ ਵਾਂਗ ਦਾਨਾਬਾਦ ਵੱਲ ਵਧਣ ਲੱਗੀ। ਮਿਰਜ਼ੇ ਦੀ ਬੱਕੀ ਸਿਰ ਤੋੜ ਦੌੜਦੀ ਹੋਈ ਦਾਨਾਬਾਦ ਦੇ ਨੇੜੇ ਪੁੱਜ ਗਈ। ਰਾਤ ਦਾ ਉਣੀਂਦਰਾ ਤੇ ਸਫ਼ਰ ਦਾ ਥਕੇਵਾਂ ਬੱਕੀ 'ਤੇ ਭਾਰੂ ਹੋ ਗਿਆ।

"ਹੁਣ ਅਸੀਂ ਵੈਰੀ ਦੀ ਮਾਰ ਤੋਂ ਦੂਰ ਆ ਚੁੱਕੇ ਆਂ। ਉਸ ਜੰਡ ਥੱਲੇ ਇਕ ਪਲ ਸੁਸਤਾ ਲਈਏ।" ਆਖ ਮਿਰਜ਼ੇ ਨੇ ਬੱਕੀ ਜੰਡ ਨਾਲ਼ ਬੰਨ੍ਹ ਦਿੱਤੀ ਤੇ ਆਪ ਸਾਹਿਬਾਂ ਦੇ ਪੱਟ ਦਾ ਸਿਰਹਾਣਾ ਲਾ ਕੇ ਸੌਂ ਗਿਆ।

ਸਾਹਿਬਾਂ ਨੇ ਕਈ ਵਾਰੀ ਮਿਰਜ਼ੇ ਨੂੰ ਜਗਾਇਆ ਵੀ ਪਰ ਉਹ ਘੂਕ ਸੁੱਤਾ ਰਿਹਾ।

ਘੋੜੀਆਂ ਦੀਆਂ ਟਾਪਾਂ ਨੇੜੇ ਆਉਂਦੀਆਂ ਗਈਆਂ। ਸਾਹਿਬਾਂ ਵੇਖਿਆ ਉਹਦਾ ਭਰਾ ਸ਼ਮੀਰ ਵਾਹਰ ਸਮੇਤ ਉਨ੍ਹਾਂ ਵੱਲ ਮਾਰੋ-ਮਾਰ ਕਰਦਾ ਹੋਇਆ ਵਧ ਰਿਹਾ ਸੀ:

*ਦੱਖਣ ਦੇ ਵੱਲੋਂ ਚੜ੍ਹੀਆਂ ਨੇ ਨ੍ਹੇਰੀਆਂ*
*ਉਡਦੇ ਨੇ ਗਰਦ ਗੁਬਾਰ*
*ਬੁਲਬਲਾਂ ਵਰਗੀਆਂ ਘੋੜੀਆਂ*
*ਉੱਤੇ ਵੀਰਾਂ ਜਹੇ ਅਸਵਾਰ*
*ਹੱਥੀਂ ਤੇਗਾਂ ਨੰਗੀਆਂ*
*ਕਰਦੇ ਮਾਰੋ-ਮਾਰ*
*ਵੇ ਤੂੰ ਹੇਠਾਂ ਜੰਡ ਦੇ ਸੌਂ ਗਿਐਂ*
*ਜੱਟਾ ਕਰਕੇ ਆ ਗਿਆ ਵਾਰ*
*ਤੈਨੂੰ ਭੱਜੇ ਨੂੰ ਜਾਣ ਨਾ ਦੇਣਗੇ*
*ਜੱਟਾ ਜਾਨੋਂ ਦੇਣਗੇ ਮਾਰ*

ਸਾਹਿਬਾਂ ਨੇ ਵੇਖਿਆ ਵਾਹਰ ਵਾਹੋ-ਦਾਹੀ ਉਨ੍ਹਾਂ ਵੱਲ ਵਧ ਰਹੀ ਹੈ। ਉਸ ਨੇ ਬੜੇ ਹੌਸਲੇ ਨਾਲ਼ ਘੂਕ ਸੁੱਤੇ ਪਏ ਮਿਰਜ਼ੇ ਨੂੰ ਹਲੂਣਿਆ, "ਮਿਰਜ਼ਿਆ ਜਾਗ ਖੋਲ੍ਹ, ਵੈਰੀ ਸਿਰ 'ਤੇ ਪੁੱਜ ਗਏ ਨੇ, ਚਲ ਛੇਤੀ ਉਠ।" ਮਿਰਜ਼ਾ ਇਕਦਮ ਉਠਿਆ ਤੇ ਆਪਣੇ ਆਪ ਨੂੰ ਸੰਭਾਲ ਕੇ ਸ਼ਮੀਰ ਹੋਰਾਂ ਦੀ ਵਾਹਰ ਦਾ ਮੁਕਾਬਲਾ ਬੜੀ ਬਹਾਦਰੀ ਨਾਲ਼ ਕਰਨ ਲੱਗਾ:

*ਭੱਥੇ 'ਚੋਂ ਕੱਢ ਲਿਆ ਜੱਟ ਨੇ ਟੋਲ਼ ਕੇ*
*ਰੰਗ ਦਾ ਸੁਨਹਿਰੀ ਤੀਰ*
*ਮਾਰਿਆ ਜੱਟ ਨੇ ਮੁੱਛਾਂ ਕੋਲੋਂ ਵੱਟ ਕੇ*
*ਉੱਡ ਗਿਆ ਵਾਂਗ ਭੰਬੀਰ*
*ਪੰਜ-ਸੱਤ ਲਾਹ ਲਏ ਘੋੜਿਓਂ*

*ਨੌਵਾਂ ਲਾਹਿਆ ਸਾਹਿਬਾਂ ਦਾ ਵੀਰ*
*ਸਾਹਿਬਾਂ ਡਿੱਗਦੇ ਭਰਾਵਾਂ ਨੂੰ ਵੇਖ ਕੇ*
*ਅੱਖੀਓਂ ਸੁੱਟਦੀ ਨੀਰ*
*ਆਹ ਕੀ ਕੀਤਾ ਮਿਰਜ਼ਿਆ ਖ਼ੂਨੀਆਂ*
*ਹੋਰ ਨਾ ਚਲਾਈਂ ਐਸਾ ਤੀਰ*
*ਅਸੀਂ ਇਕ ਢਿੱਡ ਲੱਤਾਂ ਦੇ ਲਈਆਂ*
*ਇਕੋ ਮਾਂ ਦਾ ਚੁੰਘਿਆ ਸੀਰ*

ਦੋ ਵਾਹਰਾਂ ਦੇ ਵਿਚਕਾਰ ਉਹ ਘੇਰੇ ਗਏ। ਮਿਰਜ਼ੇ ਨੇ ਬੜੀ ਸੂਰਮਗਤੀ ਨਾਲ਼ ਉਨ੍ਹਾਂ ਦੇ ਵਾਰ ਝੱਲੇ। ਉਹਦਾ ਇਕ-ਇਕ ਤੀਰ ਕਈਆਂ ਦੇ ਹੋਸ਼ ਭੁਲਾ ਦਿੰਦਾ। ਸੈਆਂ ਬਾਹਵਾਂ ਦਾ ਮੁਕਾਬਲਾ ਉਹ ਕਦੋਂ ਤਕ ਕਰਦਾ। ਸਾਹਿਬਾਂ ਨੇ ਵੀ ਆਪਣੇ ਭਰਾਵਾਂ ਅੱਗੇ ਭੈਣ-ਭਰਾਵਾਂ ਦੇ ਪਿਆਰ ਦੇ ਵਾਸਤੇ ਪਾਏ ਪਰ ਉਨ੍ਹਾਂ ਨੇ ਉਹਦੀ ਇਕ ਨਾ ਸੁਣੀ ਤੇ ਮਿਰਜ਼ੇ ਦਾ ਗੇਲੀ ਜਿਹਾ ਸੁੰਦਰ ਸਰੀਰ ਤੀਰਾਂ, ਨੇਜ਼ਿਆਂ ਨਾਲ਼ ਛਲਣੀ-ਛਲਣੀ ਕਰ ਦਿੱਤਾ ਅਤੇ ਸਾਹਿਬਾਂ ਵੀ ਆਪਣੇ ਪੇਟ ਵਿਚ ਕਟਾਰ ਮਾਰ ਕੇ ਮਿਰਜ਼ੇ ਦੀ ਲੋਥ 'ਤੇ ਜਾ ਡਿੱਗੀ। ਬੱਕੀ ਆਪਣੇ ਪਿਆਰੇ ਮਿਰਜ਼ੇ ਦੀ ਲੋਥ ਕੋਲ਼ ਖੜ੍ਹੀ ਹੰਝੂ ਕੇਰਦੀ ਰਹੀ ਅਤੇ ਸਾਰੇ ਵਾਤਾਵਰਣ ਵਿਚ ਸੋਗ ਦੀ ਲਹਿਰ ਦੌੜ ਗਈ।

*ਵਿੰਗ ਤੜਿੰਗੀਏ ਟਾਹਲੀਏ*
*ਤੇਰੇ ਹੇਠ ਮਿਰਜ਼ੇ ਦੀ ਗੋਰ*
*ਜਿੱਥੇ ਮਿਰਜ਼ਾ ਵੱਢਿਆ*
*ਓਥੇ ਰੋਣ ਤਿੱਤਰ ਤੇ ਮੋਰ*
*ਮਹਿਲਾਂ 'ਚ ਰੋਂਦੀਆਂ ਰਾਣੀਆਂ*
*ਕੱਲਰਾਂ 'ਚ ਰੋਂਦੇ ਚੋਰ।*

•

# ਸੋਹਣੀ ਮਹੀਂਵਾਲ

ਝਨਾਅ ਦੇ ਪਾਣੀਆਂ ਨੇ ਜਿਨ੍ਹਾਂ ਮੁਹੱਬਤੀ ਰੂਹਾਂ ਨੂੰ ਜਨਮ ਦਿੱਤਾ ਹੈ ਉਨ੍ਹਾਂ ਵਿਚ 'ਸੋਹਣੀ' ਇਕ ਅਜਿਹਾ ਅਮਰ ਨਾਂ ਹੈ ਜਿਸ ਨੇ ਪੰਜਾਬੀਆਂ ਦੇ ਮਨਾਂ 'ਤੇ ਅਮਿਟ ਛਾਪ ਛੱਡੀ ਹੈ। ਸਦੀਆਂ ਬੀਤਣ ਬਾਅਦ ਵੀ ਲੋਕ ਉਸ ਦੀਆਂ ਬਾਤਾਂ ਬੜੇ ਚਾਵਾਂ ਨਾਲ਼ ਪਾਉਂਦੇ ਹਨ।

ਬਾਤ ਸਦੀਆਂ ਪੁਰਾਣੀ ਹੈ। ਬਲਖ਼ ਬੁਖਾਰੇ ਦੇ ਸੌਦਾਗਰ ਅਲੀ ਬੇਗ ਦਾ ਨੌਜਵਾਨ ਪੁੱਤਰ ਇੱਜ਼ਤ ਬੇਗ ਅਜੋਕੇ ਪਾਕਿਸਤਾਨ ਦੇ ਸ਼ਹਿਰ ਗੁਜਰਾਤ ਵਿਚ ਭਾਂਡਿਆਂ ਦਾ ਵਪਾਰ ਕਰਨ ਲਈ ਆਇਆ। ਇਕ ਦਿਨ ਉਹ ਆਪਣੇ ਨੌਕਰ ਨਾਲ਼ ਗੁਜਰਾਤ ਦੀਆਂ ਹੱਟੀਆਂ ਵੇਖਦਾ-ਵੇਖਦਾ ਤੁੱਲੇ ਦੀ ਭਾਂਡਿਆਂ ਦੀ ਦੁਕਾਨ 'ਤੇ ਪੁੱਜ ਗਿਆ। ਦੁਕਾਨ 'ਤੇ ਭਾਂਡੇ ਖ਼ਰੀਦਣ ਵਾਲ਼ਿਆਂ ਦੀ ਬੜੀ ਭੀੜ ਸੀ। ਦੁਕਾਨ ਵਿਚ ਕੂਜੇ, ਬਾਦੀਏ, ਸੁਰਾਹੀਆਂ, ਘੜੇ, ਮਟਕੇ ਆਦਿ ਇਸ ਸਲੀਕੇ ਨਾਲ਼ ਟਿਕਾਏ ਹੋਏ ਸਨ ਜਿਵੇਂ ਕਿਸੇ ਚਿੱਤਰਕਾਰ ਨੇ ਆਪਣੇ ਚਿੱਤਰਾਂ ਦੀ ਪ੍ਰਦਰਸ਼ਨੀ ਲਾਈ ਹੋਵੇ।

ਇੱਜ਼ਤ ਬੇਗ ਬਾਹਰ ਖੜ੍ਹਾ ਸਜੀਲੀ ਦੁਕਾਨ ਵੱਲ ਪ੍ਰਸੰਸਾ ਭਰੀਆਂ ਤੱਕਣੀਆਂ ਨਾਲ਼ ਤੱਕਦਾ ਰਿਹਾ। ਗਾਹਕਾਂ ਦੀ ਕੁਝ ਭੀੜ ਘਟੀ। ਤੁੱਲੇ ਦੀ ਨਿਗਾਹ ਨੌਜਵਾਨ ਸੌਦਾਗਾਰ 'ਤੇ ਜਾ ਪਈ।

"ਹੁਕਮ ਕਰੋ ਸਭ ਕੁਝ ਹਾਜ਼ਰ ਹੈ, ਜਲ ਪਾਣੀ ਦੀ ਆਗਿਆ ਦਿਓ।" ਤੁੱਲੇ ਨੇ ਨੌਜਵਾਨ ਸੌਦਾਗਰ ਅੱਗੇ ਦੋਨੋਂ ਹੱਥ ਜੋੜੇ ਅਤੇ ਕਾਹੀ ਦਾ ਬਣਿਆਂ ਰਾਂਗਲਾ ਮੂਹੜਾ ਅੱਗੇ ਵਧਾ ਦਿੱਤਾ।

"ਜਲ ਪਾਣੀ ਲਈ ਮਿਹਰਬਾਨੀ, ਸਾਨੂੰ ਕੁਝ ਭਾਂਡਿਆਂ ਦੀ ਲੋੜ ਏ, ਅਸੀਂ ਆਪਣੇ ਦੇਸ਼ ਨੂੰ ਤੁਹਾਡੇ ਦੇਸ਼ ਦੀ ਸੁਗਾਤ ਲਿਜਾਣਾ ਚਾਹੁੰਦੇ ਹਾਂ, ਕੁਝ ਨਮੂਨੇ ਦਿਖਾਓ।" ਮੂਹੜੇ 'ਤੇ ਬੈਠਦਿਆਂ ਇੱਜ਼ਤ ਬੇਗ ਨੇ ਉੱਤਰ ਦਿੱਤਾ।

ਤੁੱਲਾ ਘੁਮਿਆਰ ਦੁਕਾਨ ਅੰਦਰੋਂ ਭਾਂਡੇ ਲੈਣ ਲਈ ਚਲਿਆ ਗਿਆ, ਇੱਜ਼ਤ ਬੇਗ ਸੋਚ ਰਿਹਾ ਸੀ ਕਿ ਉਹ ਖ਼ੂਬਸੂਰਤ ਭਾਂਡਿਆਂ ਦੇ ਰਚਣਹਾਰੇ ਦੀ ਸਿਫ਼ਤ ਕਰੇ ਤਾਂ ਕਿਵੇਂ ਕਰੇ।

ਤੁੱਲਾ ਅੰਦਰੋਂ ਕਈ ਨਮੂਨੇ ਲੈ ਆਇਆ, ਨਮੂਨੇ ਕੀ ਸਨ- ਕਿਸੇ

ਕਰਾਮਾਤੀ ਹੱਥਾਂ ਦਾ ਕਮਾਲ ਸਨ- ਤੱਕਿਆਂ ਭੁੱਖ ਲਹਿੰਦੀ ਸੀ।

"ਇਹ ਬਹੁਤ ਸੁੰਦਰ ਹਨ- ਅਤੀ ਸੁੰਦਰ। ਕੋਈ ਕਦਰਦਾਨ ਦਿਲ ਹੀ ਇਨ੍ਹਾਂ ਦਾ ਮੁੱਲ ਤਾਰ ਸਕਦਾ ਹੈ। ਤੁਸੀਂ ਏਡੇ ਮਨਮੋਹਣੇ ਭਾਂਡੇ ਕਿਵੇਂ ਬਣਾ ਲੈਂਦੇ ਹੋ ?" ਇੱਜ਼ਤ ਬੇਗ ਦੀਆਂ ਪ੍ਰਸੰਸਾ ਭਰੀਆਂ ਤੱਕਣੀਆਂ ਜਾਣਕਾਰੀ ਲੋੜਦੀਆਂ ਸਨ।

ਪ੍ਰਸੰਸਾ ਦੇ ਸ਼ਬਦ ਸੁਣ ਕੇ ਤੁੱਲੇ ਦੀਆਂ ਅੱਖਾਂ ਚਮਕ ਉੱਠੀਆਂ। ਉਹ ਇੱਜ਼ਤ ਬੇਗ ਨੂੰ ਆਪਣੇ ਅੰਦਰ-ਬਾਰ ਲੈ ਗਿਆ ਜਿੱਥੇ ਭਾਂਡੇ ਬਣ ਰਹੇ ਸਨ। ਚੱਕ ਬੜੀ ਤੇਜ਼ੀ ਨਾਲ਼ ਘੁੰਮ ਰਿਹਾ ਸੀ ਤੇ ਤੁੱਲੇ ਦੀ ਮੁਟਿਆਰ ਧੀ ਆਪਣੀਆਂ ਕੋਮਲ ਉਂਗਲਾਂ ਨਾਲ਼ ਗੁੰਨ੍ਹੀ ਹੋਈ ਮਿੱਟੀ ਨੂੰ ਜਾਦੂ ਭਰੀਆਂ ਛੂਹਾਂ ਦੇ ਰਹੀ ਸੀ।

"ਇਹ ਹੈ ਮੇਰੀ ਧੀ ਸੋਹਣੀ, ਇਹ ਸਾਰੇ ਭਾਂਡੇ ਏਸੇ ਦੇ ਬਣਾਏ ਹੋਏ ਹਨ।" ਤੁੱਲੇ ਨੇ ਆਪਣੀ ਧੀ ਵੱਲ ਇਸ਼ਾਰਾ ਕੀਤਾ।

ਘੁੰਮਦਾ ਚੱਕ ਹੌਲ਼ੀ ਹੋ ਗਿਆ। ਮੁਟਿਆਰ ਚੱਕ ਉਤੇ ਜਨਮ ਲੈ ਰਹੇ ਸ਼ਾਹਕਾਰ ਵਿਚ ਮਗਨ ਸੀ, ਉਸ ਜ਼ਰਾ ਕੁ ਪਿੱਛੇ ਮੁੜ ਕੇ ਤੱਕਿਆ- ਕਾਲ਼ੀਆਂ ਘਟਾਵਾਂ ਪਿੱਛੋਂ ਚੰਦ ਦੀ ਪਿਆਰੀ ਟੁਕੜੀ ਟਹਿਕ ਪਈ।

ਇੱਜ਼ਤ ਬੇਗ ਨੇ ਧੁੱਪ ਵਿਚ ਸੁਕਾਏ ਜਾ ਰਹੇ ਭਾਂਡੇ ਤੱਕੇ ਅਤੇ ਆਵੇ ਵਿਚ ਪਕਾਏ ਜਾ ਰਹੇ ਭਾਂਡਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਜਿੰਨੀ ਦੇਰ ਉਹ ਇਸ ਬਾੜੇ ਵਿਚ ਰਿਹਾ ਸੋਹਣੀ ਦੀ ਪਿਆਰੀ ਸੂਰਤ ਉਹਨੂੰ ਨਜ਼ਰੀਂ ਆਂਦੀ ਰਹੀ। ਉਸ ਨੂੰ ਭਾਂਡਿਆਂ ਦੀ ਖ਼ੂਬਸੂਰਤੀ ਦਾ ਭੇਤ ਸਮਝ ਪੈ ਗਿਆ, "ਸੋਹਣੀ ਦਾ ਆਪਣਾ ਰੂਪ ਹੀ ਤਾਂ ਇਨ੍ਹਾਂ ਭਾਂਡਿਆਂ ਵਿਚ ਸਮਾਇਆ ਹੋਇਆ ਹੈ ਜਿਸ ਕਰਕੇ ਉਹ ਐਨੇ ਖ਼ੂਬਸੂਰਤ ਲਗਦੇ ਨੇ।"

ਇੱਜ਼ਤ ਬੇਗ ਨੇ ਬਹੁਤ ਸਾਰੇ ਭਾਂਡੇ ਖ਼ਰੀਦ ਲਏ ਜੋ ਮੁੱਲ ਤੁੱਲੇ ਨੇ ਮੰਗਿਆ ਉਹਨੇ ਤਾਰ ਦਿੱਤਾ।

ਤੁੱਲੇ ਦੀ ਦੁਕਾਨ ਵਿਚੋਂ ਨਿਕਲਦਿਆਂ ਇੱਜ਼ਤ ਬੇਗ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਉਹ ਕਿਸੇ ਮੰਦਰ ਦੀ ਜ਼ਿਆਰਤ ਕਰਕੇ ਆ ਰਿਹਾ ਹੋਵੇ।

ਹੁਣ ਤੁੱਲੇ ਦੀ ਹੁਸ਼ਨਾਕ ਧੀ, ਸੋਹਣੀ, ਇੱਜ਼ਤ ਬੇਗ ਦੇ ਖ਼ਿਆਲਾਂ 'ਤੇ ਛਾ ਚੁੱਕੀ ਸੀ।

ਇੱਜ਼ਤ ਬੇਗ ਨੇ ਖ਼ੂਬਸੂਰਤ ਭਾਂਡੇ ਆਪਣੇ ਤੰਬੂ ਵਿਚ ਸਜਾ ਦਿੱਤੇ ਜਿਸ ਭਾਂਡੇ ਵਲ ਉਹ ਤੱਕਦਾ, ਚੰਨ ਨਾਲੋਂ ਪਿਆਰੀ ਸੋਹਣੀ ਨਜ਼ਰ ਆਂਦੀ। ਹਰ ਪਾਸੇ ਸੋਹਣੀ, ਜਿਧਰ ਵੀ ਤੱਕਦਾ ਮੁਸਕਰਾਉਂਦੀ ਸੋਹਣੀ ਵਿਖਾਈ ਦਿੰਦੀ। ਸਾਰੀ ਰਾਤ ਉਹ ਸੋਹਣੀ ਦੇ ਖ਼ਿਆਲਾਂ ਵਿਚ ਖੋਇਆ ਰਿਹਾ, ਇਕ ਪਲ ਲਈ ਵੀ ਉਹਨੂੰ ਨੀਂਦ ਨਾ ਆਈ। ਪੈਸੇ ਦਾ ਵਣਜ ਕਰਨ ਆਇਆ ਸੌਦਾਗਰ ਇਸ਼ਕ ਦਾ ਵਣਜ ਕਰਨ

ਲਈ ਉਤਾਵਲਾ ਹੋ ਉੱਠਿਆ। ਉਹਨੇ ਆਪਣਾ ਨੌਕਰ ਆਪਣੇ ਦੇਸ਼ ਪਰਤਾ ਦਿੱਤਾ ਤੇ ਆਪ ਗੁਜਰਾਤ ਵਿਚ ਹੀ ਭਾਂਡਿਆਂ ਦੀ ਹੱਟੀ ਪਾ ਲਈ। ਉਹ ਭਾਂਡੇ ਖ਼ਰੀਦਣ ਦੇ ਪੱਜ ਹਰ ਰੋਜ਼ ਸੋਹਣੀ ਦਾ ਪਿਆਰਾ ਮੁਖੜਾ ਤੱਕ ਆਉਂਦਾ। ਭਾਂਡਿਆਂ ਦਾ ਵਪਾਰੀ ਉਹ ਕਿਧਰੋਂ ਸੀ, ਉਹ ਤਾਂ ਨੈਣਾਂ ਦਾ ਵਣਜਾਰਾ ਸੀ, ਹੁਸਨ ਦੀ ਹੱਟੀ ਤੋਂ ਸੌਦਾ ਖ਼ਰੀਦਣ ਵਾਲ਼ਾ। ਦੁਕਾਨ ਵਿਚ ਘਾਟੇ 'ਤੇ ਘਾਟਾ ਪੈਂਦਾ ਗਿਆ। ਇਕ ਵਰ੍ਹੇ ਵਿਚ ਹੀ ਉਹਨੇ ਆਪਣੀ ਸਾਰੀ ਪੂੰਜੀ ਮੁਕਾ ਦਿੱਤੀ। ਤੁੱਲੇ ਦਾ ਸੈਂਕੜੇ ਰੁਪਏ ਦਾ ਕਰਜ਼ਾ ਉਦ੍ਹੇ ਸਿਰ ਹੋ ਗਿਆ। ਹਾਲਤ ਇਥੋਂ ਤਕ ਪੁੱਜ ਗਈ ਕਿ ਉਹ ਰੋਟੀ ਤੋਂ ਵੀ ਆਤੁਰ ਹੋ ਗਿਆ।

ਅਜੇ ਤੀਕਰ ਇੱਜ਼ਤ ਬੇਗ ਨੇ ਸੋਹਣੀ ਨਾਲ਼ ਦੋ ਪਿਆਰ ਭਰੀਆਂ ਗੱਲੜੀਆਂ ਵੀ ਨਹੀਂ ਸਨ ਕੀਤੀਆਂ, ਸੋਹਣੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੁਸਕਰਾਇਆ ਤਕ ਨਹੀਂ ਸੀ।

ਹਾਰ ਕੇ ਇੱਜ਼ਤ ਬੇਗ ਨੇ ਤੁੱਲੇ ਦੇ ਪੈਰ ਜਾ ਫੜੇ।

"ਮਾਪਿਆ ਮੈਨੂੰ ਬਚਾ ਲੈ। ਮੇਰੇ ਪਾਸ ਫੁੱਟੀ ਕੌਡੀ ਵੀ ਨਹੀਂ ਜੀਹਦੇ ਨਾਲ਼ ਤੇਰਾ ਕਰਜ਼ਾ ਮੋੜ ਸਕਾਂ। ਇਸ ਪ੍ਰਦੇਸ਼ ਵਿਚ ਮੇਰਾ ਕੋਈ ਨਹੀਂ। ਹੇ ਨੇਕ ਦਿਲ ਬੰਦੇ ਮੇਰੇ 'ਤੇ ਤਰਸ ਕਰ। ਮੈਨੂੰ ਆਪਣੇ ਕੋਲ਼ ਨੌਕਰ ਰੱਖ ਲੈ। ਮੈਂ ਸਿਰਫ਼ ਦੋ ਟੁਕੜੇ ਰੋਟੀ ਖਾ ਕੇ ਗੁਜ਼ਾਰਾ ਕਰ ਲਵਾਂਗਾ, ਮੇਰੀ ਨੌਕਰੀ ਵਿਚੋਂ ਆਪਣਾ ਕਰਜ਼ਾ ਕੱਟ ਲੈਣਾ।" ਇੱਜ਼ਤ ਬੇਗ ਨੇ ਲੇਲੜ੍ਹੀਆਂ ਕੱਢਦਿਆਂ ਆਖਿਆ। ਉਹਦੇ ਨੈਣ ਭਰ ਆਏ।

ਤੁੱਲਾ ਸੋਚੀਂ ਪੈ ਗਿਆ। ਕੁਝ ਚਿਰ ਸੋਚ ਕੇ ਤੁੱਲੇ ਨੇ ਹੁੰਗਾਰਾ ਭਰਿਆ, "ਬੇਟਾ ਘਾਬਰਨ ਦੀ ਲੋੜ ਨਹੀਂ। ਵਣਜਾਂ ਵਿਚ ਘਾਟੇ-ਵਾਧੇ ਬਣੇ ਹੀ ਹੋਏ ਨੇ। ਇਹ ਮੈਂ ਜਾਣਦਾਂ ਕਿ ਤੂੰ ਪ੍ਰਦੇਸੀ ਏਂ, ਤੇਰਾ ਏਥੇ ਕੋਈ ਮਦਦਗਾਰ ਨਹੀਂ। ਤੂੰ ਮੇਰੇ ਕੋਲ਼ ਨੌਕਰ ਰਹਿਣ ਦਾ ਸਵਾਲ ਪਾਇਆ ਏ, ਮੈਂ ਸਵਾਲੀ ਕਦੇ ਦਰੋਂ ਮੋੜਿਆ ਨਹੀਂ। ਮੈਂ ਤੈਨੂੰ ਆਪਣੇ ਕੋਲ਼ ਨੌਕਰ ਰੱਖਣ ਲਈ ਤਿਆਰ ਹਾਂ ਪਰ ਇਕ ਸ਼ਰਤ ਏ..."

"ਹਾਂ ਦੱਸ ਬਾਬਾ...।" ਇੱਜ਼ਤ ਬੇਗ ਕਾਹਲ਼ੀ ਨਾਲ਼ ਬੋਲਿਆ। ਉਸ ਨੂੰ ਆਸ ਦਾ ਟਹਿਟਹਾਣਾ ਜਗਮਗਾਂਦਾ ਵਿਖਾਈ ਦੇ ਰਿਹਾ ਸੀ।

"ਤੈਨੂੰ ਮੱਝਾਂ ਚਾਰਨ 'ਤੇ ਨੌਕਰ ਰਹਿਣਾ ਪਵੇਗਾ, ਸੋਚ ਲੈ।" ਤੁੱਲੇ ਨੇ ਗੰਭੀਰਤਾ ਪੂਰਵਕ ਆਖਿਆ।

"ਮੈਨੂੰ ਮਨਜ਼ੂਰ ਏ, ਮੈਂ ਖਿੜੇ ਮੱਥੇ ਇਹ ਨੌਕਰੀ ਕਰਾਂਗਾ।"

ਇੱਜ਼ਤ ਬੇਗ ਲਈ ਜਿਵੇਂ ਸਵਰਗ ਦੀ ਖਿੜਕੀ ਖੁੱਲ੍ਹ ਗਈ ਹੋਵੇ। ਆਪਣੇ ਪਿਆਰੇ ਨਾਲ਼ ਨੇੜਤਾ ਪ੍ਰਾਪਤ ਕਰਨ ਦੀ ਸੱਧਰ ਉਹਨੂੰ ਹੁਣ ਪੂਰੀ ਹੁੰਦੀ ਜਾਪਦੀ ਸੀ।

ਇੱਜ਼ਤ ਬੇਗ ਮੂੰਹ ਝਾਖਰੇ ਹੀ ਮੱਝਾਂ ਖੋਲ੍ਹਦਾ, ਆਪਣੇ ਸਾਥੀਆਂ ਸਮੇਤ

ਝਨਾਅ ਦੇ ਬੇਲੇ ਵਿਚ ਪੁੱਜ ਜਾਂਦਾ। ਇੱਜ਼ਤ ਬੇਗ ਤੋਂ ਉਹ ਹੁਣ ਮਹੀਂਵਾਲ ਬਣ ਚੁੱਕਾ ਸੀ, ਉਹ ਨੂੰ ਇਸੇ ਨਾਂ ਨਾਲ਼ ਸੱਦਦੇ ਸਨ। ਕੋਈ ਡੇਢ ਵਰ੍ਹਾ ਇਸੇ ਤਰ੍ਹਾਂ ਲੰਘ ਗਿਆ। ਸੋਹਣੀ ਦੀ ਰਾਂਗਲੀ ਨੁਹਾਰ ਉਹਨੂੰ ਜ਼ਿੰਦਗੀ ਜੀਣ ਦਾ ਲਾਰਾ ਦਈ ਜਾ ਰਹੀ ਸੀ। ਉਹ ਕਲਪਨਾ ਵਿਚ ਹੀ ਕਈ ਵਾਰ ਸੋਹਣੀ ਨਾਲ਼ ਸ਼ਹਿਦ ਭਰੀਆਂ ਗੱਲਾਂ ਕਰਦਾ, ਰੁੱਸਦਾ, ਹੱਸਦਾ ਅਤੇ ਮਨਮਨਾਈ ਕਰਦਾ। ਪਰੰਤੂ ਸੋਹਣੀ ਉਹਦੇ ਪਾਸੋਂ ਬਹੁਤ ਦੂਰ ਸੀ- ਅਸਮਾਨੀ ਤਾਰਿਆਂ ਨਾਲ਼ੋਂ ਵੀ ਦੂਰ। ਸੋਹਣੀ ਤਾਂ ਉਹਦੇ ਲਈ ਲਾਜਵੰਤੀ ਦਾ ਬੂਟਾ ਸੀ, ਜਿਹੜਾ ਹੱਥ ਲਾਇਆਂ ਕੁਮਲਾ ਜਾਂਦਾ ਏ।

ਇਕ ਦਿਨ ਸੋਹਣੀ ਮਹੀਂਵਾਲ ਲਈ ਭੱਤਾ ਲੈ ਕੇ ਆ ਗਈ। ਉਹਦਾ ਚੋ ਚੋ ਪੈਂਦਾ ਰੂਪ ਮਹੀਂਵਾਲ ਨੂੰ ਤੜਪਾ ਗਿਆ। ਉਸ ਆਪਣਾ ਦਿਲ ਸੋਹਣੀ ਅੱਗੇ ਫੋਲ ਸੁੱਟਿਆ।

"ਸੋਹਣੀਏ! ਮੈਂ ਤੇਰੇ ਪਿੱਛੇ ਆਪਣੇ ਮਾਂ ਬਾਪ ਅਤੇ ਪਿਆਰਾ ਦੇਸ਼ ਛੱਡ ਦਿੱਤੈ ਪਰ ਤੂੰ ਏਂ ਜੀਹਨੇ ਮੇਰੇ ਨਾਲ਼ ਅਜੇ ਤਕ ਸਿੱਧੇ ਮੂੰਹ ਗੱਲ ਵੀ ਨਹੀਂ ਕੀਤੀ। ਹਜ਼ਾਰਾਂ ਲੱਖਾਂ ਦੀ ਦੌਲਤ ਨੂੰ ਲੱਤ ਮਾਰ ਕੇ ਮੈਂ ਤੇਰੀਆਂ ਮੱਝਾਂ ਚਾਰ ਰਿਹਾਂ। ਕੁਝ ਰਹਿਮ ਕਰ ਸੋਹਣੀਏਂ। ਕੁਝ ਤਰਸ ਕਰ ਹੁਸਨ ਪਰੀਏ।"

ਮਹੀਂਵਾਲ ਦੇ ਇਹ ਬੋਲ ਸੋਹਣੀ ਦੇ ਧੁਰ ਅੰਦਰ ਤਕ ਲਹਿ ਗਏ ਅਤੇ ਉਸ ਦੇ ਹੁਸ਼ਨਾਕ ਚਿਹਰੇ 'ਤੇ ਲਾਲੀ ਦੀ ਲਹਿਰ ਦੌੜ ਗਈ। ਉਹਨੇ ਮਹੀਂਵਾਲ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਤੇ ਆਪਣੀ ਮੁਹੱਬਤ ਇਸ਼ਕ ਦੀ ਦਹਿਲੀਜ਼ੇ ਚੜ੍ਹਾ ਦਿੱਤੀ।

"ਸੋਹਣੀਏਂ ਦੁਨੀਆਂ ਦੀ ਸਾਰੀ ਦੌਲਤ ਅੱਜ ਮੇਰੀ ਝੋਲੀ ਵਿਚ ਏ, ਮੇਰੇ ਨਾਲ਼ੋਂ ਅਮੀਰ ਹੁਣ ਦੁਨੀਆਂ ਵਿਚ ਦੂਜਾ ਕੋਈ ਨਹੀਂ।"

"ਮਹੀਂਵਾਲਾ ਮੈਂ ਆਪਣੀ ਪਾਕ ਮੁਹੱਬਤ ਤੇਰੇ ਹਵਾਲੇ ਕਰ ਦਿੱਤੀ ਐ, ਮੈਂ ਵਫ਼ਾ ਨਿਭਾਵਾਂਗੀ ਇਸ਼ਕ ਨੂੰ ਦਾਗ਼ ਨਹੀਂ ਲੱਗਣ ਦਿਆਂਗੀ...।"

ਸੋਹਣੀ ਮਹੀਂਵਾਲ ਹਰ ਰੋਜ਼ ਬੇਲੇ ਵਿਚ ਪਿਆਰ ਮਿਲਣੀਆਂ ਮਾਣਦੇ ਰਹੇ।

ਬੇਲੇ ਵਿਚ ਸੋਹਣੀ ਦਾ ਰੋਜ਼ ਮਹੀਂਵਾਲ ਪਾਸ ਜਾਣਾ ਕਈ ਖਚਰੀਆਂ ਨਜ਼ਰਾਂ ਨੂੰ ਖੁੜਕ ਗਿਆ। ਉਨ੍ਹਾਂ ਦੇ ਇਸ਼ਕ ਦੀ ਚਰਚਾ ਸ਼ੁਰੂ ਹੋ ਗਈ:

*ਤੂੰ ਹੱਸਦੀ ਦਿਲ ਰਾਜ਼ੀ ਮੇਰਾ*
*ਲਗਦੇ ਨੇ ਬੋਲ ਪਿਆਰੇ*
*ਚੱਲ ਕਿਧਰੇ ਦੋ ਗੱਲਾਂ ਕਰੀਏ*
*ਬਹਿ ਕੇ ਨਦੀ ਕਿਨਾਰੇ*
*ਲੁਕ ਲੁਕ ਲਾਈਆਂ ਪ੍ਰਗਟ ਹੋਈਆਂ*

*ਵਜ ਗਏ ਢੋਲ ਨਿਗਾਰੇ*
*ਸੋਹਣੀਏਂ ਆ ਜਾ ਨੀ*
*ਡੁੱਬਦਿਆਂ ਨੂੰ ਰੱਬ ਤਾਰੇ*

ਤੁੱਲੇ ਨੂੰ ਵੀ ਸੋਹਣੀ ਮਹੀਂਵਾਲ ਦੇ ਪ੍ਰੇਮ ਬਾਰੇ ਸੂਹ ਮਿਲ ਗਈ। ਦੋ ਜਵਾਨੀਆਂ ਦੀ ਪਾਕ ਮੁਹੱਬਤ ਨੂੰ ਉਨ੍ਹਾਂ ਪ੍ਰਵਾਨ ਨਾ ਕੀਤਾ। ਮਹੀਂਵਾਲ ਨੂੰ ਚਾਕਰੀਓਂ ਜਵਾਬ ਮਿਲ ਗਿਆ ਤੇ ਸੋਹਣੀ ਨੂੰ ਉਨ੍ਹਾਂ ਗੁਜਰਾਤ ਦੇ ਇਕ ਹੋਰ ਘੁਮਾਰਾਂ ਦੇ ਮੁੰਡੇ ਨਾਲ਼ ਵਿਆਹ ਦਿੱਤਾ।

ਸੋਹਣੀ ਮਹੀਂਵਾਲ ਲਈ ਤੜਫ਼ਦੀ ਰਹੀ, ਮਹੀਂਵਾਲ ਸੋਹਣੀ ਦੇ ਵੈਰਾਗ ਵਿਚ ਹੰਝੂ ਕੇਰਦਾ ਰਿਹਾ। ਝੂਠੀ ਲੋਕ ਲਾਜ ਨੇ ਦੋ ਪਿਆਰੇ ਵਿਛੋੜ ਦਿੱਤੇ, ਦੋ ਰੂਹਾਂ ਘਾਇਲ ਕਰ ਦਿੱਤੀਆਂ।

ਇੱਜ਼ਤ ਬੇਗੋਂ ਮਹੀਂਵਾਲ ਬਣਿਆਂ ਮਹੀਂਵਾਲ ਮਹੀਂਵਾਲੋਂ ਫ਼ਕੀਰ ਬਣ ਗਿਆ ਤੇ ਗੁਜਰਾਤ ਤੋਂ ਵਜ਼ੀਰਾਬਾਦ ਦੇ ਪਾਸੇ ਇਕ ਮੀਲ ਦੀ ਦੂਰੀ 'ਤੇ ਝਨਾਅ ਦਰਿਆ 'ਤੇ ਪਾਰਲੇ ਕੰਢੇ ਝੁੱਗੀ ਜਾ ਪਾਈ।

ਸੋਹਣੀ ਹੁਣ ਆਪਣੇ ਸਹੁਰੇ ਘਰ ਰਹਿ ਰਹੀ ਸੀ। ਇਕ ਦਿਨ ਫ਼ਕੀਰ ਬਣਿਆਂ ਮਹੀਂਵਾਲ ਸੋਹਣੀ ਨੂੰ ਜਾ ਮਿਲ਼ਿਆ ਤੇ ਉਨ੍ਹਾਂ ਹਰ ਰੋਜ਼ ਅੱਧੀ ਰਾਤ ਮਗਰੋਂ ਝਨਾਅ ਦੇ ਕੰਢੇ ਮਿਲਣਾ ਨੀਯਤ ਕਰ ਲਿਆ।

ਅੱਧੀ ਰਾਤ ਗੁਜ਼ਰਦੀ, ਸੋਹਣੀ ਆਪਣੇ ਘਰਦਿਆਂ ਤੋਂ ਚੋਰੀ ਉਠਦੀ ਤੇ ਇਕ ਮੀਲ ਬੇਲੇ ਦੇ ਤਰਾਹ-ਤਰਾਹ ਕਰ ਰਹੇ ਸੁੰਨਸਾਨ ਰਾਹਾਂ ਵਿਚੋਂ ਲੰਘਦੀ ਹੋਈ ਆਪਣੇ ਮਹੀਂਵਾਲ ਨੂੰ ਜਾ ਮਿਲਦੀ। ਮਹੀਂਵਾਲ ਪਾਰੋਂ ਕਾਲ਼ੀ ਬੋਲ਼ੀ ਰਾਤ ਵਿਚ ਝਨਾਅ ਪਾਰ ਕਰਕੇ ਆਉਂਦਾ। ਸਤਾਰਿਆਂ ਜੜੇ ਚੰਦੋਏ ਦੀ ਛਾਂ ਥੱਲੇ ਦੋ ਘਾਇਲ ਰੂਹਾਂ ਮਿਲਦੀਆਂ, ਪਿਆਰੀਆਂ, ਰਸ ਭਰੀਆਂ ਤੇ ਨਾ ਮੁੱਕਣ ਵਾਲੀਆਂ ਗੱਲਾਂ ਕਰਦੀਆਂ।

ਇਕ ਰਾਤ ਝਨਾਅ ਪਾਰ ਕਰੇਂਦੇ ਮਹੀਂਵਾਲ ਦੇ ਤੇਂਦੂਏ ਨੇ ਚੱਕ ਮਾਰਿਆ ਤੇ ਉਹਦਾ ਪੱਟ ਚੀਰ ਸੁੱਟਿਆ। ਹੁਣ ਉਹਦੇ ਲਈ ਤੈਰਨਾ ਮੁਸ਼ਕਲ ਹੋ ਗਿਆ ਸੀ।

ਇਹ ਰਵਾਇਤ ਵੀ ਪ੍ਰਚੱਲਤ ਹੈ ਕਿ ਮਹੀਂਵਾਲ ਸੋਹਣੀ ਲਈ ਮੱਛੀਆਂ ਭੁੰਨ ਕੇ ਲਿਆਉਂਦਾ ਸੀ। ਇਕ ਰਾਤ ਮੱਛੀਆਂ ਨਾ ਮਿਲੀਆਂ ਤਾਂ ਉਸ ਨੇ ਆਪਣੇ ਪੱਟ ਨੂੰ ਚੀਰ ਕੇ ਮਾਸ ਭੁੰਨ ਲਿਆ।

*ਖ਼ਾਤਰ ਸੋਹਣੀ ਦੀ*
*ਪੱਟ ਚੀਰ ਕਬਾਬ ਬਣਾਇਆ* *(ਲੋਕ ਗੀਤ)*

ਅਗੀਲੀ ਰਾਤ ਸੋਹਣੀ ਆਪਣੇ ਨਾਲ਼ ਮਿੱਟੀ ਦਾ ਪੱਕਾ ਘੜਾ ਲੈ ਗਈ। ਘੜੇ ਦੀ ਮਦਦ ਨਾਲ਼ ਉਹਨੇ ਝਨਾਅ ਪਾਰ ਕੀਤਾ ਤੇ ਮਹੀਂਵਾਲ ਦੀ ਝੁੱਗੀ ਵਿਚ ਜਾ ਪੁੱਜੀ। ਮਹੀਂਵਾਲ ਸੋਹਣੀ ਨੂੰ ਮਿਲ਼ ਕੇ ਆਪਣੀ ਪੀੜ ਭੁੱਲ ਗਿਆ, "ਤੈਨੂੰ ਪਾ ਕੇ ਸੋਹਣੀਏਂ ਮੇਰਾ ਦੁੱਖ ਅੱਧਾ ਰਹਿ ਗਿਐ। ਤੂੰ ਤਾਂ ਮਰਦਾਂ ਨਾਲੋਂ ਵੀ ਤਕੜੀ ਨਿਕਲ਼ੀ ਏਂ, ਐਡੀ ਕਾਲ਼ੀ ਬੋਲ਼ੀ ਰਾਤ ਵਿਚ ਐਡੇ ਵੱਡੇ ਦਰਿਆ ਨੂੰ ਪਾਰ ਕਰਨਾ ਇਕ ਔਰਤ ਲਈ ਬਹੁਤ ਵੱਡੀ ਗੱਲ ਏ।" ਉਹ ਹਰ ਰੋਜ਼ ਦਰਿਆ ਪਾਰ ਕਰਕੇ ਮਹੀਂਵਾਲ ਪਾਸ ਜਾਂਦੀ ਅਤੇ ਆਉਂਦੀ ਹੋਈ ਘੜੇ ਨੂੰ ਸਰਕੜੇ ਦੇ ਬੂਝੇ ਵਿਚ ਲੁਕੋ ਦੇਂਦੀ।

ਸੋਹਣੀ ਦੇ ਹਰ ਰੋਜ਼ ਅੱਧੀ ਰਾਤੋਂ ਬਾਹਰ ਜਾਣ 'ਤੇ ਉਹਦੀ ਨਨਾਣ ਨੂੰ ਸ਼ੱਕ ਹੋ ਗਿਆ। ਇਕ ਦਿਨ ਉਹ ਵੀ ਸੋਹਣੀ ਦੇ ਮਗਰ ਤੁਰ ਪਈ। ਸੋਹਣੀ ਨੂੰ ਆਪਣੇ ਮਗਰ ਆਉਂਦੀ ਕਦਮਾਂ ਦੀ 'ਵਾਜ਼ ਵੀ ਸੁਣਾਈ ਦਿੱਤੀ ਪਰੰਤੂ ਉਹਨੇ ਆਪਣੇ ਕਦਮਾਂ ਦੀ ਆਵਾਜ਼ ਦਾ ਭੁਲੇਖਾ ਜਾਣ ਕੇ ਗੱਲ ਆਈ ਗਈ ਕਰ ਛੱਡੀ। ਸੋਹਣੀ ਦਰਿਆ 'ਤੇ ਪੁੱਜੀ, ਸਰਕੜੇ ਦੇ ਬੂਝੇ ਵਿਚੋਂ ਘੜਾ ਚੁੱਕਿਆ ਤੇ ਦਰਿਆ ਵਿਚ ਠਿੱਲ੍ਹ ਪਈ, ਉਹਦੀ ਨਨਾਣ ਦੂਰ ਖੜ੍ਹੀ ਸਭ ਕੁਝ ਤੱਕਦੀ ਰਹੀ। ਸੋਹਣੀ ਕੁਝ ਸਮੇਂ ਮਗਰੋਂ ਵਾਪਸ ਪਰਤੀ ਤੇ ਘੜਾ ਉਸੇ ਥਾਂ 'ਤੇ ਲੁਕੋ ਦਿੱਤਾ। ਉਹਦੀ ਨਨਾਣ ਛੋਪਲੇ-ਛੋਪਲੇ ਕਦਮੀਂ ਸੋਹਣੀ ਤੋਂ ਪਹਿਲੋਂ ਘਰ ਪੁੱਜ ਗਈ।

ਦਿਨੇ ਨਨਾਣ ਨੇ ਆਪਣੀ ਮਾਂ ਨੂੰ, ਸੋਹਣੀ ਦੇ ਦਰਿਆ ਪਾਰ ਕਰਕੇ ਮਹੀਂਵਾਲ ਨੂੰ ਮਿਲਣ ਜਾਣ ਦੀ ਸਾਰੀ ਵਾਰਤਾ ਜਾ ਸੁਣਾਈ।

ਅੱਧੀ ਰਾਤ ਲੰਘੀ, ਸੋਹਣੀ ਉੱਠੀ। ਬਾਹਰ ਘੁੱਪ ਹਨੇਰਾ ਪਸਰਿਆ ਹੋਇਆ ਸੀ। ਸਾਰੇ ਅਸਮਾਨ 'ਤੇ ਬੱਦਲ ਛਾਏ ਹੋਏ ਸਨ। ਸੋਹਣੀ ਨੇ ਦਰੋਂ ਬਾਹਰ ਪੈਰ ਰੱਖਿਆ ਹੀ ਸੀ ਕਿ ਬਿਜਲੀ ਕੜਕੜਾਈ। ਉਹਦਾ ਦਿਲ ਕੰਬ ਗਿਆ ਪਰੰਤੂ ਉਸ ਪੈਰ ਪਿੱਛੇ ਨਾ ਮੋੜੇ। ਉਹਦਾ ਮਹੀਂਵਾਲ ਉਹਨੂੰ ਉਡੀਕਦਾ ਪਿਆ ਸੀ... ਦੂਰ ਪਾਰਲੇ ਕੰਢੇ ਉਹਦਾ ਇੰਤਜ਼ਾਰ ਕਰ ਰਿਹਾ ਸੀ। ਉਹ ਆਪਣਾ ਦਿਲ ਤਕੜਾ ਕਰਕੇ ਤੁਰ ਪਈ। ਰਾਹ ਨਜ਼ਰੀਂ ਨਹੀਂ ਸੀ ਪੈਂਦਾ। ਰਾਹ ਵਿਚ ਅਨੇਕਾਂ ਕੰਡੇ ਤੇ ਝਾੜੀਆਂ ਖਿੰਡੀਆਂ ਪਈਆਂ ਸਨ। ਉਹ ਡਿੱਗਦੀ ਢਹਿੰਦੀ, ਝਾੜੀਆਂ ਝਾਫਿਆਂ ਵਿਚੋਂ ਫਸਦੀ ਲਹੂ ਲੁਹਾਣ ਹੋਈ ਝਨਾਅ ਦੇ ਕੰਢੇ 'ਤੇ ਪੁੱਜ ਗਈ। ਉਸ ਸਰਕੜੇ ਦੇ ਬੂਝੇ ਵਿਚੋਂ ਘੜਾ ਚੁੱਕ ਲਿਆ। ਘੜੇ ਨੂੰ ਉਸ ਆਪਣੀ ਆਦਤ ਅਨੁਸਾਰ ਟੁਣਕਾ ਕੇ ਵੇਖਿਆ, ਪਹਿਲਾਂ ਵਰਗੀ ਟੁਣਕਾਰ ਨਹੀਂ ਸੀ। ਆਹ! ਕਿਸੇ ਪਾਪੀ ਨੇ ਪੱਕੇ ਦੀ ਥਾਂ ਕੱਚਾ ਰੱਖ ਦਿੱਤਾ ਸੀ। ਮੁਹੱਬਤ ਨਵੇਂ ਇਮਤਿਹਾਨ ਵਿਚ ਪਾ ਦਿੱਤੀ ਸੀ।

ਪਾਰਲੇ ਕੰਢੇ ਮਹੀਂਵਾਲ ਦੀ ਝੁੱਗੀ ਵਿਚ ਦੀਵਾ ਟਿਮਟਿਮਾ ਰਿਹਾ ਸੀ ਤੇ ਮਹੀਂਵਾਲ ਸੁਰੀਲੀ ਬੰਸਰੀ ਦੀਆਂ ਤਾਨਾਂ 'ਤੇ ਪਿਆਰੇ ਬੋਲ ਗਾਉਂਦਾ ਪਿਆ ਸੀ।

ਉਰਲੇ ਕੰਢੇ ਸੋਹਣੀ ਕੱਚਾ ਘੜਾ ਚੁੱਕੀ ਸੋਚਾਂ ਵਿਚ ਡੁੱਬੀ ਖੜ੍ਹੀ ਸੀ। ਵਿਚਕਾਰ ਦਰਿਆ ਪੂਰੇ ਸਿਖ਼ਰ 'ਤੇ ਸੀ। ਅਸਮਾਨਾਂ 'ਤੇ ਕਹਿਰਾਂ ਦੀ ਬਿਜਲੀ ਲਿਸ਼ਕ ਰਹੀ ਸੀ।

"ਕੀ ਹੋਇਆ ਘੜਿਆ ਤੂੰ ਪੱਕਿਓਂ ਕੱਚਾ ਬਣ ਗਿਓਂ। ਮੈਂ ਪਿੱਛੇ ਨਹੀਂ ਪਰਤਾਂਗੀ, ਆਪਣਾਂ ਕੌਲ ਪੂਰਾ ਕਰਾਂਗੀ। ਮੈਂ ਮਰਦ ਜਾਤ ਪਾਸੋਂ ਉਲਾਂਭਾ ਨਹੀਂ ਖੱਟਾਂਗੀ। ਆਪਣੀ ਵਫ਼ਾ ਨਿਭਾਵਾਂਗੀ, ਚਾਹੇ ਮੈਨੂੰ ਆਪਣੀ ਜਿੰਦ ਵੀ ਕਿਉਂ ਨਾ ਵਾਰਨੀ ਪਵੇ..."

ਸੋਹਣੀ ਨੇ ਸੱਚੇ ਰੱਬ ਅੱਗੇ ਦੋਨੋਂ ਹੱਥ ਜੋੜੇ ਤੇ ਕੱਚੇ ਘੜੇ ਨਾਲ਼ ਦਰਿਆ ਵਿਚ ਠਿੱਲ੍ਹ ਪਈ।

*ਰਾਤ ਹਨੇਰੀ ਲਿਸ਼ਕਣ ਤਾਰੇ*
*ਕੱਚੇ ਘੜੇ 'ਤੇ ਮੈਂ ਤਰਦੀ*
*ਵੇਖੀਂ ਰੱਬਾ ਖ਼ੈਰ ਕਰੀਂ*
*ਤੇਰੀ ਆਸ 'ਤੇ ਮੂਲ ਨਾ ਡਰਦੀ*

ਮੂੰਹ ਜ਼ੋਰ ਪਾਣੀਆਂ ਅੱਗੇ ਕੱਚਿਆਂ ਨੇ ਕਿੱਥੋਂ ਠਹਿਰਨਾ ਹੋਇਆ। ਸੋਹਣੀ ਅਜੇ ਥੋੜ੍ਹੀ ਦੂਰ ਹੀ ਗਈ ਸੀ ਕਿ ਘੜਾ ਖੁਰ ਗਿਆ। ਉਹ ਆਪਣੇ ਹੱਥ ਪੈਰ ਮਾਰਨ ਲੱਗੀ... ਹੋਰ ਕੁਝ ਗਜ਼ ਵਧੀ... ਕਹਿਰਾਂ ਦਾ ਪਾਣੀ ਵਗ ਰਿਹਾ ਸੀ। ਉਹਦਾ ਸਾਹ ਟੁੱਟਣ ਲੱਗਾ...।

"ਮਹੀਂਵਾਲਾ... ਮਹੀਂਵਾਲਾ... ਆ ਮਿਲ਼ ਲੈ ਮਹੀਂਵਾਲਾ... ਤੇ ਸੋਹਣੀ ਦੀ ਆਵਾਜ਼ ਗੁਆਚ ਗਈ। ਪਾਣੀ ਦੀ ਇਕ ਤੇਜ਼ ਲਹਿਰ ਉਹਨੂੰ ਆਪਣੇ ਨਾਲ਼ ਵਹਾ ਕੇ ਲੈ ਗਈ।

ਬੜੇ ਜ਼ੋਰਾਂ ਦੀ ਬਿਜਲੀ ਕੜਕੀ। ਬਿਜਲੀ ਦੇ ਲਿਸ਼ਕਾਰੇ ਵਿਚ ਮਹੀਂਵਾਲ ਨੂੰ ਪਾਣੀਆਂ ਨਾਲ਼ ਘੋਲ ਕਰੇਂਦੀ ਸੋਹਣੀ ਵਖਾਈ ਦਿੱਤੀ।

"ਸੋਹਣੀਏਂ ਦਿਲ ਨਾ ਛੱਡੀਂ, ਮੈਂ ਆਇਆ।" ਮਹੀਂਵਾਲ ਨੇ ਆਪਣੇ ਪੂਰੇ ਜ਼ੋਰ ਨਾਲ਼ ਆਵਾਜ਼ ਮਾਰੀ ਅਤੇ ਦਰਿਆ ਵਿਚ ਛਾਲ਼ ਮਾਰ ਦਿੱਤੀ।

ਉਹ ਮੁਸ਼ਕਿਲ ਨਾਲ਼ ਝਨਾਅ ਦੇ ਅੱਧ ਵਿਚਕਾਰ ਪੁੱਜਿਆ ਹੀ ਸੀ ਕਿ ਉਹਨੇ ਬਿਜਲੀ ਦੇ ਲਿਸ਼ਕਾਰੇ ਵਿਚ ਆਪਣੇ ਤੋਂ ਚੰਦ ਕਦਮਾਂ ਦੀ ਦੂਰੀ 'ਤੇ ਰੁੜ੍ਹੀ ਜਾਂਦੀ ਸੋਹਣੀ ਤੱਕੀ। ਉਹਨੇ ਬੜੇ ਜ਼ੋਰ ਨਾਲ਼ ਹੱਥ ਮਾਰੇ ਤੇ ਬੇਸੁਰਤ ਸੋਹਣੀ ਨੂੰ ਫੜ ਲਿਆ ਅਤੇ ਕੰਢੇ ਵੱਲ ਨੂੰ ਵਧਣ ਲੱਗਾ। ਦਰਿਆ ਅੱਜ ਪੂਰਾ ਚੜ੍ਹਿਆ ਹੋਇਆ ਸੀ। ਉਹਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਪੂਰਾ ਅੱਧਾ ਦਰਿਆ ਅਜੇ ਉਸ ਪਾਰ ਕਰਨਾ ਸੀ। ਉਸ ਬੜੀ ਕੋਸ਼ਿਸ਼ ਕੀਤੀ ਪਰੰਤੂ ਉਹਦਾ ਸਾਹ ਅਧ-ਵਿਚਕਾਰ ਹੀ ਟੁੱਟ

ਗਿਆ। ਪਾਣੀ ਦੀ ਇਕ ਕਹਿਰਾਂ ਭਰੀ ਲਹਿਰ ਉਹਨੂੰ ਸੋਹਣੀ ਸਮੇਤ ਵਹਾਅ ਕੇ ਲੈ ਗਈ।

ਮਹੀਂਵਾਲ ਦੀ ਝੁੱਗੀ ਵਿਚ ਟਿਮਟਿਮਾਉਂਦਾ ਦੀਵਾ ਚਿਰੋਕਣਾ ਬੁੱਝ ਚੁੱਕਾ ਸੀ।

ਜਿਸ ਸਿਦਕ ਦਿਲੀ ਨਾਲ਼ ਸੋਹਣੀ ਨੇ ਆਪਣੀ ਪ੍ਰੀਤ ਨਿਭਾਈ ਹੈ ਉਸ ਸਦਕਾ ਪੰਜਾਬ ਦਾ ਲੋਕ ਮਾਨਸ ਅੱਜ ਵੀ ਉਸ ਦੇ ਸਿਦਕ ਨੂੰ ਵਾਰਮ-ਵਾਰ ਪ੍ਰਣਾਮ ਕਰਦਾ ਹੈ:

*ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ*
*ਉਹਦਾ ਪ੍ਰੀਤ ਵੀ ਪਾਣੀ ਭਰਦੀ*
*ਵਿਚ ਝਨਾਵਾਂ ਦੇ*
*ਸੋਹਣੀ ਆਪ ਡੁੱਬੀ ਰੂਹ ਤਰਦੀ।*

•

# ਕਾਕਾ ਪਰਤਾਪੀ

'ਕਾਕਾ ਪਰਤਾਪੀ' ਉਨ੍ਹੀਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਵਾਪਰੀ ਮਾਲਵੇ ਦੇ ਇਲਾਕੇ ਦੀ ਹਰਮਨ ਪਿਆਰੀ ਲੋਕ ਗਾਥਾ ਹੈ ਜਿਸ ਨੂੰ ਸ਼ਾਦੀ ਰਾਮ, ਗੋਕਲ ਚੰਦ, ਗੁਰਦਿੱਤ ਸਿੰਘ, ਛੱਜੂ ਸਿੰਘ ਅਤੇ ਚੌਧਰੀ ਘਸੀਟਾ ਆਦਿ ਕਿੱਸਾਕਾਰਾਂ ਨੇ ਆਪਣੇ ਕਿੱਸਿਆਂ ਵਿਚ ਬਿਆਨ ਕੀਤਾ ਹੈ।

ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਲੋਪੋਂ ਦੀਆਂ ਪਰੀਆਂ ਵਰਗੀਆਂ ਮੁਟਿਆਰਾਂ ਇਕ ਦਿਨ ਪਿੰਡੋਂ ਬਾਹਰ ਢੱਕੀ ਵਿਚ ਤੀਆਂ ਪਾ ਰਹੀਆਂ ਸਨ ਕਿ ਅਚਾਨਕ ਹੀ ਲੋਪੋਂ ਦੇ ਨਾਲ਼ ਲਗਦੇ ਪਿੰਡ ਰੁਪਾਲੋਂ ਦੇ ਜ਼ੈਲਦਾਰ ਕਾਹਨ ਸਿੰਘ ਦਾ ਛੈਲ ਛਬੀਲਾ ਗੱਭਰੂ ਪੁੱਤਰ ਕਾਕਾ ਕਿਰਪਾਲ ਸਿੰਘ ਚੀਨੀ ਘੋੜੀ 'ਤੇ ਅਸਵਾਰ ਸ਼ਿਕਾਰ ਖੇਡਦਾ-ਖੇਡਦਾ ਢੱਕੀ ਵਲ ਆ ਨਿਕਲਿਆ। ਜਵਾਨੀ ਦੇ ਨਸ਼ੇ ਵਿਚ ਮੱਤੀਆਂ ਮੁਟਿਆਰਾਂ ਨੇ ਉਸ ਦਾ ਰਾਹ ਜਾ ਡੱਕਿਆ। ਹਾਸਿਆਂ ਤੇ ਮਖ਼ੌਲਾਂ ਦੀ ਛਹਿਬਰ ਲਗ ਗਈ। ਮੁਟਿਆਰਾਂ ਨੇ ਕਾਕੇ ਦੇ ਆਲ਼ੇ ਦੁਆਲ਼ੇ ਘੇਰਾ ਘੱਤ ਲਿਆ ਤੇ ਲੱਗੀਆਂ ਉਸ ਨਾਲ਼ ਖਰਮਸਤੀਆਂ ਕਰਨ। ਇਨ੍ਹਾਂ ਮੁਟਿਆਰਾਂ ਵਿਚਕਾਰ ਲੋਪੋ ਦੇ ਸੁਨਿਆਰਾਂ ਦੀ ਰੂਪਮਤੀ ਧੀ ਪਰਤਾਪੀ ਵੀ ਸੀ ਜਿਸ ਦੇ ਚੋ-ਚੋ ਪੈਂਦੇ ਰੂਪ ਨੇ ਕਾਕੇ ਨੂੰ ਧੁਰ ਅੰਦਰ ਤਕ ਹਲੂਣ ਦਿੱਤਾ ਤੇ ਉਹ ਸੁਆਦ-ਸੁਆਦ ਹੋ ਉੱਠਿਆ। ਸੁਨਿਆਰੀ ਦੀ ਪਹਿਲੀ ਤੱਕਣੀ ਨਾਲ਼ ਹੀ ਸ਼ਿਕਾਰੀ ਘਾਇਲ ਹੋ ਗਿਆ! ਪਰਤਾਪੀ ਵੀ ਕਾਕੇ ਦੇ ਨੈਣਾਂ ਦੇ ਵਾਰ ਨੂੰ ਝੱਲ ਨਾ ਸਕੀ। ਓਧਰ ਮਸਤੀਆਂ ਹੋਈਆਂ ਮੁਟਿਆਰਾਂ ਕਾਕੇ 'ਤੇ ਆਪਣੇ ਆਪਣੇ ਵਾਣ ਚਲਾ ਰਹੀਆਂ ਸਨ। ਮਸੀਂ-ਮਸੀਂ ਲੋਪੋਂ ਦੇ ਦਲ਼ੇਰ ਗੁੱਜਰ ਦੀ ਭੋਲੀ ਗੁਜਰੀ ਨੇ ਉਨ੍ਹਾਂ ਪਾਸੋਂ ਉਸ ਦਾ ਖਹਿੜਾ ਛੁਡਾਇਆ। ਉਹ ਪਹਿਲਾਂ ਤੋਂ ਹੀ ਇਕ ਦੂਜੇ ਦੇ ਵਾਕਿਫ਼ ਸਨ। ਜਾਣ ਲੱਗਿਆਂ ਕਾਕੇ ਨੇ ਭੋਲੀ ਅੱਗੇ ਪਰਤਾਪੀ ਬਾਰੇ ਆਪਣੇ ਮਨ ਦੀ ਭਾਵਨਾ ਦਾ ਪ੍ਰਗਟਾਵਾ ਕਰ ਦਿੱਤਾ।

ਮਹਿੰਦੀ ਰੱਤੇ ਹੱਥ ਮੁੜ ਹਰਕਤ ਵਿਚ ਆ ਗਏ। ਗਿੱਧਾ ਮੱਚ ਉਠਿਆ। ਸਾਰੇ ਵਾਤਾਵਰਣ ਵਿਚ ਲੋਕ ਬੋਲੀਆਂ ਦੀ ਮਿੱਠੀ ਮਹਿਕ ਖਿਲਰ ਗਈ। ਹਵਾ ਮਸਤ ਹੋ ਗਈ, ਇਸ਼ਕ ਫੁਹਾਰਾਂ ਵਹਿ ਟੁਰੀਆਂ।

ਸ਼ਾਮਾਂ ਪੈ ਰਹੀਆਂ ਸਨ ਜਦੋਂ ਹਰਨੀਆਂ ਦੀ ਡਾਰ ਪਿੰਡ ਨੂੰ ਪਰਤ ਪਈ। ਹਰ ਮੁਟਿਆਰ ਆਪਣੇ ਆਪ ਨੂੰ ਹੀਰ ਸਮਝਦੀ ਹੋਈ ਕਾਕੇ ਬਾਰ਼ੇ ਗੱਲਾਂ ਕਰ ਰਹੀ

ਸੀ। ਹਸਦੀਆਂ ਖੇਡਦੀਆਂ ਮੁਟਿਆਰਾਂ ਅਜੇ ਥੋੜ੍ਹੀ ਦੂਰ ਹੀ ਗਈਆਂ ਸਨ ਕਿ ਬਾਰਸ਼ ਦਾ ਛਰਾਟਾ ਇਕਦਮ ਆ ਗਿਆ। ਹਰਨੀਆਂ ਦੀ ਡਾਰ ਵਿਚ ਭਾਜੜ ਪੈ ਗਈ। ਭੋਲੀ ਤੇ ਪਰਤਾਪੀ ਪਿੰਡੋਂ ਬਾਹਰ ਹੀਰਾ ਸਿੰਘ ਜੱਟ ਦੇ ਸੁੰਨੇ ਕੋਠੇ ਵਿਚ ਜਾ ਵੜੀਆਂ। ਭੋਲੀ ਨੇ ਏਧਰ ਓਧਰ ਦੀਆਂ ਗੱਲਾਂ ਮਾਰਨ ਮਗਰੋਂ ਕਾਕੇ ਬਾਰੇ ਗੱਲ ਤੋਰੀ। ਪਰਤਾਪੀ ਅੰਦਰੋਂ ਲੱਡੂ ਭੋਰਦੀ ਪਈ ਸੀ ਪਰ ਬਾਹਰੋਂ:

*ਆਖੇ ਪਰਤਾਪੀ ਨੀ ਤੂੰ ਭੋਲੀਏ ਮਖ਼ੌਲ ਕਰੇਂ*
*ਕੀਤਾ ਕੀ ਪਸੰਦ ਉਸ ਮੇਰਾ ਨੀ ਗੰਵਾਰ ਦਾ*
*ਜਾਤ ਦੀ ਕਮੀਨਣੀ, ਅਧੀਨਣੀ, ਗ਼ਰੀਬਣੀ ਮੈਂ*
*ਉਸ ਨੂੰ ਤੂੰ ਦੱਸਦੀ ਹੈਂ ਪੁੱਤ ਜ਼ੈਲਦਾਰ ਦਾ*
*ਜੱਟਾਂ ਨਾਲ਼ ਦੋਸਤੀ ਨਾ ਪੁੱਗਦੀ ਕਮੀਣਾਂ ਦੀ ਨੀ*
*ਖੇਤ-ਬੰਨੇ, ਬੀਹੀ-ਗਲ਼ੀ ਦੇਖ ਨੀ ਖੰਘਾਰਦਾ*
*ਮੇਰੇ ਨਾ ਪਸੰਦ ਤੇਰੀ ਗੱਲ ਗੁਰਦਿੱਤ ਸਿੰਘਾ*
*ਮਿੱਟੀ ਪੱਟ ਦੇਵੇ ਜੱਟ ਜਦੋਂ ਨੀ ਹੰਕਾਰਦਾ*

ਦੱਬੇ ਭਾਂਬੜ ਭਲਾ ਕਦ ਤੀਕਰ ਦਬਾਏ ਜਾ ਸਕਦੇ ਹਨ। ਆਖ਼ਰ ਜਵਾਲਾ ਫੁੱਟ ਪੈਂਦੀ ਹੈ। ਪਰਤਾਪੀ ਭੋਲੀ ਅੱਗੇ ਆਪਣੇ ਮਨ ਦੀ ਵੇਦਨਾ ਦਾ ਇਜ਼ਹਾਰ ਕਰ ਦੇਂਦੀ ਹੈ:

*ਤਨ ਮਨ ਮੇਰੇ ਦੀ ਭੁਲਾਈ ਸੁੱਧ ਨਢੜੇ ਨੇ*
*ਮਿੱਠਾ ਮਿੱਠਾ ਬੋਲ ਕੇ ਦਿਖਾ ਗਿਆ ਹੈ ਲੀਲ੍ਹਾ ਨੀ*
*ਫੁੱਲ ਨੀ ਗੁਲਾਬ ਵਾਂਗੂੰ ਰੰਗ ਮੇਰਾ ਓਸ ਵੇਲੇ*
*ਮੁੱਖੜਾ ਲੁਕਾਇਆ ਤਾਂ ਹੋਇਆ ਪਤ-ਪੀਲਾ ਨੀ*
*ਦਸਦੀ ਮੈਂ ਤੈਨੂੰ ਅੱਜ ਗੁਰਦਿੱਤ ਸਿੰਘਾ*
*ਲੁੱਟੀ ਨੀ ਮੈਂ ਲੁੱਟੀ ਲੁੱਟ ਲੈ ਗਿਆ ਰੰਗੀਲਾ ਨੀ*

ਅਗਲੀ ਭਲਕ ਭੋਲੀ ਨੇ ਕਾਕੇ ਨੂੰ ਸੁਨੇਹਾ ਭੇਜ ਕੇ ਰੁਪਾਲੋਂ ਤੋਂ ਸੱਦ ਲਿਆ। ਪਰਤਾਪੀ ਤੇ ਕਾਕੇ ਨੇ ਭੋਲੀ ਦੇ ਘਰ, ਲੱਗੀਆਂ ਤੋੜ ਨਿਭਾਉਣ ਦੇ ਕੌਲ ਕਰਾਰ ਕਰ ਲਏ। ਇਸ ਤਰ੍ਹਾਂ ਉਹ ਭੋਲੀ ਦੇ ਘਰੇ ਪਿਆਰ ਮਿਲਣੀਆਂ ਮਾਣਦੇ ਰਹੇ।

ਇਸ਼ਕ-ਮੁਸ਼ਕ ਛੁਪਾਇਆਂ ਕਦੋਂ ਛੁਪਦੇ ਨੇ। ਕਾਕੇ ਦੇ ਨਿੱਤ ਲੋਪੋਂ ਆਉਣ ਕਾਰਨ ਉਨ੍ਹਾਂ ਦੇ ਇਸ਼ਕ ਦਾ ਭੇਤ ਖੁਲ੍ਹ ਗਿਆ। ਪਰਤਾਪੀ ਦੀ ਮਾਂ ਨੰਦੋ ਦੇ ਕੰਨੀਂ

ਵੀ ਉਨ੍ਹਾਂ ਦੇ ਇਸ਼ਕ ਦੀ ਭਿਣਕ ਪੈ ਗਈ। ਉਹਨੇ ਉਸ ਨੂੰ ਲੱਖ ਸਮਝਾਇਆ ਕਿ ਉਹ ਕਾਕੇ ਦਾ ਸਾਥ ਛੱਡ ਦੇਵੇ ਪਰੰਤੂ ਪਰਤਾਪੀ ਪਿਛਾਂਹ ਮੁੜਨ ਵਾਲੀ ਕਿੱਥੇ ਸੀ। ਉਹਨੇ ਨੰਦੋ ਨੂੰ ਸਾਫ਼ ਆਖ ਦਿੱਤਾ, "ਮਾਂ ਮੇਰੀਏ! ਭਾਵੇਂ ਮਾਰ! ਭਾਵੇਂ ਛੱਡ! ਮੈਂ ਤਾਂ ਕਾਕੇ ਨੂੰ ਦਿੱਤਾ ਕੌਲ ਨਿਭਾਵਾਂਗੀ- ਉਹ ਤਾਂ ਮੇਰੀ ਜਾਨ ਦਾ ਟੁਕੜਾ ਏ, ਉਹਦੀ ਖ਼ਾਤਰ ਆਪਣੀ ਜਿੰਦ ਵਾਰ ਦਿਆਂਗੀ- ਪਿਛਾਂਹ ਪੈਰ ਨਹੀਂ ਪਾਵਾਂਗੀ। ਲੋਕੀ ਪਏ ਕੁਝ ਆਖਣ ਮੈਨੂੰ ਕਿਸੇ ਦੀ ਪਰਵਾਹ ਨਹੀਂ।"

ਨੰਦੋ ਨੇ ਆਪਣੇ ਪਤੀ ਕਾਨ੍ਹੇ ਨਾਲ਼ ਪਰਤਾਪੀ ਬਾਰੇ ਮਸ਼ਵਰਾ ਕੀਤਾ। ਖੰਨੇ ਦੇ ਨਜ਼ਦੀਕ ਰਾਜੇਵਾਲ ਪਿੰਡ ਦੇ ਰਾਮ ਰਤਨ ਨਾਲ਼ ਪਰਤਾਪੀ ਵਿਆਹੀ ਹੋਈ ਸੀ ਪਰੰਤੂ ਅਜੇ ਉਹਦਾ ਮੁਕਲਾਵਾ ਨਹੀਂ ਸੀ ਤੋਰਿਆ! ਬਦਨਾਮੀ ਤੋਂ ਡਰਦਿਆਂ ਪਰਤਾਪੀ ਦੇ ਬਾਪ ਨੇ ਮੁਕਲਾਵੇ ਦਾ ਦਿਨ ਧਰ ਦਿੱਤਾ।

ਰਾਮ ਰਤਨ ਮੁਕਲਾਵਾ ਲੈਣ ਲਈ ਲੋਪੋਂ ਪੁੱਜ ਗਿਆ। ਰੋਂਦੀ ਕੁਰਲਾਉਂਦੀ ਪਰਤਾਪੀ ਨੂੰ ਮਾਪਿਆਂ ਨੇ ਰਾਮ ਰਤਨ ਨਾਲ਼ ਮੁਕਲਾਵਾ ਦੇ ਕੇ ਤੋਰ ਦਿੱਤਾ। ਪਰਤਾਪੀ ਕਾਕੇ ਨੂੰ ਯਾਦ ਕਰ ਕਰ ਹਾਉਕੇ ਭਰਦੀ ਰਹੀ, ਸਿਸਕੀਆਂ ਲੈਂਦੀ ਰਹੀ- ਉਹਦੀ ਕਿਸੇ ਨੇ ਇਕ ਨਾ ਸੁਣੀ।

ਰਾਮ ਰਤਨ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਉਹਦੇ ਪੱਬ, ਪਰੀਆਂ ਵਰਗੀ ਹੁਸ਼ਨਾਕ ਪਰਤਾਪੀ ਨੂੰ ਪਾ ਕੇ, ਧਰਤੀ 'ਤੇ ਨਹੀਂ ਸੀ ਲਗ ਰਹੇ ਤੇ ਉਹ ਖੀਵਾ ਹੋਇਆ ਛੇਤੀ ਤੋਂ ਛੇਤੀ ਰਾਜੇਵਾਲ ਪੁੱਜਣਾ ਲੋਚਦਾ ਸੀ!

ਲੋਪੋਂ ਅਤੇ ਰੁਪਾਲੋਂ ਦੇ ਵਿਚਕਾਰ ਢੱਕੀ ਸੀ- ਸੁੰਨਸਾਨ ਰਾਹ! ਰਾਮ ਰਤਨ ਬੈਲ ਗੱਡੀ ਵਿਚ ਪਰਤਾਪੀ ਨੂੰ ਲਈ ਜਾ ਰਿਹਾ ਸੀ ਕਿ ਕਾਕੇ ਨੇ ਆਪਣੇ ਨਾਲ਼ ਕੁਝ ਬਦਮਾਸ਼ ਲਏ ਤੇ ਗੱਡੀ ਢੱਕੀ ਵਿਚ ਜਾ ਘੇਰੀ। ਨਾਲ਼ ਆਏ ਬਰਾਤੀ ਕੁੱਟ-ਕੁੱਟ ਕੇ ਭਜਾ ਦਿੱਤੇ ਤੇ ਪਰਤਾਪੀ ਨੂੰ ਸਣੇ ਗੱਡੀ ਆਪਣੇ ਪਿੰਡ ਰੁਪਾਲੋਂ ਲੈ ਆਇਆ।

*'ਜ਼ੋਰ ਸਰਦਾਰੀ ਦੇ, ਗੱਡੀ ਮੋੜ ਕੇ ਰੁਪਾਲੋਂ ਬਾੜੀ।'* *(ਲੋਕ ਗੀਤ)*

ਗ਼ਰੀਬ ਸੁਨਿਆਰ ਜਗੀਰਦਾਰਾਂ ਦੇ ਅੱਤਿਆਚਾਰ ਅਤੇ ਧੱਕਾਸ਼ਾਹੀ ਦੀ ਤਾਬ ਨਾ ਝੱਲਦੇ ਹੋਏ ਖੰਨੇ ਦੇ ਥਾਣੇ ਜਾ ਰੋਏ-ਪਿੱਟੇ।

ਰੁਪਾਲੋਂ ਪੁਲਿਸ ਆਈ। ਕਾਹਨ ਸਿੰਘ ਜ਼ੈਲਦਾਰ ਦੀ ਇੱਜ਼ਤ ਦਾ ਸਵਾਲ ਸੀ। ਕਾਕੇ ਨੇ ਪਰਤਾਪੀ ਨੂੰ ਕਿਧਰੇ ਹੋਰ ਤੋਰ ਦਿੱਤਾ। ਘਰ ਦੀ ਤਲਾਸ਼ੀ ਹੋਈ। ਚਾਂਦੀ ਦੇ ਛਣਕਦੇ ਰੁਪਿਆਂ ਨਾਲ਼ ਜ਼ੈਲਦਾਰ ਦੀ ਇੱਜ਼ਤ ਬਚਾ ਲਈ ਗਈ। ਪਰਤਾਪੀ ਬਰਾਮਦ ਨਾ ਹੋ ਸਕੀ। ਰਾਮ ਰਤਨ ਸਬਰ ਦਾ ਘੁੱਟ ਭਰ ਕੇ ਬਹਿ ਗਿਆ।

ਕਾਕਾ ਕਿਰਪਾਲ ਸਿੰਘ ਦੇ ਅਮੋੜ ਸੁਭਾਅ ਨੂੰ ਮੁਖ ਰੱਖਦਿਆਂ ਜ਼ੈਲਦਾਰ

ਕਾਹਨ ਸਿੰਘ ਨੇ ਉਹਨੂੰ ਰਿਆਸਤ ਨਾਭਾ ਵਿਖੇ ਰਾਜਾ ਹੀਰਾ ਸਿੰਘ ਦੇ ਰਸਾਲੇ ਵਿਚ ਭਰਤੀ ਕਰਵਾ ਦਿੱਤਾ। ਕਾਕੇ ਨੇ ਪਰਤਾਪੀ, ਪਰਤਾਪੀ ਦੇ ਨਾਨਕੀਂ ਛੱਡ ਆਂਦੀ। ਓਥੋਂ ਉਹ ਵਿਛੋੜੇ ਦੀ ਅਗਨੀ ਵਿਚ ਸੜਦੀ ਹੋਈ ਲੋਪੋਂ ਆ ਗਈ।

ਨਾਭੇ ਤੋਂ ਪਰਤਾਪੀ ਨੂੰ ਕਾਕੇ ਦੇ ਸੁਖ-ਸੁਨੇਹੇ ਪੁਜਦੇ ਰਹੇ। ਉਹ ਉਹਦੇ ਵਿਯੋਗ ਵਿਚ ਬਿਨ ਪਾਣੀਓਂ-ਮੱਛੀ ਵਾਂਗ ਤੜਪ ਰਿਹਾ ਸੀ। ਪਰਤਾਪੀ ਹੁਣ ਨਾਭੇ ਕਾਕੇ ਕੋਲ਼ ਨਸ ਜਾਣ ਦੀਆਂ ਵਿਉਂਤਾਂ ਬਣਾ ਰਹੀ ਸੀ। ਉਹਨੇ ਆਪਣੀ ਸਹੇਲੀ ਭੋਲੀ ਨੂੰ ਆਪਣੇ ਦਿਲ ਦੀ ਗੱਲ ਦੱਸ ਦਿੱਤੀ। "ਭੋਲੀਏ ਇਸ਼ਕ ਦੀਆਂ ਲੱਗੀਆਂ ਦੇ ਬਾਣ ਬੁਰੇ, ਮੇਰਾ ਲੂੰ-ਲੂੰ ਜਲ਼ ਰਿਹੈ, ਮੇਰੀ ਨੀਂਦ ਕਿਧਰੇ ਉਡ-ਪੁਡ ਗਈ ਐ। ਬਸ ਕਾਕਾ ਅੱਠੋ ਪਹਿਰ ਯਾਦ ਆਉਂਦਾ ਰਹਿੰਦੈ... ਮੈਨੂੰ ਉਨੀ ਦੇਰ ਚੈਨ ਨਹੀਂ ਆਉਣੀ ਜਿੰਨੀ ਦੇਰ ਉਹਨੂੰ ਦੇਖ ਨਹੀਂ ਲੈਂਦੀ। ਖੌਰੇ ਉਹਦੀ ਕੀ ਹਾਲਤ ਹੋਵੇਗੀ। ਭੋਲੀਏ, ਮੈਨੂੰ ਨਾਭੇ ਪੁਚਾਣ ਦੀ ਕੋਈ ਸਕੀਮ ਸੋਚ- ਸਾਰੀ ਉਮਰ ਤੇਰਾ ਅਹਿਸਾਨ ਨਹੀਂ ਭੁੱਲਾਂਗੀ।" ਪਰਤਾਪੀ ਨੇ ਆਪਣਾ ਸਿਰ ਭੋਲੀ ਦੀ ਗੋਦੀ ਵਿਚ ਸੁੱਟ ਦਿੱਤਾ ਤੇ ਡੁਸਕਣ ਲੱਗ ਪਈ।

"ਅੜੀਏ ਹੌਸਲਾ ਕਰ, ਮੈਂ ਆਪਣੇ ਦਲੇਲ ਨਾਲ਼ ਗੱਲ ਕਰਕੇ ਤੇਰਾ ਕੋਈ ਬੰਦੋਬਸਤ ਕਰਦੀ ਆਂ... ਉਹ ਤੈਨੂੰ ਸਰਦਾਰ ਕੋਲ਼ ਛੱਡ ਆਵੇਗਾ। ਹੁਣ ਪੂੰਝ ਛੱਡ ਇਹ ਹੰਝੂ।" ਭੋਲੀ ਨੇ ਹੌਸਲਾ ਦਿੱਤਾ।

"ਭੋਲੀਏ ਤੇਰਾ ਕਰਜ਼ ਕਿਵੇਂ ਚੁਕਾਵਾਂਗੀ ?"

"ਬਸ ਦਿਲ ਦੀ ਭਾਫ਼ ਦਿਲ ਵਿਚ ਹੀ ਰੱਖ! ਔਹ ਨਰੈਣੀ ਆਉਂਦੀ ਪਈ ਐ!"

ਭੋਲੀ ਨੇ ਪਰਤਾਪੀ ਦੀਆਂ ਅੱਖਾਂ ਵਿਚ ਅਨੋਖੀ ਚਮਕ ਵੇਖੀ ਤੇ ਬੁਲ੍ਹਾਂ ਵਿਚ ਮੁਸਕਰਾਈ।

ਆਥਣ ਸਮੇਂ ਭੋਲੀ ਨੇ ਆਪਣੇ ਘਰ ਵਾਲ਼ੇ ਦਲੇਲ ਗੁੱਜਰ ਨਾਲ਼ ਪਰਤਾਪੀ ਨੂੰ ਕਾਕੇ ਕੋਲ਼ ਨਾਭੇ ਛੱਡ ਆਉਣ ਦੀ ਗੱਲ ਤੋਰੀ।

ਅਗਲੀ ਭਲ਼ਕ ਦਲੇਲ ਨੇ ਰੁਪਾਲੋਂ ਜਾ ਕੇ ਕਾਕੇ ਦੀ ਮਾਂ ਅਤਰੀ ਨੂੰ ਪਰਤਾਪੀ ਦੇ ਨਾਭੇ ਜਾਣ ਦੇ ਮਨਸੂਬੇ ਬਾਰੇ ਦਸ ਦਿੱਤਾ। ਪਰਤਾਪੀ ਦਾ ਕਾਕੇ ਕੋਲ਼ ਨਾਭੇ ਜਾਣਾ ਸੁਣ ਕੇ ਅਤਰੀ ਦੇ ਸਿਰ ਜਿਵੇਂ ਸੌ ਘੜਾ ਪਾਣੀ ਦਾ ਪੈ ਗਿਆ। ਉਹ ਮੱਥਾ ਫੜ ਕੇ ਬੈਠ ਗਈ। ਇਕ ਪਲ ਉਹ ਸੁੰਨ ਬੈਠੀ ਰਹੀ, ਆਖ਼ਰ ਉਸ ਦੇ ਬੁਲ੍ਹ ਕੰਬੇ, "ਨਹੀਂ, ਨਹੀਂ ਹੋਣ ਦਿਆਂਗੀ। ਜ਼ੈਲਦਾਰ ਕਾਹਨ ਸਿੰਘ ਦੀ ਨੂੰਹ ਕਮੀਣ ਸੁਨਿਆਰ ਦੀ ਧੀ ਨਹੀਂ ਬਣ ਸਕਦੀ। ਨਹੀਂ ਬਣ ਸਕਦੀ। ਜੇ ਪਰਤਾਪੀ ਕਾਕੇ ਦੇ ਵਸ ਗਈ ਤਾਂ ਸਾਡੇ ਖ਼ਾਨਦਾਨ ਦੀ ਇੱਜ਼ਤ ਮਿੱਟੀ ਵਿਚ ਮਿਲ਼ ਜਾਵੇਗੀ। ਸਾਡਾ ਨੱਕ ਵੱਢਿਆ ਜਾਵੇਗਾ। ਅਸੀਂ ਵੱਡੇ ਨਾਢੂ ਖਾਂ ਸਰਦਾਰ ਕਿਸੇ ਪਾਸੇ ਵੀ ਆਪਣਾ ਮੂੰਹ ਦਿਖਾਉਣ ਜੋਗੇ ਨਹੀਂ ਰਹਾਂਗੇ। ਵੀਰ ਮੇਰਿਆ ਕੁਝ ਵੀ ਕਰ। ਸਾਡੀ ਇੱਜ਼ਤ

ਬਚਾ। ਤੂੰ ਅੱਗੇ ਵੀ ਸਾਡੇ 'ਤੇ ਬਹੁਤ ਅਹਿਸਾਨ ਕੀਤੇ ਨੇ। ਆਹ ਲੈ ਪੰਜ ਸੌ ਰੁਪਏ। ਪਰਤਾਪੀ ਨੂੰ ਕਿਧਰੇ ਮੁਕਾ ਛੱਡ। ਮੈਂ ਤੇਰੇ ਪੈਰੀਂ ਪੈਨੀ ਆਂ।" ਅਤਰੀ ਨੇ ਆਪਣੀ ਚੁੰਨੀ ਦਲੇਲ ਦੇ ਪੈਰਾਂ 'ਤੇ ਰੱਖ ਦਿੱਤੀ।

ਅਤਰੀ ਦੀ ਹਾਲਤ ਦਲੇਲ ਪਾਸੋਂ ਸਹਾਰੀ ਨਾ ਗਈ। ਐਡੇ ਵੱਡੇ ਸਰਦਾਰਾਂ ਦੀ ਸਰਦਾਰਨੀ ਉਹਦੇ ਅੱਗੇ ਝੋਲੀ ਅੱਡੀ ਖੜੀ ਸੀ। ਉਹਨੇ ਪਰਤਾਪੀ ਨੂੰ ਪਾਰ ਬੁਲਾਉਣ ਦਾ ਇਕਰਾਰ ਅਤਰੀ ਨੂੰ ਦੇ ਦਿੱਤਾ।

ਰੁਪਾਲੋਂ ਦੇ ਲਾਗਲੇ ਪਿੰਡ ਚੱਕ ਦਾ ਸੱਯਦ ਮੁਹੰਮਦ ਸ਼ਾਹ ਦਲੇਲ ਦਾ ਯਾਰ ਸੀ। ਉਹਨੇ ਉਸ ਨੂੰ ਵੀ ਪਰਤਾਪੀ ਨੂੰ ਮਾਰਨ ਦੇ ਕਾਰਜ ਵਿਚ ਆਪਣਾ ਭਾਈਵਾਲ ਬਣਾ ਲਿਆ। ਅੰਨ੍ਹਾ ਲਾਲਚ ਚੰਗੇ ਭਲਿਆਂ ਨੂੰ ਵੀ ਵਿਗਾੜ ਦਿੰਦਾ ਹੈ।

ਦਲੇਲ ਨੇ ਲੋਪੋਂ ਆ ਕੇ, ਅਗਲੀ ਭਲਕ ਭੋਲੀ ਹੱਥ, ਪਰਤਾਪੀ ਨੂੰ ਨਾਭੇ ਜਾਣ ਲਈ ਤਿਆਰੀ ਕਰਨ ਦਾ ਸੁਨੇਹਾ ਭੇਜ ਦਿੱਤਾ। ਮਾਹੀ ਪਾਸ ਜਾਣ ਦਾ ਸੱਦਾ ਸੁਣ ਕੇ ਉਹ ਖਿੜੇ ਫੁੱਲ ਵਾਂਗ ਖਿੜ ਗਈ।

ਪੱਛਮ ਵੱਲ ਸੂਰਜ ਦੀ ਲਾਲੀ ਕਾਲ਼ੋਂ ਦਾ ਰੂਪ ਧਾਰ ਰਹੀ ਸੀ। ਤਾਰੇ ਲੁੱਕਣ ਮੀਟੀ ਖੇਡਣ ਲਗ ਪਏ ਸਨ। ਦਲੇਲ ਵਿਛੜੀ ਕੂੰਜ ਨੂੰ ਨਾਲ਼ ਲੈ ਕੇ ਚਾਵਾ-ਪੈਲ ਸਟੇਸ਼ਨ ਨੂੰ ਤੁਰ ਪਿਆ। ਲੋਪੋਂ ਤੋਂ ਚਾਵਾ-ਪੈਲ ਸਟੇਸ਼ਨ ਤੀਕਰ ਟਿੱਬੇ ਹੀ ਟਿੱਬੇ ਸਨ। ਪਰਤਾਪੀ ਟਿੱਬਿਆਂ ਦੀ ਕੋਈ ਪਰਵਾਹ ਨਹੀਂ ਸੀ ਕਰ ਰਹੀ। ਅੱਜ ਉਹ ਸਾਰੇ ਦਿਨਾਂ ਨਾਲੋਂ ਖਿੜਵੇਂ ਰੌਂਅ ਵਿਚ ਸੀ। ਉਹ ਭੋਲੀ ਦਾ ਲੱਖ-ਲੱਖ ਸ਼ੁਕਰ ਕਰ ਰਹੀ ਸੀ। ਪਿਆਰੇ ਦੇ ਮਿਲਾਪ ਲਈ ਉਹਦਾ ਦਿਲ ਬਹਿਬਲ ਹੋ ਰਿਹਾ ਸੀ। ਉਹ ਇਹ ਨਹੀਂ ਸੀ ਜਾਣਦੀ ਕਿ ਹੋਣੀ ਕੀ ਭਾਣਾ ਵਰਤਾਣ ਲੱਗੀ ਹੈ।

ਜਦੋਂ ਦਲੇਲ ਤੇ ਪਰਤਾਪੀ ਹਾਥੀ ਵਾਲ਼ੇ ਟਿੱਬੇ ਕੋਲ਼ ਪੁੱਜੇ ਤਾਂ ਅੱਗੋਂ ਸੱਯਦ ਮੁਹੰਮਦ ਨੇ ਆ ਲਲਕਾਰਾ ਮਾਰਿਆ। ਕਾਲ਼ੀ ਬੋਲ਼ੀ ਸੁੰਨਸਾਨ ਰਾਤ ਵਿਚ ਦਲੇਲ ਤੇ ਸੱਯਦ ਮੁਹੰਮਦ ਨੰਗੀਆਂ ਤਲਵਾਰਾਂ ਲੈ ਕੇ ਪਰਤਾਪੀ ਦੇ ਦੁਆਲੇ ਹੋ ਗਏ। ਬੇਬਸ ਹਰਨੀ ਨੇ ਸੈਆਂ ਤਰਲੇ ਕੀਤੇ, ਹਾੜ੍ਹੇ ਕੱਢੇ, ਆਪਣੇ ਪਿੰਡ ਦਾ ਵੀ ਵਾਸਤਾ ਪਾਇਆ। ਪਿੰਡ ਦਾ ਤਾਂ ਕੁੱਤਾ ਵੀ ਮਾਣ ਨਹੀਂ ਹੁੰਦਾ:

*ਨਾ ਮਾਰੀਂ ਵੇ ਦਲੇਲ ਗੁੱਜਰਾ*
*ਮੈਂ ਲੋਪੋਂ ਦੀ ਸੁਨਿਆਰੀ*

*(ਲੋਕ ਗੀਤ)*

ਪਰ ਅੰਨ੍ਹੇ ਲਾਲਚ ਅਤੇ ਸਰਦਾਰਾਂ ਦੀ ਫੋਕੀ ਇੱਜ਼ਤ ਨੇ ਪਰੀਆਂ ਵਰਗੀ ਮਾਸੂਮ ਪਰਤਾਪੀ ਦੇ ਟੋਟੇ ਕਰਵਾ ਦਿੱਤੇ:

*ਕਰੀ ਅਰਜੋਈ ਨਾ ਦਰਦ ਮੰਨਿਆਂ*
*ਪਾਪ ਉੱਤੇ ਲੱਕ ਪਾਪੀਆਂ ਨੇ ਬੰਨ੍ਹਿਆਂ*
*ਕਰਦੇ ਹਲਾਲ ਜਿਉਂ ਕਸਾਈ ਬੱਕਰੇ*
*ਗੁੱਜਰ ਦਲੇਲ ਨੇ ਬਣਾਏ ਡੱਕਰੇ* *(ਗੋਕਲ ਚੰਦ)*

ਦਲੇਲ ਹੋਰਾਂ ਨੇ ਪਰਤਾਪੀ ਦੀ ਲਾਸ਼ ਟੁਕੜੇ-ਟੁਕੜੇ ਕਰਕੇ ਹਾਥੀ ਵਾਲ਼ੇ ਟਿੱਬੇ ਵਿਚ ਡੂੰਘੀ ਦੱਬ ਦਿੱਤੀ। ਇਕ ਟਟੀਹਰੀ ਦੀ ਦਿਲ-ਚੀਰਵੀਂ ਆਵਾਜ਼ ਹੌਲ਼ੇ-ਹੌਲ਼ੇ ਮੱਧਮ ਪੈ ਗਈ।

ਪਰਤਾਪੀ ਦੇ ਅਚਾਨਕ ਗਾਇਬ ਹੋਣ 'ਤੇ ਪਿੰਡ ਵਿਚ ਰੌਲ਼ਾ ਪੈ ਗਿਆ। ਕੋਈ ਆਖੇ, "ਪਰਤਾਪੀ ਕਾਕੇ ਪਾਸ ਨਾਭੇ ਨਸ ਗਈ ਹੈ।" ਕਿਸੇ ਕਿਹਾ, "ਪਰਤਾਪੀ ਨੂੰ ਕਾਹਨ ਸਿੰਘ ਹੋਰਾਂ ਮਰਵਾ ਦਿੱਤਾ ਹੈ।" ਆਖ਼ਰ ਸ਼ੋਹਰੋ ਸ਼ੋਹਰੀ ਹੁੰਦੀ ਗਈ। ਕਿਸੇ ਥਾਣੇ ਜਾ ਮੁਖ਼ਬਰੀ ਕੀਤੀ। ਪਰਤਾਪੀ ਦਾ ਕਤਲ ਹੋਇਆਂ ਛੇ ਮਹੀਨੇ ਲੰਘ ਚੁੱਕੇ ਸਨ।

ਪੁਲਿਸ ਆਈ। ਸਾਰੇ ਪਿੰਡ ਦੀ ਮਾਰ-ਕੁਟਾਈ ਕੀਤੀ ਗਈ ਪਰ ਪਰਤਾਪੀ ਦਾ ਕਿਧਰੇ ਥਹੁ-ਪਤਾ ਨਾ ਲੱਗਾ।

ਅੰਗਰੇਜ਼ ਬਾਰਬਟਨ ਜਿਹੜਾ ਉਸ ਸਮੇਂ ਲੁਧਿਆਣੇ ਦਾ ਪੁਲਿਸ ਸੁਪਰਡੈਂਟ ਸੀ, ਇਸ ਕੇਸ ਦੀ ਪੜਤਾਲ ਲਈ ਰੁਪਾਲੋਂ ਆਇਆ। ਉਸ ਦੇ ਨਾਲ਼ ਦੋ ਸੌ ਸਿਪਾਹੀ ਸਨ। ਪਿੰਡ ਇਕ ਛਾਉਣੀ ਵਿਚ ਬਦਲ ਗਿਆ-ਤੰਬੂ ਤਾਣੇ ਗਏ। ਉਸ ਨੇ ਆਲ਼ੇ-ਦੁਆਲ਼ੇ ਦੇ ਸਾਰੇ ਪਿੰਡ ਸਦ ਲਏ। ਫੇਰ ਵੀ ਕੁਝ ਪਤਾ ਨਾ ਲੱਗਾ। ਬਾਰਬਟਨ ਹੁਸ਼ਿਆਰ ਬਹੁਤ ਸੀ। ਉਹ ਆਥਣ ਸਮੇਂ ਬਾਹਰ ਬੈਠੀਆਂ ਔਰਤਾਂ ਪਾਸ ਚੋਰੀ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਇਕ ਦਿਨ ਉਸ ਨੂੰ ਪਰਤਾਪੀ ਦੇ ਭੋਲੀ ਨਾਲ਼ ਸਹੇਲਪੁਣੇ ਦਾ ਪਤਾ ਲੱਗ ਗਿਆ। ਉਹਨੇ ਭੋਲੀ ਜਾ ਫੜੀ। ਭੋਲੀ ਨੇ ਪਰਤਾਪੀ ਦੇ ਦਲੇਲ ਨਾਲ਼ ਨਾਭੇ ਜਾਣ ਦੀ ਗੱਲ ਦੱਸ ਦਿੱਤੀ। ਅੱਗੋਂ ਦਲੇਲ ਗੁੱਜਰ ਨੇ ਵਾਅਦਾ ਮੁਆਫ਼ ਗਵਾਹ ਬਣ ਕੇ ਸਾਰੀ ਹੋਈ ਬੀਤੀ ਸੁਣਾ ਦਿੱਤੀ।

ਕਾਕਾ ਕਿਰਪਾਲ਼ ਸਿੰਘ ਦੀ ਮਾਂ ਅਤਰੀ ਅਤੇ ਸੱਯਦ ਮੁਹੰਮਦ ਸ਼ਾਹ ਹੋਰੀਂ ਫੜ ਲਏ ਗਏ।

ਹੁਣ ਸੁਆਲ ਪਰਤਾਪੀ ਦੀ ਲਾਸ਼ ਲੱਭਣ ਦਾ ਸੀ। ਦਲੇਲ ਦੇ ਦੱਸੇ ਪਤੇ 'ਤੇ ਹਾਥੀ ਵਾਲ਼ੇ ਟਿੱਬੇ ਦੀ ਪੁਟਾਈ ਸ਼ੁਰੂ ਹੋਈ। ਆਲ਼ੇ-ਦੁਆਲ਼ੇ ਦੇ ਪਿੰਡਾਂ ਦੇ ਲੋਕਾਂ ਨੇ ਜਿਸ ਵਿਚ ਮੇਰੇ ਪਿੰਡ ਮਾਦਪੁਰ ਦੇ ਲੋਕ ਵੀ ਸ਼ਾਮਲ ਸਨ, ਟਿੱਬੇ ਦੀ ਖ਼ੁਦਾਈ ਵਿਚ ਮਦਦ ਕੀਤੀ।

ਆਖ਼ਰ ਪਰਤਾਪੀ ਦੇ ਹੱਡ ਲੱਭ ਪਏ। ਇਸ ਹੱਡ ਲੱਭਣ ਦੀ ਵਾਰਤਾ ਨੂੰ

ਸਾਡੇ ਇਲਾਕੇ ਦੇ ਇਕ ਲੋਕ ਗੀਤ ਨੇ ਅਜੇ ਤੀਕਰ ਸੰਭਾਲਿਆ ਹੋਇਆ ਹੈ:

*ਹੱਡ ਪਰਤਾਪੀ ਦੇ*
*ਬਾਰ ਬਟਨ ਨੇ ਟੋਲ੍ਹੇ*

ਅਦਾਲਤ ਵਿਚ ਮੁਕੱਦਮਾ ਚਲਿਆ। ਸੱਯਦ ਮੁਹੰਮਦ ਸ਼ਾਹ ਨੂੰ ਫ਼ਾਂਸੀ ਅਤੇ ਅਤਰੀ ਨੂੰ ਕਾਲ਼ੇ ਪਾਣੀ ਦੀ ਸਜ਼ਾ ਦਿੱਤੀ ਗਈ। ਦਲੇਲ ਗੁੱਜਰ ਨੂੰ ਵਾਅਦਾ ਮੁਆਫ਼ ਗਵਾਹ ਹੋਣ ਕਾਰਨ ਬਰੀ ਕਰ ਦਿੱਤਾ ਗਿਆ। ਬਜ਼ੁਰਗ ਦਸਦੇ ਹਨ ਕਿ ਇਸ ਮੁਕੱਦਮੇ ਦੇ ਫ਼ੈਸਲੇ ਤੋਂ ਇਕ ਮਹੀਨਾ ਬਾਅਦ, ਇਕ ਬੱਦਲਵਾਈ ਵਾਲ਼ੇ ਦਿਨ, ਜਦੋਂ ਦਲੇਲ ਵਗ ਚਰਾਂਦਾ ਹੋਇਆ ਪਰਤਾਪੀ ਦੇ ਮਰਨ ਵਾਲੀ ਥਾਂ 'ਤੇ ਪੁੱਜਾ ਤਾਂ ਅਸਮਾਨ ਵਿਚੋਂ ਕੜਕਦੀ ਬਿਜਲੀ ਉਸ ਉਤੇ ਡਿਗ ਪਈ ਤੇ ਉਹ ਓਥੇ ਹੀ ਖਖੜੀ-ਖਖੜੀ ਹੋ ਗਿਆ।

ਇਸ ਕਹਾਣੀ ਨੂੰ ਵਾਪਰਿਆਂ ਢੇਡ ਸਦੀ ਦੇ ਕਰੀਬ ਸਮਾਂ ਬੀਤ ਗਿਆ ਹੈ ਪਰੰਤੂ ਨਿਰਦੋਸ਼ ਮਾਸੂਮ ਪਰਤਾਪੀ ਦੇ ਕਤਲ ਦਾ ਦਰਦ ਇਸ ਇਲਾਕੇ ਦੇ ਕਣ-ਕਣ ਵਿਚ ਰਮਿਆ ਹੋਇਆ ਹੈ। ਜਦ ਕੋਈ ਬਜ਼ੁਰਗ ਇਸ ਕਹਾਣੀ ਦੀ ਬਾਤ ਪਾਉਂਦਾ ਹੈ ਤਾਂ ਉਸ ਦਾ ਗਲ਼ਾ ਭਰ-ਭਰ ਆਉਂਦਾ ਹੈ ਤੇ ਨੈਣਾਂ ਵਿਚ ਅੱਥਰੂ ਸਿੰਮ ਆਉਂਦੇ ਹਨ।

•

# ਸੋਹਣਾ ਜ਼ੈਨੀ

ਸੋਹਣਾ ਜ਼ੈਨੀ ਪੱਛਮੀ ਪੰਜਾਬ ਦੇ ਨੀਲੀ ਬਾਰ ਦੇ ਇਲਾਕੇ ਗੁਜਰਾਤ ਵਿਚ ਚੌਧਵੀਂ ਸਦੀ ਵਿਚ ਵਾਪਰੀ ਅਜਿਹੀ ਮਨਮੋਹਕ ਲੋਕ ਗਾਥਾ ਹੈ ਜੋ ਸਦੀਆਂ ਤੋਂ ਪੰਜਾਬ ਦੀ ਲੋਕ ਆਤਮਾ ਨੂੰ ਟੁੰਭਦੀ ਆ ਰਹੀ ਹੈ। ਇਸ ਲੋਕ ਗਾਥਾ ਨੂੰ ਬੱਲੂ ਰਾਮ ਬਾਜ਼ੀਗਰ ਨੇ ਬਾਰ ਦੀ ਲੋਕ ਬੋਲੀ ਅਤੇ ਠੇਠ ਲੋਕ ਮੁਹਾਵਰੇ ਵਿਚ ਲੋਕ ਕਾਵਿ ਰੂਪ ਢੋਲੇ ਦੇ ਰੂਪ ਵਿਚ ਰਚਿਆ ਹੈ। ਇਸ ਤੋਂ ਇਲਾਵਾ ਇਸ ਨੂੰ ਖਾਹਸ਼ ਅਲੀ ਅਤੇ ਕਵੀ ਜਲਾਲ ਨੇ ਆਪਣੇ ਕਿੱਸਿਆਂ ਵਿਚ ਬੜੇ ਪਿਆਰੇ ਅੰਦਾਜ਼ ਵਿਚ ਬਿਆਨ ਕੀਤਾ ਹੈ।

ਜ਼ਿਲ੍ਹਾ ਗੁਜਰਾਤ ਦੇ ਚੱਕ ਅਬਦੁੱਲਾ ਨਾਮੀ ਪਿੰਡ ਵਿਚ ਉਸੇ ਪਿੰਡ ਦਾ ਮਾਲਕ ਅਬਦੁੱਲਾ ਰਹਿ ਰਿਹਾ ਸੀ। ਬੰਦਾ ਬੜਾ ਸਖੀ ਸੀ। ਘਰ ਵਿਚ ਕਿਸੇ ਚੀਜ਼ ਦੀ ਤੋਟ ਨਹੀਂ ਸੀ, ਜੇ ਤੋਟ ਸੀ ਤਾਂ ਔਲਾਦ ਦੀ। ਉਸ ਬੜੇ ਪੁੰਨ-ਦਾਨ ਕੀਤੇ, ਮੰਨਤਾਂ ਮੰਨੀਆਂ। ਸੱਚੇ ਦਿਲੋਂ ਕੀਤੀ ਉਸ ਦੀ ਦੁਆ ਖ਼ੁਦਾ ਦੇ ਦਰ ਕਬੂਲ ਹੋ ਗਈ। ਰਹਿਮਤਾਂ ਵਰ੍ਹ ਪਈਆਂ। ਉਸ ਨੂੰ ਸੱਚੇ ਰਸੂਲ ਦੇ ਦਰੋਂ ਤਿੰਨ ਪੁੱਤਰਾਂ ਦੀ ਦਾਤ ਮਿਲ ਗਈ। ਸੋਹਣਾ ਉਹਦਾ ਸਭ ਤੋਂ ਛੋਟਾ ਅਤੇ ਪਿਆਰਾ ਪੁੱਤਰ ਸੀ।

ਸਮਾਂ ਪਾ ਕੇ ਸੋਹਣਾ ਜਵਾਨ ਹੋ ਗਿਆ! ਉਹਦੇ ਅਲਬੇਲੇ ਸ਼ੌਕ ਸਨ। ਇਕ ਦਿਨ ਉਹ ਸ਼ਿਕਾਰ ਖੇਡਦਾ-ਖੇਡਦਾ ਆਪਣੇ ਖੂਹ 'ਤੇ ਪੁੱਜ ਗਿਆ। ਉਸ ਵੇਖਿਆ ਖੂਹ ਦੇ ਨੇੜੇ ਹੀ ਖੇਤਾਂ ਵਿਚ ਬੰਗਾਲੇ-ਜੋਗੀਆਂ ਦਾ ਡੇਰਾ ਉਤਰਿਆ ਹੋਇਆ ਸੀ। ਉਸ ਡੇਰੇ ਦੇ ਨੰਬਰਦਾਰ ਸਮਰ ਨਾਥ ਦੀ ਅਲਬੇਲੀ ਧੀ ਜ਼ੈਨੀ ਆਪਣੀ ਸਹੇਲੀ ਚੰਦਾ ਨਾਲ਼ ਖੂਹੇ 'ਤੋਂ ਪਾਣੀ ਪਈ ਭਰੇਂਦੀ ਸੀ। ਜ਼ੈਨੀ ਦਾ ਰੂਪ ਬਣ ਬਣ ਪੈ ਰਿਹਾ ਸੀ:

*ਸੋਹਣੀ ਸੂਰਤ ਬਦਨ ਦੀ ਪਿਆਰੀ*
*ਜਿਉਂ ਮੱਖਣ ਦਾ ਪੇੜਾ*
*ਚਸ਼ਮ ਉਘਾੜ ਤੱਕੇ ਉਹ ਜਿਤ ਵਲ*
*ਉੜਨੇ ਵਾਲ਼ਾ ਕਹਿੜਾ*
*ਪਲਕਾਂ ਤੀਰ ਲੱਗਣ ਵਿਚ ਸੀਨੇ*
*ਅੱਬਰੂ ਸਖ਼ਤ ਕਮਾਨਾਂ*
*ਇਕ ਨਜ਼ਰ ਥੀਂ ਘਾਇਲ ਹੋਵਨ*

*ਲੱਖ ਕਰੋੜਾਂ ਜਾਨਾਂ*
*ਜ਼ੁਲਫ਼ਾਂ ਰਾਤ ਹਨੇਰੀ ਵਾਂਗੂੰ*
*ਤੇ ਮੁਖ ਰੋਜ਼ ਉਜਾਲਾ*
*ਦਿਲ ਤੇ ਰਾਤ ਇਕੱਠੇ ਕੀਤੇ*
*ਕੁਦਰਤ ਰੱਬ ਤਾਅਲਾ* *(ਕਵੀ ਜਲਾਲ)*

ਜ਼ੈਨੀ ਦੇ ਹੁਸਨ ਨਾਲ਼ ਸੋਹਣਾ ਕੀਲਿਆ ਗਿਆ:

*ਹੁਸਨ ਜ਼ੈਨੀ ਦਾ ਤੇਜ ਸ਼ਮਾਦਾਨ ਤੋਂ*
*ਨੈਣ ਮਰੇਂਦੇ ਨੇ ਬਿਜਲੀ ਵਾਂਗ ਚਮਕ ਨੂੰ*
*ਟੁਰੇ ਮੋਰ ਚਕੋਰ ਦੇ ਵਾਂਗ ਜ਼ੈਨੀ*
*ਛੱਲੇ ਮੁੰਦਰੀਆਂ ਪਏ ਸੋਂਹਦੇ ਨੇ ਹੱਥ ਨੂੰ*
*ਮੱਥਾ ਜ਼ੈਨੀ ਦਾ ਚੰਦ ਮਤਾਬ ਜਿਹਾ*
*ਧਾਰ ਕੱਜਲ ਦੀ ਸੋਂਹਦੀ ਅੱਖ ਨੂੰ*
*ਹਾਈ ਹੁਸਨ ਦੇ ਵਿਚ ਭਰਪੂਰ ਜ਼ੈਨੀ*
*ਜਿਸ ਬਾਝ ਕਲਮੇਂ ਕੀਲਿਆ ਹੈ ਜੱਟ ਨੂੰ* *(ਵੱਲੂ ਰਾਮ ਬਾਜ਼ੀਗਰ)*

ਸੋਹਣਾ ਜ਼ੈਨੀ ਦੇ ਹੁਸਨ ਦੀ ਤਾਬ ਨਾ ਝੱਲ ਸਕਿਆ। ਉਹ ਉਹਦੇ ਧੁਰ ਅੰਦਰ ਤਕ ਲਹਿ ਗਈ। ਉਹ ਜ਼ੈਨੀ ਦਾ ਹੋ ਕੇ ਰਹਿ ਗਿਆ:

*ਸੋਹਣਾ ਤਰਫ਼ ਜ਼ੈਨੀ ਦੇ ਵੇਖੇ*
*ਦੂਰੋਂ ਲਾ ਨਜ਼ੀਰਾਂ*
*ਇਸ਼ਕ ਰਚੇ ਜਦ ਹੱਡਾਂ ਅੰਦਰ*
*ਚਲਦੀਆਂ ਨਹੀਂ ਤਦਬੀਰਾਂ*
*ਆਸ਼ਕ ਹੋਇਆ ਜ਼ੈਨੀ ਉੱਪਰ*
*ਸੋਹਣਾ ਦਿਲੋਂ ਜ਼ਬਾਨੋਂ*
*ਹੁਸਨ ਜ਼ੈਨੀ ਦਾ ਦਿਲ ਵਿਚ ਪੁੜਿਆ*
*ਛੁੱਟਾ ਤੀਰ ਕਮਾਨੋਂ*
*(ਖਾਹਸ਼ ਅਲੀ)*

ਚੰਦਾ ਤੇ ਜ਼ੈਨੀ ਪਾਣੀ ਦੇ ਘੜੇ ਭਰ ਕੇ ਮਲਕੜੇ ਮਲਕੜੇ ਪੈਲਾਂ ਪਾਂਦੀਆਂ ਡੇਰੇ ਵਿਚ ਜਾ ਵੜੀਆਂ। ਸੋਹਣਾ ਜ਼ੈਨੀ ਦੀ ਮਿਠੀ ਤੇ ਨਿੱਘੀ ਨੁਹਾਰ ਦਾ ਰਾਂਗਲਾ

ਸੁਪਨਾ ਅਪਣੇ ਮੱਧ ਭਰੇ ਨੈਣਾਂ ਵਿਚ ਸਮੋ ਘਰ ਪਰਤ ਆਇਆ। ਜ਼ਿੰਦਗੀ ਦੀ ਹਰ ਸ਼ੈ ਹੁਣ ਉਸ ਨੂੰ ਪਿਆਰੀ-ਪਿਆਰੀ ਖ਼ੁਸ਼-ਖ਼ੁਸ਼ ਜਾਪਦੀ ਸੀ। ਹਰ ਪਾਸੇ ਉਹਨੂੰ ਪਿਆਰੀ ਜ਼ੈਨੀ ਪਈ ਨਜ਼ਰ ਆਉਂਦੀ ਸੀ।

ਸਾਰੀ ਰਾਤ ਸੋਹਣਾ ਸੁਨਹਿਰੀ ਸੁਪਨੇ ਉਣਦਾ ਰਿਹਾ। ਸਵੇਰ ਹੁੰਦਿਆਂ ਸਾਰ ਹੀ ਉਹ ਡੇਰੇ ਵਲ ਨਸ ਟੁਰਿਆ। ਖੂਹ 'ਤੇ ਪੁਜ ਕੇ ਕੀ ਵੇਖਦਾ ਹੈ... ਡੇਰੇ ਵਾਲ਼ੀ ਥਾਂ ਭਾਂ-ਭਾਂ ਪਈ ਕਰਦੀ ਹੈ। ਜੋਗੀ ਰਾਤੋ ਰਾਤ ਅਗਾਂਹ ਤੁਰ ਗਏ ਸਨ।

ਸੋਹਣੇ ਦੇ ਕਾਲਜੇ 'ਚੋਂ ਰੁਗ ਭਰਿਆ ਗਿਆ। ਜ਼ੈਨੀ ਤਾਂ ਉਹਦਾ ਸਭ ਕੁਝ ਖਸ ਕੇ ਲੈ ਗਈ ਸੀ। ਉਹ ਉਹਦੇ ਵਿਯੋਗ ਵਿਚ ਪਾਗ਼ਲ ਜਿਹਾ ਹੋ ਗਿਆ। ਪਿਆਰੇ ਦੇ ਦੀਦਾਰ ਲਈ ਖੋਤਿਆਂ ਦੀਆਂ ਪੈੜਾਂ ਦਾ ਖੁਰਾ ਫੜ ਕੇ ਉਹ ਮਗਰੇ ਨਸ ਟੁਰਿਆ। ਹਰ ਆਉਂਦੇ ਰਾਹੀ ਪਾਸੋਂ ਉਹ ਡੇਰੇ ਦਾ ਪਤਾ ਪੁੱਛਦਾ। ਪੂਰੇ ਦੋ ਦਿਨ ਉਹ ਡੇਰਾ ਨਾ ਲੱਭ ਸਕਿਆ। ਭੁੱਖ ਅਤੇ ਵਿਯੋਗ ਦੇ ਕਾਰਨ ਉਹਦਾ ਬੁਰਾ ਹਾਲ ਹੋ ਗਿਆ ਸੀ। ਪਿਆਰੇ ਨਾਲ਼ ਤਾਂ ਉਸ ਅਜੇ ਦੋ ਬੋਲ ਵੀ ਸਾਂਝੇ ਨਹੀਂ ਸਨ ਕੀਤੇ। ਅੰਤ ਤੀਜੇ ਦਿਨ ਘੁੱਲਾਪੁਰ ਪਿੰਡ ਦੀ ਜੂਹ ਵਿਚ ਡੇਰਾ ਲੱਭ ਪਿਆ। ਜ਼ੈਨੀ ਨੂੰ ਵੇਖ ਉਸ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ।

ਜੋਗੀਆਂ ਦਾ ਡੇਰਾ ਕਈ ਦਿਨ ਘੁੱਲਾਪੁਰ ਟਿਕਿਆ ਰਿਹਾ। ਸੋਹਣਾ ਦਿਨੇ ਡੇਰੇ ਵਲ ਗੇੜਾ ਮਾਰ ਕੇ ਜ਼ੈਨੀ ਦਾ ਚੰਦ ਜਿਹਾ ਪਿਆਰਾ ਮੁਖੜਾ ਤੱਕ ਜਾਂਦਾ ਤੇ ਰਾਤੀਂ ਮਸੀਤੇ ਜਾ ਸੌਂਦਾ। ਪਰ ਦੋ ਬੋਲ-ਪਿਆਰ ਭਰੇ ਮਾਖਿਓਂ-ਮਿੱਠੇ ਬੋਲ ਜ਼ੈਨੀ ਨਾਲ਼ ਸਾਂਝੇ ਨਾ ਕਰ ਸਕਿਆ। ਇਸ਼ਕ ਤੜਪਦਾ ਰਿਹਾ, ਹੁਸਨ ਮਚਲਦਾ ਰਿਹਾ!

ਏਧਰ ਜ਼ੈਨੀ ਨੂੰ ਕੋਈ ਪਤਾ ਨਹੀਂ ਸੀ ਕਿ ਕੋਈ ਉਹਦੀਆਂ ਰਾਹਾਂ ਨੂੰ ਚੜ੍ਹਦੇ ਸੂਰਜ ਸਿਜਦੇ ਕਰਦਾ ਹੈ, ਉਹਦੇ ਪੈਰਾਂ ਦੀ ਧੂੜ ਨਾਲ਼ ਆਪਣੀ ਭੁੱਜਦੀ ਹਿੱਕੜੀ ਦੀ ਤਪਸ਼ ਠਾਰਦਾ ਹੈ।

ਸੋਹਣੇ ਦੀ ਮਾਂ ਨੂੰ ਸੋਹਣੇ ਦਾ ਹਰ ਰੋਜ਼ ਜੋਗੀਆਂ ਦੇ ਡੇਰੇ ਜਾਣਾ ਸੁਖਾਂਦਾ ਨਹੀਂ ਸੀ! ਉਹਨੇ ਉਸ ਨੂੰ ਸਮਝਾਉਣ ਦਾ ਬਹੁਤੇਰਾ ਯਤਨ ਕੀਤਾ:

*ਸੋਹਣੇ ਨੂੰ ਮਾਂ ਹਟਕੇਂਦੀ,*
*ਬੱਚਿਆ ਛੱਡ ਦੇ ਖ਼ਿਆਲ ਇਸ ਜੋਗਣ ਦਾ,*
*ਇਹ ਫ਼ਕੀਰ ਸੈਲਾਨੀ ਵੱਗ ਜਾਸਣ ਅਜ ਭਲਕ ਨੂੰ।*
*ਪੱਛੋਤਾਸੇਂ ਤੇ ਹਾਲ ਵੰਞਈਸੇਂ*
*ਇਨ੍ਹਾਂ ਹੱਥ ਨਹੀਂ ਆਵਣਾ ਵੱਤ ਨੂੰ*
*ਯਰਾਨਾ ਪੱਖੀ ਵਾਸ ਦਾ ਠੀਕ ਨਹੀਂ ਹੋਂਦਾ*
*ਓਏ ਤੂੰ ਸਮਝ ਲੈ ਮੇਰੀ ਮੱਤ ਨੂੰ।* *(ਵੱਲੂ ਰਾਮ ਬਾਜ਼ੀਗਰ)*

ਪਰ ਸੋਹਣਾ ਪਿੱਛੇ ਹਟਣ ਵਾਲ਼ਾ ਕਿੱਥੇ ਸੀ। ਉਹਦਾ ਤਾਂ ਲੂੰ-ਲੂੰ ਜ਼ੈਨੀ ਲਈ ਤੜਪ ਰਿਹਾ ਸੀ:

*ਮਗਰ ਜ਼ੈਨੀ ਦੇ ਜਾਸਾਂ*
*ਮੋੜਿਆਂ ਕਦੀ ਨਾ ਰਾਹਸਾਂ*
*ਭਾਵੇਂ ਪੀਵੇ ਨਚੋੜ ਬਦਨ ਦੀ ਰੱਤ ਨੂੰ*
*ਜਦੋਂ ਇਸ਼ਕ ਚਾ ਲਾਵੇ ਅੱਗ ਫਿਰਾਕ ਦੀ*
*ਬੁਝਾਇਆਂ ਨਹੀਂ ਬੁੱਝਦੀ*
*ਭਾਵੇਂ ਉੱਤੇ ਚਾ ਵਗਾਈਏ ਪਾਣੀ ਦੇ ਮੱਟ ਨੂੰ*
*(ਵੱਲੂ ਰਾਮ ਬਾਜ਼ੀਗਰ)*

ਸੋਹਣੇ ਨੇ ਜ਼ੈਨੀ ਦੇ ਦੀਦਰ ਲਈ ਆਪਣੇ ਪਿੰਡ ਨੂੰ ਅਲਵਿਦਾ ਆਖ ਦਿੱਤੀ ਤੇ ਜੋਗੀਆਂ ਦੇ ਡੇਰੇ 'ਤੇ ਜਾ ਕੇ ਜ਼ੈਨੀ ਦੇ ਬਾਪ ਸਮਰ ਨਾਥ ਦੇ ਜਾ ਚਰਨੀਂ ਲੱਗਾ ਤੇ ਅਰਜ਼ ਗੁਜ਼ਾਰੀ, "ਮਾਈ ਬਾਪ ਤੁਸੀਂ ਹੀ ਮੇਰੇ ਸਭ ਕੁਝ ਹੋ। ਮੇਰਾ ਇਸ ਦੁਨੀਆਂ 'ਚ ਕੋਈ ਨਹੀਂ, ਨਾ ਮਾਂ ਨਾ ਬਾਪ ਨਾ ਕੋਈ ਘਰ ਘਾਟ! ਮੈਂ ਤਾਂ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਆਂ- ਮੈਂ ਤੁਹਾਡੀ ਹਰ ਖ਼ਿਦਮਤ ਕਰਨ ਲਈ ਤਿਆਰ ਹਾਂ...।"

ਸਮਰ ਨਾਥ ਨੂੰ ਸੋਹਣੇ ਦੀ ਆਜਜ਼ੀ 'ਤੇ ਤਰਸ ਆ ਗਿਆ- ਉਹ ਆਪ ਨਰਮ ਹਿਰਦੇ ਵਾਲ਼ਾ ਪੁਰਸ਼ ਸੀ।

ਸੋਹਣੇ ਨੂੰ ਡੇਰੇ ਦੇ ਖੋਤੇ ਚਾਰਨ ਲਈ ਰੱਖ ਲਿਆ ਗਿਆ। ਪਿਆਰੇ ਲਈ ਤਾਂ ਉਹ ਸਭ ਕੁਝ ਕਰ ਸਕਦਾ ਸੀ।

ਖੋਤੇ ਚਾਰਦਿਆਂ ਸੋਹਣੇ ਨੂੰ ਪੂਰਾ ਵਰ੍ਹਾ ਬਤੀਤ ਹੋ ਗਿਆ ਪਰੰਤੂ ਜ਼ੈਨੀ ਅੱਗੇ ਉਹ ਆਪਣੇ ਮਨ ਦੀ ਘੁੰਡੀ ਨਾ ਖੋਹਲ ਸਕਿਆ।

ਇਕ ਦਿਨ ਜਦ ਸ਼ਾਮਾਂ ਢਲ ਰਹੀਆਂ ਸਨ, ਜ਼ੈਨੀ ਕੱਲਮ ਕੱਲੀ ਜੰਗਲ ਵਿਚ ਪਾਣੀ ਲੈਣ ਵਾਸਤੇ ਆਈ। ਸੋਹਣਾ ਖੋਤੇ ਚਾਰਦਾ ਪਿਆ ਸੀ। ਉਹਨੇ ਜ਼ੈਨੀ ਵਲ ਵੇਖਿਆ ਤੇ ਹੌਸਲਾ ਕਰਕੇ ਪਾਣੀ ਭਰੇਂਦੀ ਜ਼ੈਨੀ ਪਾਸ ਜਾ ਕੇ ਬੋਲਿਆ, "ਜ਼ੈਨੀਏਂ!"

ਜ਼ੈਨੀ ਤ੍ਰੱਬਕ ਗਈ! ਉਸ ਵੇਖਿਆ ਸੋਹਣਾ ਉਹਦੇ ਵਲ ਇਕ ਟਿਕ ਵੇਖ ਰਿਹਾ ਸੀ।

"ਕੀ ਗੱਲ ਐ ਵੇ?"

"ਜ਼ੈਨੀਏ ਮੈਂ ਤੇਰੇ ਪਿੱਛੇ ਪਾਗ਼ਲ ਹੋ ਗਿਆ ਹਾਂ। ਮੈਂ ਆਪਣਾ ਘਰ ਬਾਰ

ਛੱਡ ਕੇ ਤੇਰੇ ਅੱਗੇ ਖ਼ੈਰ ਮੰਗੀ ਏ। ਮੇਰੀ ਝੋਲ਼ੀ ਵਿਚ ਖ਼ੈਰ ਪਾ ਦੇ ਸੋਹਣੀਏਂ!" ਸੋਹਣੇ ਪੱਲਾ ਅੱਡਿਆ।

"ਵੇ ਮੂੰਹ ਸੰਭਾਲ ਕੇ ਗੱਲ ਕਰ।" ਜ਼ੈਨੀ ਕੜਕ ਕੇ ਬੋਲੀ ਅਤੇ ਗਾਗਰ ਸਿਰ 'ਤੇ ਰੱਖ ਕੇ ਖੜੀ ਹੋ ਗਈ।

"ਜ਼ੈਨੀਏ ਮੈਂ ਤੇਰੀ ਖ਼ਾਤਰ ਖੋਤੇ ਚਾਰ ਰਿਹਾ ਹਾਂ। ਤੇਰੀ ਖ਼ਾਤਰ ਆਪਣਾ ਪਿਆਰਾ ਬਾਪ, ਮਾਂ ਅਤੇ ਦੋਨੋਂ ਸੋਹਣੇ ਭਰਾ ਛੱਡ ਕੇ ਆਇਆ ਹਾਂ। ਅਮੀਰੀ ਤਿਆਗ ਕੇ ਫ਼ਕੀਰੀ ਧਾਰਨ ਕੀਤੀ ਏ। ਜ਼ੈਨੀਏਂ! ਮੈਂ ਤੇਰੇ ਪਿਆਰੇ ਬੋਲਾਂ ਲਈ ਸਹਿਕ ਰਿਹਾ ਹਾਂ।" ਸੋਹਣਾ ਤਰਲੇ ਲੈ ਰਿਹਾ ਸੀ।

"ਨਮਕ ਹਰਾਮੀਆ! ਤੇਰੀ ਇਹ ਮਜਾਲ! ਤੈਨੂੰ ਸ਼ਰਮ ਨਹੀਂ ਆਉਂਦੀ ਇਹੋ ਜਿਹੀਆਂ ਗੱਲਾਂ ਕਰਦੇ ਨੂੰ। ਅੱਜ ਡੇਰੇ ਚੱਲ ਕੇ ਤੇਰੀ ਕਰਵਾਉਂਦੀ ਹਾਂ ਜੁੱਤੀਆਂ ਨਾਲ਼ ਮੁਰੰਮਤ ਵੱਡੇ ਆਸ਼ਕ ਦੀ।" ਇਹ ਆਖ ਜ਼ੈਨੀ ਡੇਰੇ ਨੂੰ ਤੁਰ ਪਈ।

ਸੋਹਣੇ ਦੀ ਤਪੱਸਿਆ ਅਜੇ ਪੂਰੀ ਨਹੀਂ ਸੀ ਹੋਈ। ਪ੍ਰੀਤਮ ਦੇ ਦਿਲ ਵਿਚ ਉਪਾਸ਼ਕ ਲਈ ਅਜੇ ਥਾਂ ਨਹੀਂ ਸੀ ਬਣਿਆਂ। ਸੋਹਣਾ ਡਰਦਾ-ਡਰਦਾ ਕਾਫੀ ਹਨ੍ਹੇਰਾ ਹੋਏ 'ਤੇ ਡੇਰੇ ਆਇਆ। ਉਸ ਨੂੰ ਕਿਸੇ ਨੇ ਕੁਝ ਨਾ ਆਖਿਆ। ਜ਼ੈਨੀ ਨੇ ਡੇਰੇ ਆ ਕਿਸੇ ਅੱਗੇ ਗੱਲ ਨਹੀਂ ਸੀ ਕੀਤੀ।

ਕਈ ਮਹੀਨੇ ਹੋਰ ਗੁਜ਼ਰ ਗਏ। ਸੋਹਣਾ ਜ਼ੈਨੀ ਦੇ ਫਿਰਾਕ ਵਿਚ ਤੜਪਦਾ ਰਿਹਾ। ਆਖ਼ਰ ਉਹਦੇ ਸਿਦਕ ਅਤੇ ਮੁਹੱਬਤ ਨੂੰ ਬੂਰ ਪਿਆ। ਇਕ ਦਿਨ ਫੇਰ ਜ਼ੈਨੀ ਸੋਹਣੇ ਨੂੰ ਜੰਗਲ ਵਿਚ ਕੱਲੀ ਟੱਕਰ ਗਈ। ਸੋਹਣੇ ਝੋਲੀ ਅੱਡੀ-ਦਾਨੀ ਆਪ ਮੰਗਤਾ ਬਣ ਗਿਆ:

*ਸੋਹਣੇ ਦਰਦੀ ਹਾਲ ਦਰਦ ਦਾ*
*ਦਰਦੋਂ ਆਖ ਸੁਣਾਇਆ*
*ਲੈ ਸੁਨੇਹਾ ਦਰਦਾਂ ਵਾਲ਼ਾ*
*ਜ਼ੈਨੀ ਦੇ ਵਲ ਆਇਆ*
*ਆਹ ਇਸ਼ਕ ਦੀ ਤੀਰਾਂ ਵਾਂਗੂੰ*
*ਜ਼ਖ਼ਮ ਕੀਤਾ ਵਿਚ ਸੀਨੇ*
*ਨਿਕਲੀ ਆਹ ਜ਼ੈਨੀ ਦੇ ਦਿਲ ਥੀਂ*
*ਰੋਵਣ ਨੈਣ ਨਗ਼ੀਨੇ*
*ਇਸ਼ਕ ਆਸ਼ਕ ਥੀਂ ਮਾਸ਼ੂਕਾ ਵਲ*
*ਆਇਆ ਜ਼ੋਰ ਧਿੰਗਾਣੇ*
*ਚੜ੍ਹੇ ਖ਼ੁਮਾਰ ਸ਼ਰਾਬੋਂ ਵਧ ਕੇ*

*ਨੈਣ ਹੋਏ ਮਸਤਾਨੇ*
*ਸੋਹਣਾ ਇਸ਼ਕ ਸੋਹਣੇ ਦਾ ਲੱਗਾ*
*ਜ਼ੈਨੀ ਕਮਲੀ ਹੋਈ*
*ਮਾਣ, ਗਰੂਰ ਤੇ ਨਖਵਤ ਦਿਲ ਦੇ*
*ਅੰਦਰ ਰਹੀ ਨਾ ਕੋਈ* *(ਜਲਾਲ)*

ਜ਼ੈਨੀ ਹੁਣ ਤਨੋਂ ਮਨੋਂ ਸੋਹਣੇ ਦੀ ਬਣ ਚੁੱਕੀ ਸੀ। ਉਹ ਹੁਣ ਉਹਦੀ ਖਿਦਮਤ ਕਰਦੀ ਨਹੀਂ ਸੀ ਥੱਕਦੀ। ਉਹਦੇ ਰਾਹਾਂ 'ਤੇ ਨਜ਼ਰਾਂ ਵਿਛਾਉਂਦੀ ਨਹੀਂ ਸੀ ਅੱਕਦੀ।

ਕੁਝ ਸਮਾਂ ਸੋਹਣਾ ਤੇ ਜ਼ੈਨੀ ਪਿਆਰ ਮਿਲਣੀਆਂ ਮਾਣਦੇ ਰਹੇ। ਆਖ਼ਰ ਉਨ੍ਹਾਂ ਦੇ ਇਸ਼ਕ ਦੀ ਚਰਚਾ ਡੇਰੇ ਵਿਚ ਛਿੜ ਪਈ। ਉਨ੍ਹਾਂ ਦੀ ਮੁਹੱਬਤ ਨੂੰ ਜੋਗੀਆਂ ਦੇ ਭਾਈਚਾਰੇ ਨੇ ਪ੍ਰਵਾਨ ਨਾ ਕੀਤਾ। ਜ਼ੈਨੀ ਦੀ ਮਾਂ ਨੇ ਵੀ ਉਸ ਨੂੰ ਬਹੁਤੇਰਾ ਸਮਝਾਇਆ ਪਰੰਤੂ ਉਹ ਤਾਂ ਹੁਣ ਸੋਹਣੇ ਲਈ ਜਾਨ ਹਥੇਲੀ 'ਤੇ ਰੱਖੀ ਫਿਰਦੀ ਸੀ:

*ਜਮਣਾ ਤੇ ਮਰਨਾ,*
*ਮੌਤੂੰ ਕਦੇ ਨਾ ਡਰਨਾ,*
*ਅਸਾਂ ਚਿੱਤ ਜੀਵਨ ਤੂੰ ਚਾਏ।*
*ਮੈਨੂੰ ਤੇਰੇ ਸ਼ਰਮ ਦੀ ਲੋੜ ਨਾ ਕੋਈ*
*ਰੱਬ ਸੋਹਣੇ ਤੇ ਮੇਰੀਆਂ ਤੋੜ ਚੜ੍ਹਾਏ*
*ਮੈਨੂੰ ਯਾਰੀ ਨਾ ਯਾਰ ਦੀ ਭੁਲਦੀ ਏ*
*ਭਾਵੇਂ ਕੋਈ ਸੂਲੀ ਤੇ ਜਾਨ ਟਿਕਾਏ* *(ਵੱਲੂ ਰਾਮ ਬਾਜ਼ੀਗਰ)*

ਆਖ਼ਰ ਸਮਰ ਨਾਥ ਨੇ ਸੋਹਣੇ ਨੂੰ ਡੇਰੇ ਵਿਚੋਂ ਕੱਢ ਦਿੱਤਾ। ਸੋਹਣਾ ਆਪਣੇ ਮਹਿਬੂਬ ਦਾ ਪਿੱਛਾ ਕਿਵੇਂ ਛੱਡਦਾ। ਉਹਨੇ ਡੇਰੇ ਦੇ ਬਾਹਰ ਆਪਣਾ ਡੇਰਾ ਜਮਾ ਲਿਆ। ਜੋਗੀਆਂ ਉਹਨੂੰ ਬਹੁਤੇਰਾ ਆਖਿਆ ਕਿ ਉਹ ਓਥੋਂ ਚਲਿਆ ਜਾਵੇ ਪਰੰਤੂ ਉਹ ਆਪਣੇ ਹਠ 'ਤੇ ਅੜਿਆ ਰਿਹਾ।

ਸੋਹਣੇ ਦਾ ਹਠ ਵੇਖ ਕੇ ਜੋਗੀਆਂ ਨੂੰ ਰੋਹ ਤਾਂ ਚੜ੍ਹਨਾ ਹੀ ਸੀ। ਉਹ ਉਸ ਨੂੰ ਜਾਨੋਂ ਮਾਰਨ ਲਈ ਦੌੜੇ ਪਰੰਤੂ ਡੇਰੇ ਦੇ ਬਜ਼ੁਰਗ ਸਮਰ ਨਾਥ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ। ਉਸ ਆਖਿਆ, "ਮੂਰਖ ਨਾ ਬਣੋ, ਆਪਣੇ ਸਿਰ ਖ਼ੂਨ ਪਾ ਕੇ ਡੇਰੇ ਦੀ ਸ਼ਾਨ ਨੂੰ ਵੱਟਾ ਨਾ ਲਾਵੋ। ਇਹਨੂੰ ਜੰਗਲ ਵਿਚ ਕਿਸੇ ਦਰੱਖ਼ਤ ਨਾਲ਼ ਬੰਨ੍ਹ ਦੇਵੋ। ਡੇਰਾ ਚੁੱਕ ਲਵੋ। ਆਪੇ ਪਿੱਛਾ ਛੱਡੇਗਾ।"

ਜੋਗੀ ਰਾਤ ਸਮੇਂ ਸੋਹਣੇ ਨੂੰ ਫੜ ਕੇ ਜੰਗਲ 'ਚ ਲੈ ਗਏ। ਪਹਿਲਾਂ ਤਾਂ ਉਹਦੀ ਖ਼ੂਬ ਕੁਟਾਈ ਕੀਤੀ ਤੇ ਮਗਰੋਂ ਉਹਨੂੰ ਇਕ ਦਰੱਖ਼ਤ ਨਾਲ਼ ਬੰਨ੍ਹ ਦਿੱਤਾ। ਰਾਤੋ ਰਾਤ ਡੇਰਾ ਅਗਾਂਹ ਤੁਰ ਪਿਆ ਪਰੰਤੂ ਦੂਜੀ ਭਲਕ ਕਿਸੇ ਸ਼ਿਕਾਰੀ ਨੇ ਸੋਹਣੇ ਨੂੰ ਦਰੱਖ਼ਤ ਨਾਲੋਂ ਖੋਲ੍ਹ ਦਿੱਤਾ ਤੇ ਉਹ ਡੇਰੇ ਦੀ ਭਾਲ਼ ਵਿਚ ਨੱਸ ਟੁਰਿਆ। ਕਈ ਦਿਨਾਂ ਦੀ ਭਟਕਣਾ ਮਗਰੋਂ ਉਹ ਭੁੱਖਾ ਭਾਣਾ ਡੇਰੇ ਵਿਚ ਜਾ ਪੁੱਜਾ ਤੇ ਆਪਣੀ ਪਿਆਰੀ ਜ਼ੈਨੀ ਨੂੰ ਜਾ ਸਿਜਦਾ ਕੀਤਾ। ਜ਼ੈਨੀ ਵੀ ਉਹਨੂੰ ਵੇਖ ਕੇ ਟਹਿਕ ਪਈ।

ਜੋਗੀਆਂ ਨੂੰ ਹੁਣ ਪੂਰਾ ਯਕੀਨ ਹੋ ਗਿਆ ਸੀ ਕਿ ਸੋਹਣਾ ਜ਼ੈਨੀ ਦਾ ਪਿੱਛਾ ਛੱਡਣ ਵਾਲ਼ਾ ਨਹੀਂ। ਉਸ ਨੂੰ ਮਾਰਨ ਲਈ ਉਨ੍ਹਾਂ ਉਹਦੇ ਸੱਪ ਲੜਾਉਣ ਦੀ ਸਕੀਮ ਸੋਚੀ। ਇਸ ਬਾਰੇ ਚੰਦਾ ਨੇ ਜ਼ੈਨੀ ਨੂੰ ਸਭ ਕੁਝ ਦੱਸ ਦਿੱਤਾ। ਉਹਨੇ ਚੋਰੀ ਸੋਹਣੇ ਨੂੰ ਰੋਟੀ ਵਿਚ ਪਕਾ ਕੇ ਕੋਈ ਜੰਗਲੀ ਬੂਟੀ ਖਲ਼ਾ ਦਿੱਤੀ ਤੇ ਕੁਝ ਬੂਟੀ ਸਰੀਰ 'ਤੇ ਮਲ਼ਣ ਲਈ ਦੇ ਦਿੱਤੀ।

ਜੋਗੀ ਸੋਹਣੇ ਨੂੰ ਦੂਰ ਜੰਗਲ ਵਿਚ ਲੈ ਗਏ ਤੇ ਉਹਦੇ 'ਤੇ ਤੇਲੀਆ ਸੱਪ ਛੱਡ ਦਿੱਤਾ। ਪਰੰਤੂ ਉਸ ਜੰਗਲੀ ਬੂਟੀ ਦੀ ਖ਼ੁਸ਼ਬੋ ਹੀ ਅਜਿਹੀ ਸੀ ਕਿ ਸੱਪ ਉਸ ਦੇ ਨੇੜੇ ਨਾ ਢੁਕਿਆ। ਸੋਹਣੇ ਦੀ ਜਾਨ ਬਚ ਗਈ।

ਹੁਣ ਜੋਗੀ ਜ਼ਹਿਰੀਲੇ ਸੱਪ ਦੀ ਭਾਲ਼ ਵਿਚ ਨਿਕਲ ਤੁਰੇ। ਏਧਰ ਜ਼ੈਨੀ ਦਾ ਬੁਰਾ ਹਾਲ ਹੋ ਰਿਹਾ ਸੀ। ਸੋਹਣੇ ਦੀ ਮੌਤ ਉਹਨੂੰ ਡਰਾਉਂਦੀ ਪਈ ਸੀ, ਪਰ ਸੋਹਣੇ ਨੂੰ ਆਪਣੇ ਸਿਦਕ 'ਤੇ ਮਾਣ ਸੀ, ਭਰੋਸਾ ਸੀ। ਉਹ ਡਰ ਨਹੀਂ ਸੀ ਰਿਹਾ।

ਆਖ਼ਰ ਜੋਗੀ ਇਕ ਅਤਿ ਜ਼ਹਿਰੀਲਾ ਨਾਗ਼ ਕੁਲਮਾਰ ਲੱਭ ਲਿਆਏ। ਹਨ੍ਹੇਰੇ ਗੂੜ੍ਹੇ ਹੋਏ। ਸੋਹਣੇ ਨੂੰ ਡੇਰੇ ਤੋਂ ਬਾਹਰ ਜੰਗਲ ਬੀਆਬਾਨ ਵਿਚ ਲਿਜਾਇਆ ਗਿਆ। ਸਾਰਾ ਡੇਰਾ ਇਕੱਠਾ ਹੋਇਆ ਸੋਹਣੇ ਦੁਆਲੇ ਖਲੋਤਾ ਹੋਇਆ ਸੀ। ਸਿਰਫ਼ ਜ਼ੈਨੀ ਆਪਣੀ ਪੱਖੀ ਵਿਚ ਪਈ ਤੜਪ ਰਹੀ ਸੀ। ਉਹ ਆਪਣੇ ਸੋਹਣੇ ਦੀ ਜਾਨ ਦੀ ਸਲਾਮਤੀ ਲਈ ਸੁੱਖ ਮਨਾ ਰਹੀ ਸੀ।

ਬੀਨਾਂ ਵੱਜੀਆਂ! ਕੁਲਮਾਰ ਨਾਗ਼ ਸੋਹਣੇ 'ਤੇ ਝਪਟ ਕੇ ਪੈ ਗਿਆ, ਕਈਆਂ ਨੇ ਕਸੀਸਾਂ ਵੱਟੀਆਂ। ਨਾਗ਼ ਨੇ ਸੋਹਣੇ ਦੁਆਲ਼ੇ ਵਲ੍ਹੇਟ ਪਾ ਲਏ ਸਨ। ਚੰਦਾ ਵੇਖ ਨਾ ਸਕੀ। ਉਸ ਆਪਣਾ ਮੂੰਹ ਪਰ੍ਹੇ ਘੁਮਾ ਲਿਆ। ਨਾਗ਼ ਦੀ ਜ਼ਹਿਰ ਨਾਲ਼ ਸੋਹਣੇ ਦਾ ਸਰੀਰ ਕਾਲ਼ਾ ਸ਼ਾਹ ਹੋ ਗਿਆ ਤੇ ਉਹ ਬੇਹੋਸ਼ ਹੋ ਕੇ ਧਰਤੀ 'ਤੇ ਨਿਢਾਲ ਪੈ ਗਿਆ! ਜੋਗੀਆਂ ਸਮਝਿਆ ਉਹ ਮਰ ਗਿਆ ਹੈ। ਇਸੇ ਖ਼ੁਸ਼ੀ ਵਿਚ ਉਹ ਡੇਰੇ 'ਤੇ ਆ ਕੇ ਨੱਚਣ ਗਾਉਣ ਲੱਗ ਪਏ।

ਰਾਤ ਕਾਫੀ ਲੰਘ ਚੁੱਕੀ ਸੀ। ਜ਼ੈਨੀ ਚੰਦਾ ਦੀ ਮਦਦ ਨਾਲ਼ ਅਧਮੋਏ ਸੋਹਣੇ ਪਾਸ ਪੁੱਜੀ। ਉਹ ਸਾਰੀ ਰਾਤ ਕਈ ਇਕ ਬੂਟੀਆਂ ਸੋਹਣੇ ਦੇ ਸਰੀਰ 'ਤੇ ਮਲ਼ਦੀ ਰਹੀ। ਬੂਟੀਆਂ ਦੀ ਤਾਸੀਰ ਹੀ ਕੁਝ ਅਜਿਹੀ ਸੀ ਕਿ ਉਹ ਪਹੁ-ਫੁਟਾਲੇ ਤਕ

ਸੁਰਤ ਵਿਚ ਆ ਗਿਆ। ਉਸ ਆਪਣੇ ਆਪ ਨੂੰ ਜ਼ੈਨੀ ਦੀ ਗੋਦੀ ਵਿਚ ਵੇਖਿਆ ਤੇ ਬੋਲਿਆ, "ਜ਼ੈਨੀਏਂ ! ਮੈਂ ਜੰਨਤ ਵਿਚ ਹਾਂ। ਕਿਧਰੇ ਮੈਂ ਸੁਪਨਾ ਤਾਂ ਨਹੀਂ ਵੇਖਦਾ ਪਿਆ!"

"ਸੋਹਣਿਆ ਸ਼ੁਕਰ ਏ ਖ਼ੁਦਾ ਦਾ, ਜਾਨ ਬਚ ਗਈ ਏ। ਵੇਲ਼ਾ ਗੱਲਾਂ ਕਰਨ ਦਾ ਨਹੀਂ। ਚਲ ਹਿੰਮਤ ਤੋਂ ਕੰਮ ਲੈ। ਤੁਰ ਚੱਲ ਕਿਧਰੇ ਵੈਰੀ ਨਾ ਆ ਜਾਣ।"

"ਜ਼ੈਨੀਏ ਜਾ ਪਿੱਛੇ ਮੁੜ ਜਾ, ਉਹ ਤੈਨੂੰ ਨਹੀਂ ਛੱਡਣਗੇ। ਜਾਹ ਰੱਬ ਦੇ ਵਾਸਤੇ ਡੇਰੇ ਨੂੰ ਮੁੜ ਜਾ।" ਸੋਹਣੇ ਨੇ ਆਪਣੇ ਆਪ ਨੂੰ ਸੰਭਾਲਿਆ।

"ਸੋਹਣਿਆ ਬਹੁਤ ਹੋ ਗਈ। ਉਹ ਤੇਰੀ ਰੱਤ ਦੇ ਪਿਆਸੇ ਹਨ, ਤੈਨੂੰ ਜਿਊਂਦੇ ਨੂੰ ਨਹੀਂ ਛੱਡਣਗੇ। ਮੈਂ ਤੇਰੇ ਬਿਨਾਂ ਇਕ ਪਲ ਵੀ ਨਹੀਂ ਜੀ ਸਕਦੀ। ਚਲ ਮੈਨੂੰ ਆਪਣੇ ਦੇਸ ਲੈ ਚੱਲ।"

ਜੋਗੀਆਂ ਦੇ ਡੇਰੇ ਵਿਚੋਂ ਵਜਦੇ ਢੋਲਾਂ ਦੀ ਆਵਾਜ਼ ਆਉਂਦੀ ਪਈ ਸੀ ਤੇ ਉਨ੍ਹਾਂ ਦੇ ਖ਼ੁਸ਼ੀਆਂ ਭਰੇ ਗੀਤਾਂ ਦੇ ਬੋਲ ਹਵਾਵਾਂ ਵਿਚ ਸੁਗੰਧੀ ਬਖੇਰਦੇ ਪਏ ਸਨ। ਏਧਰ ਸੋਹਣਾ ਤੇ ਜ਼ੈਨੀ ਆਪਣੀਆਂ ਬਾਹਵਾਂ ਵਿਚ ਬਾਹਵਾਂ ਪਾਈ ਜ਼ਿੰਦਗੀ ਦੇ ਸਫ਼ਰ 'ਤੇ ਤੁਰੇ ਜਾ ਰਹੇ ਸਨ। ਊਸ਼ਾ ਉਨ੍ਹਾਂ ਦੇ ਸੁਆਗਤ ਵਿਚ ਸੁਨਹਿਰੀ ਕਿਰਨਾਂ ਦਾ ਮੀਂਹ ਵਰਸਾ ਰਹੀ ਸੀ।

•

# ਇੰਦਰ ਬੇਗੋ

'ਇੰਦਰ ਬੇਗੋ' ਲਾਹੌਰ ਦੇ ਇਲਾਕੇ ਦੀ ਹਰਮਨ ਪਿਆਰੀ ਸੱਚੀ ਪ੍ਰੀਤ ਕਥਾ ਹੈ ਜਿਸ ਨੂੰ ਨਰੈਣ ਸਿੰਘ, ਪੂਰਨ ਰਾਮ ਅਤੇ ਛੱਜੂ ਸਿੰਘ ਨੇ ਆਪਣੇ-ਆਪਣੇ ਕਿੱਸਿਆਂ ਵਿਚ ਬੜੇ ਪਿਆਰੇ ਅੰਦਾਜ਼ ਵਿਚ ਬਿਆਨ ਕੀਤਾ ਹੈ। ਇਸ ਕਥਾ ਦੀ ਵਿਸ਼ੇਸ਼ ਖ਼ੂਬੀ ਇਹ ਹੈ ਕਿ ਇਹ ਇਕੋ ਦਿਨ ਵਿਚ ਵਾਪਰਦੀ ਹੈ।

ਲਾਹੌਰ ਦੇ ਲਾਗੇ ਘੁਗ ਵਸਦੇ ਸੱਸਾ ਨਾਮੀ ਪਿੰਡ ਦੇ ਹਿੰਦੂ ਗੁੱਜਰ ਕਿਸ਼ਨ ਸਿੰਘ ਦੀ ਅਲਬੇਲੀ ਧੀ ਬੇਗੋ ਪਿੰਡ ਦੇ ਮਨਚਲੇ ਗੱਭਰੂਆਂ ਦੇ ਸੁਪਨਿਆਂ ਦੀਂ ਰਾਣੀ ਬਣੀ ਹੋਈ ਸੀ। ਮਾਪਿਆਂ ਉਹਨੂੰ ਬੜੇ ਲਾਡ ਨਾਲ਼ ਪਾਲ਼ਿਆ। ਜਿਧਰੋਂ ਵੀ ਬੇਗੋ ਲੰਘਦੀ, ਗੱਭਰੂ ਦਿਲ ਫੜ ਕੇ ਬੈਠ ਜਾਂਦੇ, ਇਕ ਆਹ ਸੀਨਿਓਂ ਪਾਰ ਹੋ ਜਾਂਦੀ। ਉਹਦੀ ਲਟਬੌਰੀ ਚਾਲ, ਉਹਦਾ ਮਘਦਾ ਹੁਸਨ ਗੱਭਰੂਆਂ ਦੇ ਦਿਲਾਂ ਨੂੰ ਧੜਕਾ ਦੇਂਦਾ। ਕਈ ਹੁਸੀਨ ਸੁਪਨੇ ਉਨ੍ਹਾਂ ਦੇ ਮਨਾਂ ਵਿਚ ਉਣੇ ਜਾਂਦੇ। ਹਰ ਕੋਈ ਬੇਗੋ ਦੇ ਹੁਸਨ ਦੀ ਸਿਫ਼ਤ ਕਰਦਾ ਨਾ ਥੱਕਦਾ:

*ਨਾਲ਼ ਮੜਕ ਦੇ ਤੁਰਦੀ ਬੇਗੋ*
*ਤੁਰਦੀ ਜਿਉਂ ਮੁਰਗਾਬੀ*
*ਰੇਬ ਪਜਾਮਾ ਪੱਟੀਂ ਸੋਂਹਦਾ*
*ਪੈਰਾਂ ਵਿਚ ਰਕਾਬੀ*
*ਨਾਲ਼ ਹੁਸਨ ਦੇ ਕਰੇ ਉਜਾਲਾ*
*ਮਚਦੀ ਜਿਵੇਂ ਮਤਾਬੀ*
*ਇਸ਼ਕ ਬਲੀ ਦੀਆਂ ਚੜ੍ਹੀਆਂ ਲੋਰਾਂ*
*ਝੂਲੇ ਵਾਂਗ ਸ਼ਰਾਬੀ*
*ਮੁਖੜਾ ਬੇਗੋ ਦਾ-*
*ਖਿੜਿਆ ਫੁਲ ਗੁਲਾਬੀ*

ਇਕ ਦਿਨ ਬੇਗੋ ਨੂੰ ਫੁਲਕਾਰੀ ਕੱਢਣ ਲਈ ਪੱਟ ਦੀ ਲੋੜ ਪੈ ਗਈ। ਉਹਨੇ ਪਿੰਡ ਦੀਆਂ ਸਾਰੀਆਂ ਹੱਟੀਆਂ ਗਾਹ ਮਾਰੀਆਂ ਪਰ ਉਹਨੂੰ ਪਟ ਕਿਧਰੋਂ ਵੀ ਨਾ ਮਿਲਿਆ। ਕਿਸੇ ਮਨਚਲੀ ਨੇ ਪੱਟ ਲੈਣ ਦੇ ਬਹਾਨੇ ਲਾਹੌਰ ਵੇਖਣ ਲਈ ਰਾਏ

ਦੇ ਦਿੱਤੀ। ਪਲਾਂ ਵਿਚ ਕਈ ਜਵਾਨੀਆਂ ਜੁੜ ਬੈਠੀਆਂ ਤੇ ਨਵੇਂ ਸੌਦੇ ਖਰੀਦਣ ਲਈ ਸੋਚਾਂ ਬਣ ਗਈਆਂ!

*ਤੇਲਣ ਮਤਾਬੀ, ਜੱਟੀ ਬਿਸ਼ਨੀ, ਗੁਲਾਬੀ*
*ਕਾਨ੍ਹੋ, ਕੇਸਰੀ, ਪੰਜਾਬੀ,*
*ਸੱਭੇ ਤਿਆਰ ਹੋ ਕੇ ਆਉਂਦੀਆਂ।*
*ਕਰਮੀ ਕਸੈਣ, ਸੋਭਾ, ਨੰਦ ਕੁਰ ਨੈਣ*
*ਵੀਰੋ, ਫੱਤੀ ਹਲਵੈਣ*
*ਡੋਰੇ ਕਜਲੇ ਦੇ ਪਾਉਂਦੀਆਂ।*
*ਬਾਹਮਣੀ ਬਲਾਸੋ, ਸੈਦਾਂ, ਸੰਤੀ ਤੇ ਆਸੋ*
*ਅੱਲਾ ਦਿੱਤੀ ਵੀ ਮਰਾਸੋ*
*ਗੀਤ ਟੋਲ੍ਹੀ ਬੰਨ੍ਹ ਗਾਉਂਦੀਆਂ।*

*(ਪੂਰਨ ਰਾਮ)*

ਲਗਰਾਂ ਵਰਗੀਆਂ ਮੁਟਿਆਰਾਂ ਰਾਵੀ ਦੇ ਪੱਤਣਾਂ ਨੂੰ ਅੱਗ ਲਾਉਂਦੀਆਂ ਹੋਈਆਂ ਲਾਹੌਰ ਜਾ ਵੜੀਆਂ। ਪੇਂਡੂ ਹੁਸਨ ਝਲਕਾਂ ਮਾਰਦਾ ਪਿਆ ਸੀ- ਗੋਦੜੀ ਦੇ ਲਾਲ ਦਗ ਦਗ ਪਏ ਕਰਦੇ ਸਨ। ਸਾਰੇ ਦਾ ਸਾਰਾ ਬਾਜ਼ਾਰ ਝੂਮਦਾ ਪਿਆ ਸੀ।

ਬਾਣੀਆਂ ਦੇ ਦਿਲ ਧੂੰਹਦੀ ਇਹ ਟੋਲੀ ਇੰਦਰ ਬਜਾਜ਼ ਦੀ ਹੱਟੀ 'ਤੇ ਜਾ ਪੁੱਜੀ। ਇੰਦਰ ਨੇ ਬੇਗੋ ਦਾ ਟਹਿਕਦਾ ਮੁਖੜਾ ਤੱਕਿਆ- ਉਹ ਬੇਗੋ ਦਾ ਹੋ ਗਿਆ:

*ਦੇਖਿਆ ਸਰੂਪ ਜਦੋਂ ਬੇਗੋ ਨਾਰ ਦਾ*
*ਭੁੱਲ ਗਿਆ ਸੌਦਾ ਦਿਲ 'ਚ ਵਿਚਾਰਦਾ*
*ਆਖਦਾ ਇੰਦਰ ਏਸ ਦਾ ਕੀ ਨਾਮ ਨੀ*
*ਕੀਹਦੇ ਘਰ ਉੱਤਰੀ ਉਤਾਰ ਕਾਮਨੀ*
*ਨਾਰੀਆਂ ਕਹਿਣ, "ਦੱਸੀਏ ਜੇ ਨਾਮ ਵੇ*
*ਫੇਰ ਕੀ ਤੂੰ ਸੌਦਾ ਦੇਵੇਂ ਬਿਨਾ ਦਾਮ ਵੇ।"*
*"ਬੈਠੀ ਜੋ ਵਿਚਾਲੇ ਇਹਦਾ ਦੱਸੋ ਨਾਮ ਨੀ*
*ਸੌਦਾ ਲੈ ਲੋ ਕੋਈ ਮੰਗਦਾ ਨੀ ਦਾਮ ਨੀ।"*
*"ਬੇਗੋ" ਇਹਦਾ ਨਾਮ ਸਾਰੀਆਂ ਨੇ ਦੱਸਿਆ*
*ਸੁਣ ਕੇ ਇੰਦਰ ਖਿੜਖਿੜ ਹੱਸਿਆ*
*ਕੇਰਾਂ ਆਖ ਦੇਵੇ ਬੇਗੋ ਮੁੱਖੋਂ ਬੋਲ ਕੇ*
*ਜਿਹੜੀ ਚੀਜ਼ ਮੰਗੋ ਸੋਈ ਦੇਵਾਂ ਤੋਲ ਕੇ*

*(ਪੂਰਨ ਰਾਮ)*

ਇੰਦਰ ਦੀ ਦੁਕਾਨ ਮੁਟਿਆਰ ਹਾਸਿਆਂ ਨਾਲ਼ ਛਣਕ ਰਹੀ ਸੀ। ਮੁਟਿਆਰਾਂ ਹਸ-ਹਸ ਦੂਹਰੀਆਂ ਹੋ ਰਹੀਆਂ ਸਨ ਪਰੰਤੂ ਬੇਗੋ ਸ਼ਰਮਾਂਦੀ ਪਈ ਸੀ, ਸੰਗੜਦੀ ਪਈ ਜਾਂਦੀ ਸੀ।

"ਅੜਿਆ ਆਖ ਦੇ ਖਾਂ, ਤੇਰਾ ਕਿਹੜਾ ਮੁਲ ਲਗਦੈ।" ਕੇਸਰੀ ਦੀ ਨੀਤ ਟਾਸੇ ਦੇ ਥਾਨ 'ਤੇ ਫਿਟੀ ਪਈ ਸੀ।

"ਮੇਰੇ ਵਲੋਂ ਤਾਂ ਬਾਣੀਆਂ ਸਾਰੀ ਦੁਕਾਨ ਲੁਟਾ ਦੇਵੇ, ਮੈਨੂੰ ਕੀ!"

ਬੇਗੋ ਦੇ ਸ਼ਹਿਦ ਜਹੇ ਮਿੱਠੇ ਬੋਲ ਇੰਦਰ ਦੇ ਕੰਨੀਂ ਪਏ। ਉਹ ਮੁਸਕਰਾਇਆ ਤੇ ਸਾਰੀ ਦੁਕਾਨ ਮੁਟਿਆਰਾਂ ਦੇ ਹਵਾਲੇ ਕਰ ਦਿੱਤੀ। ਉਹ ਬਿਨਾਂ ਦਾਮਾਂ ਤੋਂ ਆਪਣੀ ਮਰਜ਼ੀ ਦਾ ਕਪੜਾ ਲੈ ਰਹੀਆਂ ਸਨ। ਇੰਦਰ ਤਾਂ ਆਪਣੇ ਪਿਆਰੇ ਦੇ ਬੋਲ ਪੁਗਾ ਰਿਹਾ ਸੀ। ਸਾਰਾ ਬਾਜ਼ਾਰ ਏਸ ਜਨੂੰਨੀ ਆਸ਼ਕ ਵਲ ਤੱਕ-ਤੱਕ ਮੁਸਕਰਾਂਦਾ ਪਿਆ ਸੀ, ਟਿੱਚਰਾਂ ਪਿਆ ਕਰਦਾ ਸੀ।

"ਮੈਨੂੰ ਕਿਸੇ ਦੀ ਕੋਈ ਪਰਵਾਹ ਨਹੀਂ। ਤੁਸੀਂ ਥਾਨ ਪਰਖਦੇ ਹੋ, ਬੇਗੋ ਇਕ ਵਾਰੀ ਆਖੇ ਸਹੀ ਮੈਂ ਇਹਦੇ ਵੇਖਦੇ-ਵੇਖਦੇ ਆਪਣੀ ਦੁਕਾਨ ਫੂਕ ਸਕਦਾ ਹਾਂ...!" ਨਫ਼ਾਖੋਰ ਬਾਣੀਆਂ ਸੱਚਮੁਚ ਹੀ ਇਸ਼ਕ ਦਾ ਵਿਓਪਾਰ ਕਰਨ ਲਈ ਉਤਾਵਲਾ ਹੋ ਉੱਠਿਆ ਸੀ।

ਖੁੱਲ੍ਹੇ ਡੁੱਲ੍ਹੇ ਪੇਂਡੂ ਵਾਤਾਵਰਣ ਵਿਚ ਪਲ਼ੀਆਂ ਅੱਲੜ੍ਹ ਮੁਟਿਆਰਾਂ ਭਲਾ ਕਦੋਂ ਵਾਰ ਖਾਲੀ ਜਾਣ ਦੇਂਦੀਆਂ ਨੇ। ਉਨ੍ਹਾਂ ਝਟ ਬੇਗੋ ਦੇ ਮੂੰਹੋਂ ਇਹ ਗੱਲ ਵੀ ਅਖਵਾ ਲਈ:

*ਸੁਹਣੇ ਜਹੇ ਮੁਖ ਵਿਚੋਂ ਆਖਿਆ ਮਜਾਜ਼ ਨਾਲ*
*ਫੂਕੇ ਭਾਵੇਂ ਰੱਖੇ ਮੈਂ ਕੀ ਏਸ ਨੂੰ ਹਟਾਉਣਾ*
*ਏਹੋ ਜਿਹਾ ਕਾਹਲਾ ਅੱਗ ਲਾਵੇ ਹੁਣੇ ਖੜੀਆਂ ਤੋਂ*
*ਆਖ ਕੇ ਤੇ ਮੈਂ ਕਾਹਨੂੰ ਮੁਖੜਾ ਥਕਾਉਣਾ*
*ਦੇਖਾਂਗੇ ਤਮਾਸ਼ਾ ਜੇ ਤਾਂ ਅੱਗ ਲਾਊ ਹੱਟੀ ਤਾਈਂ*
*ਇਹੋ ਜਹੇ ਲੁੱਚੇ ਨੇ ਕੀ ਇਸ਼ਕ ਕਮਾਉਣਾ*
*ਕਰਦਾ ਮਖ਼ੌਲ ਘੰਟਾ ਹੋ ਗਿਆ ਨਰੈਣ ਸਿੰਘਾ*
*ਚਲੋ ਭੈਣੋ ਚੱਲੋ ਕਾਹਨੂੰ ਮਗਜ਼ ਖਪਾਉਣਾ* *(ਨਰੈਣ ਸਿੰਘ)*

ਇੰਦਰ ਨੇ ਅੱਖ ਨਾ ਝਮਕਣ ਦਿੱਤੀ। ਮਿੱਟੀ ਦੇ ਤੇਲ ਦੇ ਕਈ ਪੀਪੇ ਉਹਨੇ ਦੁਕਾਨ ਵਿਚ ਮਧਿਆ ਦਿੱਤੇ ਤੇ ਲੋਕਾਂ ਦੇ ਰੋਕਦੇ-ਰੋਕਦੇ ਦੁਕਾਨ ਨੂੰ ਅੱਗ ਲਾ

ਦਿੱਤੀ। ਲਾਟਾਂ ਅਸਮਾਨਾਂ ਨੂੰ ਛੂਹਣ ਲੱਗੀਆਂ।

ਮੁਟਿਆਰਾਂ ਦੀ ਟੋਲੀ ਸਹਿਮੀ-ਸਹਿਮੀ, ਘਬਰਾਈ-ਘਬਰਾਈ ਉਥੋਂ ਖਿਸਕ ਤੁਰੀ! ਉਹ ਇਹ ਨਹੀਂ ਸਨ ਜਾਣਦੀਆਂ ਕਿ ਉਨ੍ਹਾਂ ਦਾ ਨਿੱਕਾ ਜਿਹਾ ਮਖ਼ੌਲ ਇਹ ਕੁਝ ਕਰ ਗੁਜ਼ਰੇਗਾ।

ਸਾਰਾ ਬਾਜ਼ਾਰ ਅੱਗ ਬੁਝਾਉਣ ਵਿਚ ਰੁਝਿਆ ਹੋਇਆ ਸੀ। ਏਧਰ ਇੰਦਰ ਬੇਗੋ ਨੂੰ ਲਭਦਾ ਪਿਆ ਸੀ। ਉਹ ਕਿਧਰੇ ਨਜ਼ਰ ਨਹੀਂ ਸੀ ਆਂਦੀ ਪਈ। ਉਹ ਤਾਂ ਉਹਦਾ ਸਭ ਕੁਝ ਖਸ ਕੇ ਲੈ ਗਈ ਸੀ। ਉਹ ਪਾਗ਼ਲਾਂ ਵਾਂਗ ਬੇਗੋ-ਬੇਗੋ ਕੂਕਦਾ ਬੇਗੋ ਦੀ ਭਾਲ਼ ਵਿਚ ਨਸ ਟੁਰਿਆ।

ਬੇਗੋ ਹੋਰੀਂ ਆਪਣੇ ਪਿੰਡ ਨੂੰ ਮੁੜ ਆਈਆਂ। ਇੰਦਰ ਹਾਲੋਂ-ਬੇਹਾਲ ਹੋਇਆ ਉਨ੍ਹਾਂ ਦੇ ਮਗਰ ਰਾਵੀ ਦੇ ਪੁਲ 'ਤੇ ਜਾ ਪੁੱਜਾ। ਉਸ ਬੇਗੋ ਅੱਗੇ ਜਾ ਝੋਲੀ ਅੱਡੀ, "ਬੇਗੋ ਤੂੰ ਮੈਨੂੰ ਛੱਡ ਕੇ ਕਿੱਧਰ ਨੂੰ ਟੁਰ ਪਈ ਸੈਂ! ਮੈਂ ਤੇਰੇ ਬਿਨਾਂ ਕੱਲਾ ਕਿਵੇਂ ਰਹਿ ਸਕਦਾ ਹਾਂ। ਮੈਂ ਹੁਣ ਤੇਰੇ ਨਾਲ਼ ਹੀ ਚੱਲਾਂਗਾ, ਤੇਰੀ ਚਾਕਰੀ ਕਰਾਂਗਾ।"

ਮੁਟਿਆਰਾਂ ਨੂੰ ਹੁਣ ਖਹਿੜਾ ਛੁਡਾਉਣਾ ਔਖਾ ਹੋ ਗਿਆ ਸੀ।

"ਇੰਦਰਾ ਪਿਛਾਂਹ ਮੁੜ ਜਾ, ਸਾਡੇ ਮਗਰ ਨਾ ਆਈਂ। ਬੇਗੋ ਦੇ ਬਾਪ ਨੂੰ ਤੂੰ ਨਹੀਂ ਜਾਣਦਾ- ਤੇਰੇ ਟੋਟੇ-ਟੋਟੇ ਕਰ ਕੇ ਉਹਨੇ ਸਾਹ ਲੈਣੈ!" ਬਲਾਸੋ ਨੇ ਡਰਾਵਾ ਦਿੱਤਾ।

ਪਰੰਤੂ ਇੰਦਰ ਤਾਂ ਆਪਣੇ ਆਪ ਨੂੰ ਬੇਗੋ ਦੇ ਹਵਾਲੇ ਕਰ ਚੁੱਕਾ ਸੀ। ਇਕ ਬੇਗੋ ਸੀ ਜੀਹਦੇ ਹਿਰਦੇ ਵਿਚ ਇੰਦਰ ਲਈ ਕਣੀ ਮਾਤਰ ਵੀ ਪ੍ਰੇਮ ਨਹੀਂ ਸੀ ਜਾਗਿਆ। ਇਕ ਇੰਦਰ ਸੀ ਜਿਹੜਾ ਬੇਗੋ ਲਈ ਸੱਭੇ ਤਸੀਹੇ ਝੱਲਣ ਲਈ ਤਿਆਰ ਸੀ:

*ਬੇਗੋ ਮਾਰੇ ਜੁੱਤੀਆਂ, ਫੁੱਲਾਂ ਦੇ ਸਮਾਨ ਜਾਣੂੰ*
*ਬੇਗੋ ਤਨ ਚਾਹੇ ਮੇਰਾ, ਆਰੇ ਨਾਲ਼ ਚੀਰ ਦੇ।*
*ਮਹੀਂਵਾਲ ਸੋਹਣੀ ਪਿੱਛੇ, ਮਹੀਂਵਾਲ ਬਣਿਆ ਸੀ*
*ਕੰਨ ਪੜਵਾਏ ਰਾਂਝੇ, ਪਿੱਛੇ ਜੱਟੀ ਹੀਰ ਦੇ।*
*ਲੁਹਾਰ ਫਰਿਹਾਦ, ਤੇਸਾ ਮਾਰ ਮੋਇਆ ਪੇਟ ਵਿਚ*
*ਰੁੜ੍ਹੀ ਆਵੇ ਲੋਥ, ਵਿਚ ਨਹਿਰ ਵਾਲ਼ੇ ਨੀਰ ਦੇ।*
*ਬੇਗੋ ਨਾਲ਼ ਜਾਊਂ, ਕਹੇ ਇੰਦਰ ਨਰੈਣ ਸਿੰਘਾ*
*ਟੋਟੇ ਟੋਟੇ ਕਰ ਚਾਹੇ ਸੁੰਦਰ ਸਰੀਰ ਦੇ।* *(ਨਰੈਣ ਸਿੰਘ)*

ਡੁੱਬ ਰਹੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਲਹਿਲਹਾਉਂਦੇ ਪਾਣੀ ਵਿਚ ਕੇਸਰ ਘੋਲ ਰਹੀਆਂ ਸਨ। ਚਹਿਚਹਾਂਦੇ ਪੰਛੀ ਆਪਣੇ ਰੈਣ ਬਸੇਰਿਆਂ ਨੂੰ ਪਰਤ ਰਹੇ

ਸਨ। ਮਨਚਲੀਆਂ ਮੁਟਿਆਰਾਂ ਦੀ ਇਹ ਟੋਲੀ ਇਕ ਅਨੋਖੀ ਉਲਝਣ ਵਿਚ ਫਸੀ ਖੜ੍ਹੀ ਸੀ। ਲਟ-ਲਟ ਜਲ ਰਹੀ ਹੱਟੀ ਦੇ ਚੰਗਿਆੜੇ ਅਜੇ ਵੀ ਉਨ੍ਹਾਂ ਦੇ ਕੰਨਾਂ ਵਿਚ ਚਿੜ-ਚਿੜ ਕਰ ਰਹੇ ਸਨ। ਹਜ਼ਾਰਾਂ ਦੀ ਹੱਟੀ ਦਾ ਮਾਲਕ ਕੰਗਾਲ ਹੋਇਆ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੁਸਨ ਦੀ ਹੱਟੀ ਤੋਂ ਖ਼ੈਰਾਤ ਮੰਗ ਰਿਹਾ ਸੀ। ਬੇਗੋ ਦੀ ਮਾਨਸਿਕ ਹਾਲਤ ਡੱਕੋ ਡੋਲੇ ਖਾਂਦੀ ਪਈ ਸੀ। ਉਹਦੇ ਬਾਪ ਦੀਆਂ ਰੋਹ ਭਰੀਆਂ ਅੱਖਾਂ ਉਹਨੂੰ ਘੂਰਦੀਆਂ ਜਾਪਦੀਆਂ ਸਨ।

"ਬੇਗੋ ਮੇਰੀ ਜ਼ਿੰਦਗੀ ਏ, ਮੈਂ ਇਹਦਾ ਪਿੱਛਾ ਨਹੀਂ ਛੱਡਾਂਗਾ। ਇਹਦੇ ਨਾਲ਼ ਈ ਜਾਵਾਂਗਾ। ਇਹਦੇ ਲਈ ਹਰ ਕੁਰਬਾਨੀ ਕਰਾਂਗਾ। ਜੇ ਇਹ ਹੁਣੇ ਆਖੇ, ਮੈਂ ਇਹਦੇ ਸਾਹਮਣੇ ਰਾਵੀ ਵਿਚ ਛਾਲ਼ ਮਾਰ ਦਿਆਂਗਾ। ਬੇਗੋ ਆਖੇ ਤਾਂ ਸਹੀ...।" ਇੰਦਰ ਨੇ ਦਰਿਆ ਦੇ ਠਾਠਾਂ ਮਾਰਦੇ ਪਾਣੀ ਵਲ ਇਸ਼ਾਰਾ ਕਰਕੇ ਕਿਹਾ।

"ਮੇਰੇ ਵਲੋਂ ਤਾਂ ਕਲ੍ਹ ਨੂੰ ਮਰਦਾ ਅੱਜੋ ਡੁੱਬ ਮਰ। ਮੈਂ ਤੈਨੂੰ ਕਦੋਂ ਰੋਕਦੀ ਆਂ।" ਗੁੱਸੇ ਨਾਲ਼ ਬੇਗੋ ਦਾ ਮੁਖੜਾ ਸੂਹਾ ਗੁਲਾਬ ਹੋ ਗਿਆ ਸੀ।

ਬੇਗੋ ਦੇ ਮੁੱਖੋਂ ਇਹ ਬੋਲ ਨਿਕਲਣ ਦੀ ਦੇਰ ਸੀ ਕਿ ਇੰਦਰ ਨੇ ਝੱਟ ਰਾਵੀ ਦਰਿਆ ਵਿਚ ਛਾਲ਼ ਮਾਰ ਦਿੱਤੀ।

ਆਹ! ਬੇਗੋ ਦੇ ਬੋਲਾਂ 'ਤੇ ਇੰਦਰ ਨੇ ਜਾਨ ਕੁਰਬਾਨ ਕਰ ਦਿੱਤੀ। ਬੇਗੋ ਝੰਜੋੜੀ ਗਈ। ਇਕ ਪਲ ਉਹ ਅਹਿਲ ਖੜੀ ਰਾਵੀ ਦੀਆਂ ਘੁੰਮਣ ਘੇਰੀਆਂ ਵਲ ਤਕਦੀ ਰਹੀ, ਤਕਦੀ ਰਹੀ। ਉਸ ਦੀ ਤੱਕਣੀ ਵਿਚ ਪਛਤਾਵਾ ਸੀ, ਤੜਪ ਸੀ, ਆਪਣੇ ਪਿਆਰੇ ਲਈ ਜਿੰਦੜੀ ਘੋਲ ਘੁਮਾਵਣ ਦੀ ਲਾਲਸਾ ਸੀ।

ਬੇਗੋ ਦੀਆਂ ਸਹੇਲੀਆਂ ਨੇ ਤੱਕਿਆ, ਬੇਗੋ ਉਨ੍ਹਾਂ ਦੇ ਵਿਚਕਾਰ ਨਹੀਂ ਸੀ। ਉਹ ਤਾਂ ਰਾਵੀ ਦੀਆਂ ਖ਼ੂਨੀ ਲਹਿਰਾਂ ਵਿਚਕਾਰ ਆਪਣੇ ਪਿਆਰੇ ਇੰਦਰ ਨੂੰ ਲੱਭ ਰਹੀ ਸੀ। ਖ਼ੂਨੀ ਦਰਿਆ ਦੀ ਇਕ ਲਹਿਰ ਉਹਨੂੰ ਵੀ ਆਪਣੇ ਨਾਲ਼ ਹੀ ਰੋਹੜ ਕੇ ਲੈ ਗਈ। ਦੋ ਲੋਥਾਂ 'ਕੱਠੀਆਂ ਵਹਿ ਰਹੀਆਂ ਸਨ।

ਮੁਟਿਆਰਾਂ ਉਦਾਸ-ਉਦਾਸ ਆਪਣੇ ਪਿੰਡ ਨੂੰ ਪਰਤ ਆਈਆਂ। ਉਹ ਸੋਚਦੀਆਂ ਪਈਆਂ ਸਨ ਕਿ ਕਿਹੜੇ ਮੂੰਹ ਨਾਲ਼ ਬੇਗੋ ਦੇ ਮਾਪਿਆਂ ਦੇ ਮੱਥੇ ਲੱਗਣਗੀਆਂ।

ਇਸ ਪ੍ਰੀਤ ਕਹਾਣੀ ਨੂੰ ਵਾਪਰਿਆਂ ਭਾਵੇਂ ਇਕ ਸਦੀ ਤੋਂ ਵੱਧ ਸਮਾਂ ਬੀਤ ਗਿਆ ਹੈ ਪਰੰਤੂ ਇਸ ਦੀ ਅਮਿਟ ਪਿਆਰ ਛੁਹ ਅੱਜ ਵੀ ਪੰਜਾਬ ਦੇ ਲੋਕ ਮਾਨਸ ਦੇ ਹਿਰਦਿਆਂ ਨੂੰ ਠਾਰ ਰਹੀ ਹੈ। ਉਹ ਇੰਦਰ ਬੇਗੋ ਦੇ ਕਿੱਸੇ ਨੂੰ ਲਟਕਾਂ ਨਾਲ਼ ਗਾ ਕੇ ਆਨੰਦ ਮਾਣਦੇ ਹਨ!

•

# ਰੋੜਾ ਜਲਾਲੀ

'ਰੋੜਾ ਜਲਾਲੀ' ਦਿਲ ਹੂਲਵੀਂ ਪਾਕ ਮੁਹੱਬਤ ਦੀ ਲੋਕ ਗਾਥਾ ਹੈ। ਸਤਾਰ੍ਹਵੀਂ ਸਦੀ ਦੇ ਅੰਤ ਵਿਚ ਇਹ ਵਾਰਤਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਪਿੰਡ ਲਾਲ ਸਿੰਙੀ ਵਿਖੇ ਵਾਪਰੀ। ਕਿਸ਼ੋਰ ਚੰਦ ਅਤੇ ਬੂਟਾ ਗੁਜਰਾਤੀ ਨੇ ਇਸ ਬਾਰੇ ਦੋ ਕਿੱਸੇ ਜੋੜੇ ਹਨ। ਇਨ੍ਹਾਂ ਕਿੱਸਿਆਂ ਤੋਂ ਇਲਾਵਾ ਰੋੜਾ ਜਲਾਲੀ ਬਾਰੇ ਪੰਜਾਬ ਦੀਆਂ ਸੁਆਣੀਆਂ ਲੋਕ ਗੀਤ ਵੀ ਗਾਉਂਦੀਆਂ ਹਨ।

ਬਲਖ ਬੁਖ਼ਾਰੇ ਦਾ ਜੰਮਪਲ ਆਪਣੀ ਮਾਂ ਦੀ ਮੌਤ ਦੇ ਵੈਰਾਗ ਵਿਚ ਫ਼ਕੀਰ ਬਣਿਆਂ ਰੋੜਾ ਪਾਕਪਟਣੋਂ ਹੁੰਦਾ ਹੋਇਆ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ 'ਲਾਲ ਸਿੰਙੀ' ਆਣ ਪੁੱਜਾ। ਪਿੰਡ ਤੋਂ ਅੱਧ ਕੁ ਮੀਲ ਦੀ ਦੂਰੀ 'ਤੇ ਪੂਰਬ ਵੱਲ ਦੇ ਪਾਸੇ ਸੁਹਾਂ ਨਦੀ ਦੇ ਕੰਢੇ ਇਕ ਸ਼ਾਨਦਾਰ ਬਾਗ਼ ਸੀ। ਉਸ ਬਾਗ਼ ਵਿਚ ਇਸ ਫ਼ਕੀਰ ਨੇ ਜਾ ਡੇਰੇ ਲਾਏ।

ਫ਼ਕੀਰ ਇੱਕੀ ਬਾਈ ਵਰ੍ਹੇ ਦਾ ਸੁਨੱਖਾ ਜੁਆਨ ਸੀ। ਗੇਰੂਏ ਕੱਪੜੇ ਉਹਦੇ ਸਿਓ ਜਹੇ ਦਗ਼-ਦਗ਼ ਕਰਦੇ ਸਰੀਰ 'ਤੇ ਬਣ-ਬਣ ਪੈਂਦੇ ਸਨ। ਰੂਪ ਉਹਦਾ ਝੱਲਿਆ ਨਹੀਂ ਸੀ ਜਾਂਦਾ। ਇਕ ਅਨੋਖਾ ਜਲਾਲ ਉਹਦੇ ਮਸਤਕ 'ਤੇ ਟਪਕ ਰਿਹਾ ਸੀ, ਅੱਖੀਆਂ ਰੱਜ-ਰੱਜ ਜਾਂਦੀਆਂ ਸਨ।

ਪਿੰਡ ਵਿਚ ਫ਼ਕੀਰ ਦੀ ਆਮਦ ਦੀ ਚਰਚਾ ਸ਼ੁਰੂ ਹੋ ਗਈ, ਨਵੇਂ ਸ਼ਰਧਾਲੂ ਪੈਦਾ ਹੋ ਗਏ। ਬੜੀਆਂ ਪਿਆਰੀਆਂ ਕਰਾਮਾਤੀ ਕਥਾਵਾਂ ਉਸ ਬਾਰੇ ਘੜੀਆਂ ਜਾਣ ਲੱਗੀਆਂ- ਕਿਸੇ ਦੀ ਮੱਝ ਗੁਆਚ ਗਈ, ਰੋੜੇ ਮੰਤਰ ਪੜ੍ਹਿਆ, ਮੱਝ ਆਪਣੇ ਆਪ ਅਗਲੇ ਦੇ ਕੀਲੇ ਜਾ ਖੜ੍ਹੀ। ਕਿਸੇ ਦੀ ਗਊ ਨੇ ਦੁੱਧ ਨਾ ਦਿੱਤਾ, ਫ਼ਕੀਰ ਨੇ ਪੇੜਾ ਕੀਤਾ, ਗਊ ਧਾਰੀਂ ਪੈ ਗਈ। ਕਿਸੇ ਦਾ ਜੁਆਕ ਢਿੱਲਾ ਮੱਠਾ ਹੋ ਗਿਆ, ਰੋੜੇ ਝਾੜਾ ਝਾੜਿਆ, ਮੁੰਡਾ ਨੌਂ-ਬਰ-ਨੌਂ। ਇਸ ਪ੍ਰਕਾਰ ਰੋੜੇ ਫ਼ਕੀਰ ਦੀ ਮਹਿਮਾ ਘਰ ਘਰ ਹੋਣ ਲੱਗ ਪਈ। ਪਿੰਡ ਦੇ ਲੋਕੀਂ ਅਪਾਰ ਸ਼ਰਧਾ ਨਾਲ਼ ਰੋੜੇ ਨੂੰ ਪੂਜਣ ਲੱਗੇ। ਮਾਈਆਂ ਬਣ ਸੰਵਰ ਕੇ ਸੰਤਾਂ ਦੇ ਦਰਸ਼ਨਾਂ ਨੂੰ ਜਾਂਦੀਆਂ। ਆਪਣੇ ਮਨ ਦੀਆਂ ਮੁਰਾਦਾਂ ਲਈ ਰੋੜੇ ਪਾਸੋਂ ਅਸੀਸਾਂ ਮੰਗਦੀਆਂ, ਆਪਣੇ ਦੁਖ-ਸੁਖ ਫੋਲਦੀਆਂ। ਰੋੜਾ ਬੜੇ ਧਿਆਨ ਨਾਲ਼ ਸੁਣਦਾ, ਸ਼ਹਿਦ ਜਿਹੇ ਮਿੱਠੇ ਬੋਲ ਬੋਲਦਾ, ਸਾਰਿਆਂ ਦੇ ਦਿਲ ਮੋਹੇ ਜਾਂਦੇ।

ਇਸੇ ਪਿੰਡ ਦੇ ਲੁਹਾਰਾਂ ਦੀ ਧੀ ਜਲਾਲੀ ਦੇ ਰੂਪ ਦੀ ਬੜੀ ਚਰਚਾ ਸੀ। ਕੋਈ ਗੱਭਰੂ ਅਜੇ ਤੀਕ ਉਹਨੂੰ ਜਚਿਆ ਨਹੀਂ ਸੀ, ਕਿਸੇ ਨੂੰ ਵੀ ਉਹ ਆਪਣੇ ਨੱਕ ਥੱਲੇ ਨਹੀਂ ਸੀ ਲਿਆਉਂਦੀ। ਸਾਰੇ ਜਲਾਲੀ ਨੂੰ ਪਿੰਡ ਦਾ ਸ਼ਿਗਾਰ ਸੱਦਦੇ ਸਨ, ਪਹਾੜਾਂ ਦੀ ਪਰੀ ਨਾਲ਼ ਤੁਲਨਾ ਦੇਂਦੇ ਸਨ:

*ਜਲਾਲੀਏ ਲੁਹਾਰੀਏ ਨੀ*
*ਕੀ ਤੂੰ ਪਰੀ ਪਹਾੜ ਦੀ*
*ਕੀ ਅਸਮਾਨੀ ਹੂਰ*
*ਸੁਹਣੀ ਦਿੱਸੇਂ ਫੁਲ ਵਾਂਗ*
*ਤੈਥੋਂ ਮੈਲ਼ ਰਹੀ ਏ ਦੂਰ*
*ਤੈਨੂੰ ਵੇਖਣ ਆਉਂਦੇ*
*ਹੋ ਹੋ ਜਾਂਦੇ ਚੂਰ*
*ਤਾਬ ਨਾ ਕੋਈ ਝੱਲਦਾ*
*ਤੇਰਾ ਏਡਾ ਚਮਕੇ ਨੂਰ*
*ਘਰ ਲੁਹਾਰਾਂ ਜੰਮੀਓਂ*
*ਜਿਵੇਂ ਕੱਲਰ ਉੱਗਾ ਰੁੱਖ*
*ਜੀਵਨ ਤੈਨੂੰ ਵੇਖ ਕੇ*
*ਤੇ ਭੁੱਲਣ ਸਾਰੇ ਦੁੱਖ*
*ਫਟਕਣ ਪੰਛੀ ਵੇਖ ਕੇ*
*ਤੇਰਾ ਸੁਹਣਾ ਮੁੱਖ*
*ਜੇ ਵੇਖੇ ਵਿਚ ਸੁਹਾਂ ਦੇ*
*ਤੇਰੀ ਵੀ ਲਹਿਜੇ ਭੁੱਖ*

ਜਲਾਲੀ ਨੇ ਵੀ ਰੋਡੇ ਫ਼ਕੀਰ ਦੀ ਮਹਿਮਾ ਸੁਣੀ। ਉਹ ਇਕ ਦਿਨ ਆਪਣੀਆਂ ਸਹੇਲੀਆਂ ਨਾਲ਼ ਬਾਗ਼ ਵਿਚ ਜਾ ਪੁੱਜੀ। ਰੋਡਾ ਸਮਾਧੀ ਲਾਈ ਸਿਮਰਨ ਕਰ ਰਿਹਾ ਸੀ। ਸਾਰੀਆਂ ਨਮਸਕਾਰ ਕਰਕੇ ਬੈਠ ਗਈਆਂ। ਰੋਡੇ ਅੱਖ ਨਾ ਝਮਕੀ, ਬਸ ਮਸਤ ਰਿਹਾ।

ਜਲਾਲੀ ਸਿਮਰਨ ਕਰੇਂਦੇ ਰੋਡੇ ਵੱਲ ਤੱਕਦੀ ਰਹੀ, ਮੁਸਕਾਨਾਂ ਬਖੇਰਦੀ ਰਹੀ। ਕੋਈ ਰਾਂਗਲਾ ਸੁਪਨਾ ਉਹਨੂੰ ਸਾਕਾਰ ਹੁੰਦਾ ਜਾਪਿਆ। ਹੁਸਨ ਦਾ ਬੁੱਤ ਬਣਿਆਂ ਰੋਡਾ ਜਲਾਲੀ ਦੇ ਧੁਰ ਅੰਦਰ ਦਿਲ ਵਿਚ ਲਹਿ ਗਿਆ। ਜਲਾਲੀ ਆਪਣੇ ਆਪ ਮੁਸਕਰਾਈ। ਉਹ ਸਾਰੀਆਂ ਜਾਣ ਲਈ ਖੜੋ ਗਈਆਂ। ਰੋਡੇ ਅੱਖ ਖੋਲ੍ਹੀ, ਸਾਹਮਣੇ ਜਲਾਲੀ ਹੱਥ ਜੋੜੀ ਖੜ੍ਹੀ ਸੀ।

ਗੁਲਾਬ ਦੇ ਫੁਲ ਵਾਂਗ ਖਿੜਿਆ ਜਲਾਲੀ ਦਾ ਪਿਆਰਾ ਮੁੱਖੜਾ ਰੋਡੇ ਦੀ ਬਿਰਤੀ ਉਖੇੜ ਗਿਆ। ਰੋਡਾ ਸੁਆਦ-ਸੁਆਦ ਹੋ ਗਿਆ। ਸਾਰੀ ਰਾਤ ਜਲਾਲੀ ਰੋਡੇ ਵਿਚ ਖੋਈ ਰਹੀ। ਸਵੇਰ ਹੁੰਦੇ ਸਾਰ ਹੀ ਉਸ ਬਾਗ਼ ਵਿਚ ਆ ਰੋਡੇ ਨੂੰ ਸਿਜਦਾ ਕੀਤਾ। ਹੁਸਨ ਇਸ਼ਕ ਦੇ ਗਲ ਬਾਹੀਂ ਪਾ ਲਈਆਂ।

"ਰੋਡਿਆ ਤੂੰ ਮੇਰੇ 'ਤੇ ਕੀ ਜਾਦੂ ਧੂੜ ਦਿੱਤਾ ਹੈ, ਮੈਂ ਸਾਰੀ ਰਾਤ ਪਲ ਲਈ ਵੀ ਸੌਂ ਨਹੀਂ ਸਕੀ। ਤੇਰੇ ਖ਼ਿਆਲਾਂ ਵਿਚ ਮਗਨ ਰਹੀ ਆਂ।" ਹੁਸਨ ਮਚਲਿਆ।

"ਹੁਸਨ ਪਰੀਏ! ਧੰਨੇ ਨੇ ਪੱਥਰ 'ਚੋਂ ਪਾ ਲਿਆ ਏ, ਅੱਜ ਮੇਰੀ ਭਗਤੀ ਪੂਰੀ ਹੋ ਗਈ ਏ। ਤੇਰੇ 'ਚ ਮੈਨੂੰ ਦਾਤਾਰ ਨਜ਼ਰੀਂ ਪਿਆ ਆਉਂਦਾ ਏ। ਜਦੋਂ ਦੀ ਤੂੰ ਮੇਰੇ ਪਾਸੋਂ ਗਈ ਏਂ ਮੈਨੂੰ ਚੈਨ ਨਹੀਂ ਆਇਆ। ਹੁਣ ਤੂੰ ਆ ਗਈ ਏਂ ਜਾਣੀਂ ਸੱਤੇ ਬਹਿਸ਼ਤਾਂ ਮੇਰੀ ਝੋਲੀ ਵਿਚ ਨੇ।" ਰੋਡਾ ਹੁਸੀਨ ਤੋਂ ਹੁਸੀਨ ਹੋ ਰਿਹਾ ਸੀ।

"ਰੋਡਿਆ ਅੱਜ ਅਸੀਂ ਦਿਲਾਂ ਦੇ ਸੌਦੇ ਕਰ ਲਏ ਨੇ, ਤੂੰ ਪੂਰਾ ਉਤਰੀਂ ਕਿਧਰੇ ਮੇਰਾ ਕੱਚ ਜਿਹਾ ਦਿਲ ਤੋੜ ਕੇ ਅਗਾਂਹ ਨਾ ਟੁਰ ਜਾਵੀਂ।"

"ਜਲਾਲੀਏ ਇਹ ਕੀ ਆਂਹਦੀ ਏਂ ਤੂੰ। ਮੈਂ ਏਥੋਂ ਟੁਰ ਜਾਵਾਂਗਾ? ਇਕੋ-ਇਕ ਦਿਲ ਸੀ ਮੇਰਾ ਉਹ ਤੂੰ ਖਸ ਲਿਆ ਏ। ਹੋਰ ਕੀ ਏ ਇਸ ਦੁਨੀਆਂ ਵਿਚ ਮੇਰੇ ਲਈ? ਬਸ ਤੂੰ ਹੀ ਏਂ। ਭਲਾ ਮੈਂ ਤੈਨੂੰ ਕਿਵੇਂ ਛੱਡ ਸਕਦਾ ਹਾਂ। ਤੂੰ ਤੇ ਮੇਰੀ ਜ਼ਿੰਦਗੀ ਏਂ, ਮੇਰਾ ਇਸ਼ਟ ਏਂ। ਡਰ ਹੈ ਜਲਾਲੀਏ ਕਿਧਰੇ ਤੂੰ ਲੋਕਾਂ ਦੀ ਬ਼ਦਨਾਮੀ ਤੋਂ ਡਰਦੀ ਆਪਣਾ ਪਿਆਰਾ ਮੁੱਖ ਮੈਥੋਂ ਨਾ ਮੋੜ ਲਵੀਂ।"

"ਮੈਨੂੰ ਆਪਣੀ ਜਵਾਨੀ ਦੀ ਸੌਂਹ ਰੋੜਿਆ। ਮੈਂ ਲੱਗੀਆਂ ਤੋੜ ਨਿਭਾਵਾਂਗੀ ਮਰ ਜਾਵਾਂਗੀ ਪਰ ਪਿਛਾਂਹ ਨਹੀਂ ਪਰਤਾਂਗੀ। ਤੂੰ ਮੇਰਾ ਹਰ ਰੋਜ਼ ਤੜਕਸਾਰ ਸੂਹਾਂ ਦੇ ਕੰਢੇ ਇੰਤਜ਼ਾਰ ਕਰਿਆ ਕਰੀਂ। ਔਹ ਕੋਈ ਆਉਂਦਾ ਪਿਆ ਏ, ਆਹ ਸਾਂਭ ਲੈ ਮੇਰੀ ਨਿਸ਼ਾਨੀ...।"

ਹੁਣ ਜਲਾਲੀ ਦਾ ਛੱਲਾ ਰੋਡੇ ਦੀ ਉਂਗਲ 'ਤੇ ਸੀ।

ਜਲਾਲੀ ਹਰ ਰੋਜ਼ ਸੂਹਾਂ ਦੇ ਕੰਢੇ ਜਾ ਪੁੱਜਦੀ ਤੇ ਪਿਆਰੇ ਰੋਡੇ ਦਾ ਜਾ ਦੀਦਾਰ ਕਰਦੀ:

*ਉੱਤੇ ਨਦੀ ਦੇ ਜਾਇਕੇ ਰੋਜ਼ ਮਿਲਦੀ*
*ਬਿਨਾਂ ਮਿਲੇ ਦੇ ਨਹੀਂ ਅਧਾਰ ਹੈ ਜੀ*
*ਹੋਏ ਘੜੀ ਵਿਛੋੜੇ ਦੇ ਵਾਂਗ ਸੂਲੀ*
*ਜਾਨ ਹੋਂਵਦੀ ਜੋ ਆਵਾਜ਼ਾਰ ਹੈ ਜੀ*

*ਬਿਨਾਂ ਲੱਗੀਆਂ ਕੋਈ ਨਾ ਜਾਣਦਾ ਹੈ*
*ਜੀਹਨੂੰ ਲੱਗੀਆਂ ਉਸ ਨੂੰ ਸਾਰ ਹੈ ਜੀ*
*ਹੋਈ ਭੁੱਜ ਮਨੂਰ ਲੁਹਾਰ ਬੱਚੀ*
*ਬਣੇ ਘੜੀ ਦਾ ਜੁੱਗ ਚਾਰ ਹੈ ਜੀ*
*ਹੁੰਦੇ ਨਾਗ ਮਲੂਮ ਨੇ ਪੂਣੀਆਂ ਦੇ*
*ਜਦੋਂ ਕੱਤਣ ਜਾਏ ਭੰਡਾਰ ਹੈ ਜੀ*
*ਪਾਇਆ ਭੱਠ ਕਸੀਦੇ ਦੇ ਕੱਢਣੇ ਨੂੰ*
*ਪੈਂਦੀ ਭੁੱਲ ਕੇ ਨਾ ਇਕ ਤਾਰ ਹੈ ਜੀ*
*ਮਿਲੇ ਜਦੋਂ ਜਲਾਲੀ ਜਾ ਯਾਰ ਤਾਈਂ*
*ਓਦੋਂ ਵਸਦਾ ਦਿਸੇ ਸੰਸਾਰ ਹੈ ਜੀ*
*ਕਿਸੇ ਕੰਮ ਦੇ ਵਿਚ ਨਾ ਚਿੱਤ ਲੱਗੇ*
*ਕਰੇ ਆਸ਼ਕੀ ਅਤੀ ਲਾਚਾਰ ਹੈ ਜੀ* *(ਕਿਸ਼ੋਰ ਚੰਦ)*

ਇਸ਼ਕ ਮੁਸ਼ਕ ਕਦੋਂ ਛੁਪਾਇਆਂ ਛੁਪਦੇ ਨੇ। ਜਲਾਲੀ ਅਤੇ ਰੋਡੇ ਦੇ ਇਸ਼ਕ ਦੀ ਚਰਚਾ ਪਿੰਡ ਵਿਚ ਛਿੜ ਪਈ। ਜਲਾਲੀ ਦੇ ਮਾਪਿਆਂ ਦੇ ਕੰਨੀਂ ਵੀ ਉਡਦੀ-ਉਡਦੀ ਭਿਣਕ ਪੈ ਗਈ। ਉਨ੍ਹਾਂ ਨੇ ਉਨ੍ਹਾਂ ਦੇ ਇਸ਼ਕ ਨੂੰ ਪ੍ਰਵਾਨ ਨਾ ਕੀਤਾ। ਉਹ ਤਾਂ ਨਮੋਸ਼ੀ ਦੇ ਮਾਰੇ ਆਪਣੇ ਮੂੰਹ ਲਕੋਈ ਫਿਰਦੇ ਸਨ। ਉਨ੍ਹਾਂ ਨੇ ਜਲਾਲੀ ਨੂੰ ਲੱਖ ਸਮਝਾਇਆ ਪਰੰਤੂ ਉਹ ਪਿਛਾਂਹ ਮੁੜਨ ਵਾਲ਼ੀ ਕਿੱਥੇ ਸੀ। ਉਹਦੇ ਲਈ ਤਾਂ ਰੋਡਾ ਹੀ ਸਭ ਕੁਝ ਸੀ। ਆਖ਼ਰ ਉਨ੍ਹਾਂ ਜਲਾਲੀ ਨੂੰ ਡਰਾਇਆ, ਧਮਕਾਇਆ ਅਤੇ ਆਪਣੀ ਨਿਗਰਾਨੀ ਵਿਚ ਰੱਖਣਾ ਸ਼ੁਰੂ ਕਰ ਦਿੱਤਾ।

ਜਲਾਲੀ ਦਾ ਘਰੋਂ ਬਾਹਰ ਨਿਕਲਣਾ ਬੰਦ ਹੋ ਗਿਆ... ਓਧਰ ਰੋਡਾ ਵੀ ਜਲਾਲੀ ਦਾ ਪਿਆਰਾ ਮੁੱਖੜਾ ਤੱਕਣ ਲਈ ਬੇਕਰਾਰ ਹੋ ਰਿਹਾ ਸੀ। ਆਖ਼ਰ ਉਹਨੇ ਜਲਾਲੀ ਦੇ ਦਰ ਅੱਗੇ ਜਾ ਕੇ ਅਲਖ ਜਗਾਉਣੀ ਸ਼ੁਰੂ ਕਰ ਦਿੱਤੀ। ਉਹ ਉਹਦੇ ਹੱਥੋਂ ਖ਼ੈਰਾਤ ਲਏ ਬਿਨਾਂ ਅਗਾਂਹ ਇਕ ਕਦਮ ਵੀ ਨਾ ਪੁੱਟਦਾ। ਗੱਲ ਏਥੋਂ ਤਕ ਅੱਪੜ ਗਈ ਕਿ ਇਕ ਦਿਨ ਉਹਨੇ ਜਲਾਲੀ ਦੀ ਮਾਂ ਦੇ ਹੱਥੋਂ ਖ਼ੈਰਾਤ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪਰੰਤੂ ਉਹਦੀ ਮਾਂ ਅੜੀ ਰਹੀ... ਸਾਧਾਂ ਦਾ ਹੱਠ ਵੀ ਮਸ਼ਹੂਰ ਐ... ਰੋਡਾ ਉਨ੍ਹਾਂ ਦੇ ਦਰਾਂ ਅੱਗੇ ਹੀ ਧੂਣਾ ਤਪਾ ਕੇ ਬੈਠ ਗਿਆ ਤੇ ਸਮਾਧੀ ਲਾ ਲਈ। ਲੋਕਾਂ ਲਈ ਤਾਂ ਇਹ ਜਗਤ ਤਮਾਸ਼ਾ ਸੀ ਪਰੰਤੂ ਜਲਾਲੀ ਦੀ ਮਾਂ ਤਾਂ ਨਮੋਸ਼ੀ ਦੀ ਮਾਰੀ ਧਰਤੀ ਵਿਚ ਨਿਘਰਦੀ ਜਾ ਰਹੀ ਸੀ। ਉਹਨੇ ਉਸ ਨੂੰ ਧੂਣਾ ਚੁੱਕਣ ਲਈ ਬਹੁਤੇਰੇ ਵਾਸਤੇ ਪਾਏ। ਜਲਾਲੀ ਨੇ ਵੀ ਉਹਨੂੰ ਬੜਾ ਆਖਿਆ ਪਰੰਤੂ ਰੋਡਾ ਤਾਂ ਉਹਦੇ ਦੀਦਾਰ ਲਈ ਤੜਪ ਰਿਹਾ ਸੀ:

ਕਿੱਥੋਂ ਵੇ ਤੇ ਤੂੰ ਆਇਆ
ਜਾਣਾ ਕਿਹੜੇ ਦੇਸ ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋੜਿਆ

ਪੱਛਮ ਤੋਂ ਨੀ ਮੈਂ ਆਇਆ
ਜਾਣਾ ਦੱਖਣ ਦੇਸ ਨੀ ਲੁਹਾਰੀਏ
ਭਲਾ ਸਾਲੂ ਵਾਲ਼ੀਏ ਨੀ ਗੋਰੀਏ

ਜੇ ਤੂੰ ਭੁੱਖਾ ਰੋਟੀ ਦਾ ਵੇ
ਲੱਡੂਆ ਦਿੰਨੀ ਆਂ ਮੰਗਾ
ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋੜਿਆ

ਨਾ ਮੈਂ ਭੁੱਖਾ ਰੋਟੀ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲ਼ੀਏ ਨੀ ਗੋਰੀਏ

ਜੇ ਤੂੰ ਪਿਆਸਾ ਪਾਣੀ ਦਾ ਵੇ
ਦੁਧੂਆ ਦਿੰਨੀ ਆਂ ਮੰਗ਼ਾ ਵੇ ਫਕੀਰਾ
ਭਲਾ ਵੇ ਦਲਾਲਿਆ
ਵੇ ਰੋੜਿਆ

ਨਾ ਮੈਂ ਪਿਆਸਾ ਪਾਣੀ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲ਼ੀਏ ਨੀ ਗੋਰੀਏ

ਜੇ ਤੂੰ ਨੰਗਾ ਬਸਤਰ ਦਾ ਵੇ
ਬਸਤਰ ਦਿੰਨੀ ਆਂ ਸਮਾਂ
ਵੇ ਫ਼ਕੀਰਾ
ਭਲਾ ਵੇ ਦਲਾਲਿਆ ਵੇ ਰੋੜਿਆ

ਨਾ ਮੈਂ ਨੰਗਾ ਬਸਤਰ ਦਾ ਨੀ
ਲੈਣਾ ਤੇਰਾ ਦੀਦਾਰ

*ਨੀ ਲੁਹਾਰੀਏ*
*ਭਲਾ ਸਾਲੂ ਵਾਲ਼ੀਏ ਨੀ ਗੋਰੀਏ*

*ਜੇ ਤੂੰ ਭੁੱਖਾ ਰੰਨਾਂ ਦੇ ਵੇ*
*ਵਿਆਹ ਦਿੰਨੀ ਆਂ ਕਰਵਾ*
*ਵੇ ਫ਼ਕੀਰਾ*
*ਭਲਾ ਵੇ ਦਲਾਲਿਆ ਵੇ ਰੋਡਿਆ*

*ਨਾ ਮੈਂ ਭੁੱਖਾ ਰੰਨਾਂ ਦਾ ਨੀ*
*ਲੈਣਾ ਤੇਰਾ ਦੀਦਾਰ*
*ਨੀ ਲੁਹਾਰੀਏ*
*ਭਲਾ ਸਾਲੂ ਵਾਲ਼ੀਏ ਨੀ ਗੋਰੀਏ*

*ਦਰ ਵਿਚੋਂ ਧੂਣਾ ਚੁੱਕ ਲੈ ਵੇ*
*ਬਾਹਰੋਂ ਆਜੂ ਮੇਰਾ ਬਾਪ*
*ਵੇ ਫ਼ਕੀਰਾ*
*ਭਲਾ ਵੇ ਦਲਾਲਿਆ ਵੇ ਰੋਡਿਆ*

*ਦਰ ਵਿਚੋਂ ਧੂਣਾ ਨਾ ਚੁੱਕਣਾ ਨੀ*
*ਲੈਣਾ ਤੇਰਾ ਦੀਦਾਰ*
*ਨੀ ਲੁਹਾਰੀਏ*
*ਭਲਾ ਸਾਲੂ ਵਾਲ਼ੀਏ ਨੀ ਗੋਰੀਏ*

ਪਰੰਤੂ ਰੋਡੇ ਨੇ ਜਲਾਲੀ ਦੇ ਦਰਾਂ ਅੱਗੋਂ ਧੂਣਾ ਨਾ ਚੁੱਕਿਆ। ਗੁੱਸੇ ਵਿਚ ਆਏ ਜਲਾਲੀ ਦੇ ਭਰਾਵਾਂ ਨੇ ਉਹਨੂੰ ਮਾਰ-ਮਾਰ ਕੇ ਅਧਮੋਇਆ ਕਰ ਸੁੱਟਿਆ ਅਤੇ ਰਾਤ ਸਮੇਂ ਸੁਹਾਂ ਨਦੀ ਵਿਚ ਹੜ੍ਹਾ ਆਏ। ਕੁਦਰਤ ਦਾ ਕੋਈ ਪਾਰਾਵਾਰ ਨਹੀਂ ਰੋਡਾ ਨਦੀ ਵਿਚੋਂ ਬਚ ਨਿਕਲਿਆ ਤੇ ਅਗਲੀ ਭਲਕ ਆ ਕੇ ਉਹਨੇ ਜਲਾਲੀ ਦੇ ਦਰਾਂ ਅੱਗੇ ਮੁੜ ਧੂਣਾ ਤਪਾ ਦਿੱਤਾ।

ਜਲਾਲੀ ਅੰਦਰ ਨਰੜੀ ਪਈ ਤੜਪਦੀ ਰਹੀ। ਕਹਿੰਦੇ ਨੇ ਜਲਾਲੀ ਦੇ ਭਰਾਵਾਂ ਨੂੰ ਰੋਡੇ ਦੇ ਦੁਬਾਰਾ ਮੁੜ ਆਣ 'ਤੇ ਐਨਾ ਗੁੱਸਾ ਚੜ੍ਹਿਆ ਕਿ ਉਨ੍ਹਾਂ ਨੇ ਉਹਦੇ ਟੁਕੜੇ-ਟੁਕੜੇ ਕਰਕੇ ਖੂਹ ਵਿਚ ਸੁੱਟ ਦਿੱਤਾ ਅਤੇ ਮਗਰੋਂ ਜਲਾਲੀ ਨੂੰ ਵੀ ਮਾਰ ਮੁਕਾਇਆ।

ਇਸ ਪ੍ਰੀਤ ਕਥਾ ਦਾ ਅੰਤ ਇਸ ਪ੍ਰਕਾਰ ਵੀ ਦੱਸਿਆ ਜਾਂਦਾ ਹੈ ਕਿ

ਜਲਾਲੀ ਦੀ ਮਾਂ ਨੇ ਰੋਡੇ ਨੂੰ ਗਲੋਂ ਲਾਹੁਣ ਲਈ ਧੂਣਾ ਤਾਪਦੇ ਰੋਡੇ ਕੋਲ਼ ਜਾ ਕੇ ਆਖਿਆ, "ਰੋਡਿਆ ਤੇਰੀ ਜਲਾਲੀ ਕਈ ਦਿਨਾਂ ਦੀ ਅੰਦਰ ਬਿਮਾਰ ਪਈ ਹੈ, ਹਕੀਮ ਆਂਹਦੇ ਨੇ ਉਹ ਤਦ ਹੀ ਬਚ ਸਕਦੀ ਐ ਜੇ ਉਹਨੂੰ ਕਿਧਰੋਂ ਸ਼ੇਰਨੀ ਦਾ ਦੁੱਧ ਮਿਲ ਜਾਵੇ। ਜੇ ਤੂੰ ਸ਼ੇਰਨੀ ਦਾ ਦੁੱਧ ਲਿਆ ਦੇਵੇਂ ਤਾਂ ਅਸੀਂ ਜਲਾਲੀ ਦਾ ਤੇਰੇ ਨਾਲ਼ ਵਿਆਹ ਕਰ ਦੇਵਾਂਗਾ।"

ਇਹ ਸੁਣਦੇ ਸਾਰ ਹੀ ਰੋਡਾ ਸ਼ੇਰਨੀ ਦੇ ਦੁੱਧ ਦੀ ਭਾਲ਼ ਵਿਚ ਜੰਗਲਾਂ ਵਲ ਨੂੰ ਨੱਸ ਟੁਰਿਆ।

ਜਦੋਂ ਜਲਾਲੀ ਨੇ ਆਪਣੀ ਮਾਂ ਦੀ ਰੋਡੇ ਨੂੰ ਸ਼ੇਰਾਂ ਕੋਲੋਂ ਮਰਵਾਉਣ ਦੀ ਇਹ ਵਿਉਂਤ ਸੁਣੀ ਤਾਂ ਉਹ ਵੀ ਰੋਡਾ-ਰੋਡਾ ਕੂਕਦੀ ਰੋਡੇ ਦੇ ਮਗਰ ਜੰਗਲ ਵਿਚ ਜਾ ਪੁੱਜੀ। ਜੰਗਲ ਵਿਚ ਦੋਵੇਂ ਮਿਲ ਪਏ ਜਾਂ ਦੋਵਾਂ ਨੂੰ ਜੰਗਲੀ ਜਾਨਵਰਾਂ ਨੇ ਮਾਰ ਮੁਕਾਇਆ, ਇਸ ਬਾਰੇ ਕੋਈ ਕੁਝ ਨਹੀਂ ਜਾਣਦਾ। ਪਰੰਤੂ ਇਸ ਪ੍ਰੀਤ ਗਾਥਾ ਨੂੰ ਪੰਜਾਬੀ ਲੋਕ ਮਨ ਨੇ ਅਜੇ ਤੀਕਰ ਨਹੀਂ ਵਿਸਾਰਿਆ। ਜਲਾਲੀ ਦਾ ਗੀਤ ਉਨ੍ਹਾਂ ਦੇ ਚੇਤਿਆਂ ਵਿਚ ਅੱਜ ਵੀ ਸੱਜਰਾ ਹੈ।

●●●

# ਸੂਚੀ ਕਿੱਸਾਕਾਰ

## ਹੀਰ ਰਾਂਝਾ

1. ਅਹਿਮਦ ਯਾਰ
2. ਅਹਿਮਦ ਗੁੱਜਰ
3. ਸੱਯਦ ਮੀਰਾਂ ਸ਼ਾਹ
4. ਸੂਬਾ ਸਿੰਘ
5. ਹਜ਼ੂਰਾ ਸਿੰਘ
6. ਹਾਸ਼ਮ
7. ਹਾਸ਼ਮ ਸ਼ਾਹ
8. ਹਾਮਿਦ
9. ਹੁਸੈਨ
10. ਕਾਹਨ ਸਿੰਘ
11. ਕਿਸ਼ਨ ਸਿੰਘ ਆਰਿਫ਼
12. ਗੁਰਦਾਸ ਗੁਣੀ
13. ਗੋਕਲ ਚੰਦ
14. ਚੰਨਣ ਸਿੰਘ, ਭਾਨ ਸਿੰਘ
15. ਜੋਗ ਸਿੰਘ
16. ਦਮੋਦਰ
17. ਨਰੈਣ ਸਿੰਘ
18. ਪੀਰ ਮੁਹੰਮਦ ਸ਼ਾਹ
19. ਪੀਰਾਂ ਦਿੱਤਾ
20. ਫ਼ਜ਼ਲ ਸ਼ਾਹ
21. ਬਾਵਾ ਬੰਸੀ ਲਾਲ
22. ਭਗਵਾਨ ਸਿੰਘ
23. ਮੀਆਂ ਅਸ਼ਰਫ਼
24. ਮੁਕਬਲ
25. ਮੌਲਾ ਬਖ਼ਸ਼ ਕੁਸ਼ਤਾ
26. ਮੌਲਵੀ ਨੂਰ ਉਦੀਨ
27. ਮੌਲਾ ਬਖ਼ਸ਼
28. ਰਣ ਸਿੰਘ
29. ਰੌਸ਼ਨ
30. ਲਾਲ ਸਿੰਘ
31. ਲਾਹੌਰੀ ਸਿੰਘ
32. ਵਾਰਿਸ ਸ਼ਾਹ
33. ਵੀਰ ਸਿੰਘ

## ਸੱਸੀ ਪੁੰਨੂੰ

1. ਅਹਿਮਦ ਯਾਰ
2. ਇੰਦਰ ਸਿੰਘ ਮਸਕੀਨ
3. ਹਰਨਾਮ ਸਿੰਘ
4. ਹਾਸ਼ਮ
5. ਹਾਫ਼ਜ਼ ਬਰਖੁਰਦਾਰ
6. ਕਰੀਮ ਬਖ਼ਸ਼
7. ਗੁਲਾਮ ਰਸੂਲ
8. ਨੱਥਾ ਸਿੰਘ
9. ਫ਼ਜ਼ਲ ਸ਼ਾਹ
10. ਛੱਜੂ ਸਿੰਘ

11. ਬਾਬਾ ਮੇਹਰ ਸਿੰਘ
12. ਮੀਆਂ ਬਹਿਬਲ
13. ਮਿਲਖੀ
14. ਮੁਹੰਮਦ ਬੂਟਾ ਗੁਜਰਾਤੀ
15. ਮੋਹਨ ਲਾਲ
16. ਮੌਲਾ ਸ਼ਾਹ ਕਾਦਰੀ
17. ਲਖ ਸ਼ਾਹ

**ਸੋਹਣੀ ਮਹੀਂਵਾਲ**

1. ਅਹਿਮਦ ਯਾਰ
2. ਸਾਧੂ ਸਦਾ ਰਾਮ
3. ਸੁੰਦਰ ਸਿੰਘ
4. ਸੱਯਦ ਝੰਡੇ ਸ਼ਾਹ
5. ਸਦਾ ਰਾਮ (ਪੰਡਤ)
6. ਸ਼ੇਰ ਮੁਹੰਮਦ
7. ਹਾਸ਼ਮ
8. ਹਾਫ਼ਿਜ਼ ਬਰਖੁਰਦਾਰ
9. ਕਾਦਰ ਯਾਰ
10. ਗੰਗਾ ਰਾਮ
11. ਗੁਪਾਲ ਸਿੰਘ
12. ਜੀਵਾ ਸਿੰਘ
13. ਜੋਧ ਸਿੰਘ
14. ਪਾਲ ਸਿੰਘ ਆਰਿਫ਼
15. ਫ਼ਜ਼ਲ ਸ਼ਾਹ
16. ਫ਼ਜ਼ਲ ਦੀਨ
17. ਫ਼ਕੀਰ ਅਕਬਰ ਸ਼ਾਹ
18. ਬਜ਼ਾਰਾ ਸਿੰਘ
19. ਬਾਘ ਸਿੰਘ
20. ਬਿਸ਼ਨ ਸਿੰਘ
21. ਭਗਵਾਨ ਸਿੰਘ
22. ਭਾਈ ਮਿਤ ਸਿੰਘ
23. ਮਾਨ ਦਾਸ
24. ਮੀਆਂ ਮੁਹੰਮਦ
25. ਮੀਰਾਂ ਸ਼ਾਹ
26. ਮੁਹੰਮਦ ਬਖ਼ਸ਼
27. ਮੁਹੰਮਦ ਦੀਨ ਕਾਦਰੀ
28. ਮੁਹੰਮਦ ਬੂਟਾ ਗੁਜਰਾਤੀ
29. ਮੁਸ਼ਤਾਕ ਰਜ਼ਾ
30. ਮੌਲਾ ਸ਼ਾਹ

**ਮਿਰਜ਼ਾ ਸਾਹਿਬਾਂ**

1. ਅਹਿਮਦ ਯਾਰ
2. ਸਰਜੂ ਰਾਮ
3. ਹਾਫ਼ਜ਼ ਬਰਖੁਰਦਾਰ
4. ਜੀਵਾ ਸਿੰਘ
5. ਪੀਲੂ
6. ਫ਼ਕੀਰ ਮੁਹੰਮਦ ਸ਼ਾਹ
7. ਬੂਟਾ ਗੁਜਰਾਤੀ
8. ਭਗਵਾਨ ਸਿੰਘ
9. ਮੀਆਂ ਸ਼ੇਰ ਮੁਹੰਮਦ
10. ਮੀਆਂ ਮੁਹੰਮਦ
11. ਮੁਹੰਮਦ ਬਖ਼ਸ਼
12. ਮੁਹੰਮਦ ਉਲਦੀਨ ਕਾਦਰੀ
13. ਮੌਲਵੀ ਮੁਹੰਮਦ ਨਿਜ਼ਾਮੀ

**ਕੀਮਾ ਮਲਕੀ**

1. ਹਸ਼ਮਤ ਸ਼ਾਹ
2. ਬਖ਼ਸ਼ੀ ਈਸਾਈ

**ਕਾਕਾ ਪਰਤਾਪੀ**

1. ਈਸ਼ਰ ਸਿੰਘ
2. ਗੁਰਦਿੱਤ ਸਿੰਘ
3. ਗੁਰਦਿਆਲ ਸਿੰਘ
4. ਗੋਕਲ ਚੰਦ
5. ਚੌਧਰੀ ਘਸੀਟਾ
6. ਛੱਜੂ ਸਿੰਘ

**ਸੋਹਣਾ ਜ਼ੈਨੀ**

1. ਜਲਾਲ
2. ਬਖ਼ਸ਼ੀ ਈਸਾਈ
3. ਮੁਨਸ਼ੀ ਖਾਹਸ਼ ਅਲੀ
4. ਬੱਲੂ ਰਾਮ ਬਾਜ਼ੀਗਰ

**ਇੰਦਰ ਬੇਗੋ**

1. ਛੱਜੂ ਸਿੰਘ
2. ਨਰੈਣ ਸਿੰਘ
3. ਪੂਰਨ ਚੰਦ
4. ਮੰਗਤ ਰਾਮ

**ਰੋਡਾ ਜਲਾਲੀ**

1. ਕਿਸ਼ੋਰ ਚੰਦ ਬੱਦੋਵਾਲੀਆ
2. ਮੁਹੰਮਦ ਬੂਟਾ ਗੁਜਰਾਤੀ

**ਪੂਰਨ ਭਗਤ**

1. ਸਾਧੂ ਸਾਹਿਬ ਸਿੰਘ
2. ਹਰਦਮ ਮਸਤ (ਵਾਸੀ ਚਕਵਾਲ)
3. ਕਲਿਆਣ ਦਾਸ
4. ਕਾਦਰ ਯਾਰ
5. ਕਾਲੀਦਾਸ ਮਰਹੂਮ
6. ਕਾਲੀਦਾਸ ਗੁਜਰਾਂਵਾਲੀਆ
7. ਕਿਸ਼ਨ ਸਿੰਘ ਆਰਿਫ਼
8. ਖ਼ੁਸ਼ਹਾਲ ਸਿੰਘ
9. ਦੇਵਾ ਸਿੰਘ
10. ਨੰਦ ਸਿੰਘ
11. ਬਾਲਕ ਰਾਮ
12. ਰਾਮ ਨਰਾਇਣ
13. ਨੱਥੂ ਰਾਮ

**ਭਰਥਰੀ ਹਰੀ**

1. ਧਨੀ ਰਾਮ ਚਾਤ੍ਰਿਕ
2. ਕਾਲੀਦਾਸ ਗੁਜਰਾਂਵਾਲੀਆ

**ਰੂਪ ਬਸੰਤ**

1. ਦੌਲਤ ਰਾਮ
2. ਕਾਲੀਦਾਸ ਗੁਜਰਾਂਵਾਲੀਆ

**ਰਾਜਾ ਰਸਾਲੂ**

1. ਕਾਦਰ ਯਾਰ
2. ਕਾਲੀਦਾਸ ਗੁਜਰਾਂਵਾਲੀਆ
3. ਕਿਸ਼ਨ ਸਿੰਘ ਆਰਿਫ਼
4. ਦੌਲਤ ਰਾਮ

**ਦੁੱਲਾ ਭੱਟੀ**

1. ਕਿਸ਼ਨ ਸਿੰਘ ਆਰਿਫ਼
2. ਪਾਲੀ ਸਿੰਘ ਕਵੀਸ਼ਰ

**ਜੀਊਣਾ ਮੌੜ**

1. ਭਗਵਾਨ ਸਿੰਘ

**ਸੁੱਚਾ ਸਿੰਘ ਸੂਰਮਾ**

1. ਸ਼ਿਆਮ ਸਿੰਘ
2. ਗੁਰਮੁਖ ਸਿੰਘ ਬੇਦੀ
3. ਛੱਜੂ ਸਿੰਘ
4. ਰਜਬ ਅਲੀ
5. ਗੰਗਾ ਦੀਨ

# ਪੁਸਤਕ ਸੂਚੀ


**ਅੰਗਰੇਜ਼ੀ:**

1. ਦੀ ਲੀਜੇਂਡਜ਼ ਆਫ਼ ਦੀ ਪੰਜਾਬ (1845), ਆਰ.ਜੀ. ਹੇਨਪਾਲ
2. ਦੀ ਲੀਜੇਂਡਜ਼ ਆਫ਼ ਦੀ ਪੰਜਾਬ (1885), ਆਰ.ਸੀ. ਟੈਂਪਲ
3. ਟੇਲਜ਼ ਆਫ਼ ਦੀ ਪੰਜਾਬ (1894), ਐਫ਼.ਸੀ. ਸਟੀਲ
4. ਰੋਮਾਂਟਿਕ ਟ੍ਰੇਲਜ਼ ਫਰਾਮ ਦੀ ਪੰਜਾਬ (1903), ਸੀ. ਸਵਿਨਰਟਨ

**ਪੰਜਾਬੀ:**

1. ਪੰਜਾਬੀ ਭੌਰੇ (1932), ਤੇਜਾ ਸਿੰਘ ਤੇ ਸ.ਸ. ਅਮੋਲ
2. ਪੰਜਾਬ ਦੀਆਂ ਪ੍ਰੀਤ ਕਹਾਣੀਆਂ (1944), ਸੁਰਿੰਦਰ ਸਿੰਘ ਕੋਹਲੀ
3. ਪ੍ਰੀਤ ਕਹਾਣੀਆਂ (1957), ਮਹਿੰਦਰ ਸਿੰਘ ਰੰਧਾਵਾ (ਸੰਪਾਦਕ)
4. ਪੰਜਾਬ (1960), ਮਹਿੰਦਰ ਸਿੰਘ ਰੰਧਾਵਾ (ਸੰਪਾਦਕ)
5. ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ (1960), ਗੁਰਬਖ਼ਸ਼ ਸਿੰਘ
6. ਨੈਣਾਂ ਦੇ ਵਣਜਾਰੇ (1962), ਸੁਖਦੇਵ ਮਾਦਪੁਰੀ
7. ਰਾਜਾ ਰਸਾਲੂ (1970), ਬਾਵਾ ਬੁੱਧ ਸਿੰਘ
8. ਕਿੱਸਾ ਪੰਜਾਬ (1972), ਡਾ. ਹਰਿਭਜਨ ਸਿੰਘ (ਸੰਪਾਦਕ)
9. ਮਹਿਕ ਪੰਜਾਬ ਦੀ (2004), ਸੁਖਦੇਵ ਮਾਦਪੁਰੀ
10. ਪੰਜਾਬ ਦੇ ਲੋਕ ਨਾਇਕ (2005), ਸੁਖਦੇਵ ਮਾਦਪੁਰੀ

PR88457
398.209545 MA- P



ਬਚਪਨ ਤੋਂ ਹੀ ਲੋਕ ਗਾਥਾਵਾਂ ਮੇਰੀ ਅੰਤਰ-ਆਤਮਾ ਵਿਚ ਰਮੀਆਂ ਹੋਈਆਂ ਹਨ। ਵਿਆਹ ਸ਼ਾਦੀ ਦੇ ਅਵਸਰ 'ਤੇ ਜਦੋਂ ਸਾਡੇ ਪਿੰਡਾਂ ਵਿਚ ਬਰਾਤਾਂ ਤਿੰਨ-ਤਿੰਨ ਦਿਨ ਠਹਿਰਦੀਆਂ ਸਨ ਤਾਂ ਗੱਭਲੇ ਦਿਨ ਬਰਾਤ ਨਾਲ਼ ਆਏ ਢਾਡੀਆਂ ਅਤੇ ਕਵੀਸ਼ਰਾਂ ਨੇ ਅਖਾੜੇ ਲਾਉਣੇ। ਉਨ੍ਹਾਂ ਪਾਸੋਂ ਹੀਰ-ਰਾਂਝਾ, ਸੱਸੀ-ਪੁੰਨੂੰ, ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ ਦੀਆਂ ਪ੍ਰੀਤ ਗਾਥਾਵਾਂ ਤੋਂ ਇਲਾਵਾ ਪੂਰਨ ਭਗਤ, ਰਾਜਾ ਰਸਾਲੂ, ਦੁੱਲਾ ਭੱਟੀ, ਰਾਜਾ ਭਰਥਰੀ, ਸੁੱਚਾ ਸੂਰਮਾ ਅਤੇ ਜੀਊਣਾ ਮੌੜ ਵਰਗੇ ਸੂਰਮਿਆਂ ਦੀਆਂ ਵੀਰ ਰਸੀ ਗਾਥਾਵਾਂ ਸੁਣ ਕੇ ਅਨੂਠਾ ਆਨੰਦ ਮਾਣਨਾ। ਮੇਲਿਆਂ ਮਸਾਵਿਆਂ 'ਤੇ ਵੀ ਗਮੰਤਰੀ ਅਖਾੜੇ ਲਾਉਂਦੇ ਜਿਥੇ ਉਹ ਪੰਜਾਬੀ ਲੋਕ ਗਾਥਾਵਾਂ ਗਾ ਕੇ ਸਰੋਤਿਆਂ ਦਾ ਮਨੋਰੰਜਨ ਕਰਦੇ। ਲੋਕੀ ਹੁੰਮ ਹੁੰਮਾ ਕੇ ਉਨ੍ਹਾਂ ਨੂੰ ਸੁਣਨ ਜਾਂਦੇ ਸਨ। ਪੁਰਾਣੇ ਸਮੇਂ ਤੋਂ ਹੀ ਲੋਕ ਗਾਥਾਵਾਂ ਪੰਜਾਬੀ ਲੋਕ ਮਾਨਸ ਦੇ ਮਨੋਰੰਜਨ ਦਾ ਪ੍ਰਮੁੱਖ ਸਾਧਨ ਰਹੀਆਂ ਹਨ।

ਇਹ ਸਾਰੀਆਂ ਪ੍ਰੀਤ ਗਾਥਾਵਾਂ ਮੱਧਕਾਲ ਵਿਚ ਵਾਪਰੀਆਂ ਸਨ। ਪਹਿਲਾਂ ਇਹ ਲੋਕ ਮਾਨਸ ਦੇ ਚੇਤਿਆਂ ਵਿਚ ਸਾਂਭੀਆਂ ਹੋਈਆਂ ਸਨ। ਲੋਕ ਚੇਤਿਆਂ ਤੋਂ ਸੁਣ ਕੇ ਮੱਧਕਾਲ ਦੇ ਕਿੱਸਾਕਾਰਾਂ ਨੇ ਇਨ੍ਹਾਂ ਨੂੰ ਆਪਣੇ ਕਿੱਸਿਆਂ ਵਿਚ ਪੇਸ਼ ਕੀਤਾ ਹੈ। ਸੈਂਕੜਿਆਂ ਦੀ ਗਿਣਤੀ ਵਿਚ ਇਹ ਕਿੱਸੇ ਉਪਲਬਧ ਹਨ। ਵਾਰਸ ਦੀ ਹੀਰ, ਫ਼ਜ਼ਲ ਸ਼ਾਹ ਦੀ ਸੋਹਣੀ, ਪੀਲੂ ਦਾ ਮਿਰਜ਼ਾ ਅਤੇ ਹਾਸ਼ਮ ਦੀ ਸੱਸੀ ਪੰਜਾਬੀ ਕਿੱਸਾ-ਕਾਵਿ ਦੀਆਂ ਅਮਰ ਰਚਨਾਵਾਂ ਹਨ।

ਲੋਕ ਗਾਥਾਵਾਂ ਪੰਜਾਬੀ ਵਿਰਾਸਤ ਦਾ ਵੱਡਮੁੱਲਾ ਸਰਮਾਇਆ ਹਨ, ਜਿਨ੍ਹਾਂ ਵਿਚ ਪੰਜਾਬ ਦੀ ਆਤਮਾ ਵਿਦਮਾਨ ਹੈ। ਇਹ ਚਸ਼ਮੇ ਦੇ ਪਾਣੀ ਵਾਂਗ ਅੱਜ ਵੀ ਸਜਰੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ/ਸੁਣ ਕੇ ਪੰਜਾਬੀ ਮਨ ਆਤਮਕ ਅਤੇ ਬੋਧਕ ਆਨੰਦ ਪ੍ਰਾਪਤ ਕਰਦਾ ਹੈ।

-ਸੁਖਦੇਵ ਮਾਦਪੁਰੀ

ਚਿੱਤਰ : ਜਰਨੈਲ ਸਿੰਘ

ISBN 817883971-7

9 788178 839714

*Punjabi Lok Gathawan*

₹ 225/-

**Chetna Parkashan**

Punjabi Bhawan, **Ludhiana**-141001
(Pb.) INDIA. Ph. 0161-2413613, 2404928
B.O. : Qila Road, Opp. Bus Stand,
**Kotkapura**. Ph. +91-1635-222651
website: www.chetnaparkashan.com